Space for Available for Advertising
WWW.PREETNEWS.COM
WWW.PREETNAMA.COM
preetnamausa@gmail.com

ਨਿਊਯਾਰਕ
# ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
Online and Print Media +1 201-312-4180 +1 917-328-8436

ਇਸ ਦੁਨੀਆ ਵਿਚ ਜੇਕਰ ਕਿਸੇ ਦਾ ਵਿਸ਼ਵਾਸ ਕਰਨਾ ਹੈ ਤਾਂ ਆਪਣੇ ਮਾਂ ਬਾਪ ਦਾ ਕਰੋ, ਜੋ ਤੁਹਾਨੂੰ ਕਦੇ ਵੀ ਧੋਖਾ ਨਹੀਂ ਦਿੰਦੇ

ਪ੍ਰਿਤਪਾਲ ਕੌਰ ਪ੍ਰੀਤ
Preetnamausa@gmail.com

ਸਾਲ 4, ਅੰਕ 323, 03 ਅਕਤੂਬਰ ਤੋਂ 09 ਅਕਤੂਬਰ, 2025 ਵੈਬਸਾਈਟ : www.preetnama.com, www.preetnews.com ਈਮੇਲ preetnamausa@gmail.com

# ਅਮਰੀਕੀ ਡਿਫੈਂਸ ਸੈਕਰੇਟਰੀ ਨੇ ਦਾੜ੍ਹੀ ਨੂੰ ਲੈ ਕੇ ਕੀ ਕਿਹਾ ਜਿਸ ਬਾਰੇ ਸਿੱਖ ਸੰਗਠਨ ਜਤਾ ਰਹੇ ਇਤਰਾਜ਼



ਅਮਰੀਕਾ ਦੇ ਡਿਫੈਂਸ ਸੈਕਰੇਟਰੀ ਪੀਟ ਹੈਗਥੇਸ ਵੱਲੋਂ ਇੱਕ ਭਾਸ਼ਣ ਦੌਰਾਨ ਅਮਰੀਕੀ ਫੌਜ ਵਿੱਚ ਦਾੜ੍ਹੀ ਨੂੰ ਲੈ ਕੇ ਕੀਤੀ ਗਈ ਟਿੱਪਣੀ ਤੋਂ ਬਾਅਦ ਸਿੱਖ ਜਥੇਬੰਦੀਆਂ ਚਿੰਤਾ ਅਤੇ ਰੋਹ ਵਿੱਚ ਹਨ। ਹੇਗਸੇਥ ਇੱਕ ਸਾਬਕਾ ਆਰਮੀ ਨੈਸ਼ਨਲ ਗਾਰਡ ਅਧਿਕਾਰੀ ਹਨ ਅਤੇ ਆਪਣੇ ਭਾਸ਼ਣ ਦੌਰਾਨ ਉਨ੍ਹਾਂ ਕਿਹਾ ਕਿ ”ਹੁਣ ਹੋਰ ਦਾੜ੍ਹੀ ਨਹੀਂ, ਲੰਬੇ ਵਾਲ ਨਹੀਂ, ਸਤਹੀ ਵਿਅਕਤੀਗਤ ਪ੍ਰਗਟਾਵਾ ਨਹੀਂ। ਜੇ ਤੁਸੀਂ ਦਾੜ੍ਹੀ ਚਾਹੁੰਦੇ ਹੋ, ਤਾਂ ਤੁਸੀਂ ਵਿਸ਼ੇਸ਼ ਬਲਾਂ ਵਿੱਚ ਸ਼ਾਮਲ ਹੋ ਸਕਦੇ ਹੋ, ਜੇ ਨਹੀਂ, ਤਾਂ ਇਸ ਨੂੰ ਮੁੰਨ ਦਿਓ।÷ ਡਿਫੈਂਸ ਸੈਕਰੇਟਰੀ ਦੇ ਬਿਆਨ ਨੂੰ ਲੈ ਕੇ ਹੁਣ ਐੱਸਜੀਪੀਸੀ ਸਣੇ ਵੱਖ-ਵੱਖ ਸਿੱਖ ਜਥੇਬੰਦੀਆਂ ਆਪਣਾ ਵਿਰੋਧ ਜਤਾ ਰਹੀਆਂ ਹਨ।ਹਾਲਾਂਕਿ, ਬੀਬੀਸੀ ਸਹਿਯੋਗੀ ਗਗਨਦੀਪ ਸਿੰਘ ਮੁਤਾਬਕ, ਅਮਰੀਕੀ ਫੌਜ ਨੇ ਅਜਿਹੀ ਕੋਈ ਪਾਲਿਸੀ ਜਾਂ ਨਿਯਮ ਨਹੀਂ ਜਾਰੀ ਕੀਤਾ ਹੈ। ਇਹ ਕੇਵਲ ਡਿਫੈਂਸ ਸੈਕਰੇਟਰੀ ਵੱਲੋਂ ਅਨੁਸ਼ਾਸਨ ਦੇ ਮਾਮਲੇ ’ਚ ਦਿੱਤਾ ਗਿਆ ਇੱਕ ਰੈਫਰੈਂਸ ਸੀ। ਜੇਕਰ ਦਾੜ੍ਹੀ ਸਬੰਧੀ ਕੋਈ ਅਜਿਹਾ ਨਿਯਮ ਬਣਾਇਆ ਜਾਵੇਗਾ ਤਾਂ ਸਿਰਫ਼ ਸਿੱਖਾਂ ਨੂੰ ਨਹੀਂ ਸਗੋਂ ਜਿਊਈਸ਼ ਅਤੇ ਮੁਸਲਿਮ ਲੋਕਾਂ ਲਈ ਵੀ ਲਾਗੂ ਹੋਵੇਗਾ।

**‘ਇਹ ਬਹੁਤ ਮੰਦਭਾਗਾ ਹੈ, ਅਸੀਂ ਇਸ ਨੂੰ ਅਨਿਆਂ ਮੰਨਦੇ ਹਾਂ’**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ ਨੇ ਇਸ ’ਤੇ ਸਖਤ ਇਤਰਾਜ਼ ਪ੍ਰਗਟਾਉਂਦਿਆਂ ਕਿਹਾ ਕਿ ਇਹ ਬਹੁਤ ਹੀ ਦੁੱਖ ਅਤੇ ਚਿੰਤਾ ਦੀ ਗੱਲ ਹੈ ਅਤੇ ਇਸ ਦਾ ਸਿੱਖ, ਮੁਸਲਿਮ ਅਤੇ ਜਿਊਈਸ਼ ਭਾਈਚਾਰੇ ’ਤੇ ਪ੍ਰਭਾਵ ਪਵੇਗਾ।ਐੱਸਜੀਪੀਸੀ ਦੇ ਜਨਰਲ ਸਕੱਤਰ ਗੁਰਚਰਨ ਸਿੰਘ ਗਰੇਵਾਲ ਨੇ ਕਿਹਾ ਕਿ ”ਇਹ ਬਹੁਤ ਮੰਦਭਾਗਾ ਹੈ ਅਤੇ ਅਸੀਂ ਬੇਸ਼ੱਕ ਇਸ ਨੂੰ ਅਨਿਆਂ ਮੰਨਦੇ ਹਾਂ। ਅਮਰੀਕਾ ਵਰਗੇ ਲੋਕਤੰਤਰ ਵਿੱਚ ਸਰਕਾਰ ਦਾ ਕਰਤੱਵ ਹੈ ਕਿ ਉਹ ਸਾਰੇ ਲੋਕਾਂ, ਖਾਸ ਕਰਕੇ ਘੱਟ ਗਿਣਤੀ ਭਾਈਚਾਰਿਆਂ ਦੀਆਂ ਧਾਰਮਿਕ ਭਾਵਨਾਵਾਂ ਦਾ ਸਨਮਾਨ ਕਰੇ।” ਉਨ੍ਹਾਂ ਕਿਹਾ ਕਿ ਕਮੇਟੀ ਇਸ ਮਾਮਲੇ ਨੂੰ ਲੈ ਕੇ ਬਹੁਤ ਗੰਭੀਰ ਹੈ ਅਤੇ ਅਮਰੀਕਾ ਵਿੱਚ ਆਪਣੇ ਸਿੱਖ ਭਾਈਚਾਰੇ ਨੂੰ ਇਸਦੇ ਵਿਰੁੱਧ ਅੱਗੇ ਆਉਣ ਲਈ ਕਹੇਗੀ।ਹਾਲਾਂਕਿ ਉਨ੍ਹਾਂ ਇਹ ਵੀ ਕਿਹਾ ਕਿ ਕੋਈ ਵੀ ਉਮੀਦਵਾਰ ਇਸ ਨਿਯਮ ਸਬੰਧੀ ਛੋਟ ਪ੍ਰਾਪਤ ਕਰਨ ਲਈ ਅਰਜ਼ੀ ਦੇ ਸਕਦਾ ਹੈ।

**ਸਿੱਖ ਕੁਆਇਲੇਸ਼ਨ ਨੇ ਜਤਾਇਆ ਵਿਰੋਧ**

ਸਿੱਖ ਕੁਆਇਲੇਸ਼ਨ ਇੱਕ ਸਿੱਖ ਸੰਸਥਾ ਹੈ ਜੋ ਅਮਰੀਕਾ ਵਿੱਚ ਸਿੱਖਾਂ ਦੇ ਅਧਿਕਾਰਾਂ (ਵਿਸ਼ੇਸ਼ ਤੌਰ ’ਤੇ ਕੰਮ ਦੀਆਂ ਥਾਵਾਂ, ਫੌਜ ਵਿੱਚ ਧਾਰਮਿਕ ਆਜ਼ਾਦੀ) ਲਈ ਕੰਮ ਕਰਦੀ ਹੈ। ਸੰਸਥਾ ਦੀ ਅਧਿਕਾਰਿਤ ਵੈਬਸਾਈਟ ਮੁਤਾਬਕ, ਉਹ ਡਿਫੈਂਸ ਸਕੱਤਰ ਦੀਆਂ ਟਿੱਪਣੀਆਂ ਤੋਂ ਚਿੰਤਤ ਹਨ।ਸੰਸਥਾ ਮੁਤਾਬਕ, ਉਹ ਅਤੇ ਉਸ ਦੇ ਸਹਿਯੋਗੀ ਸਾਲ 2009 ਤੋਂ ਅਮਰੀਕੀ ਫੌਜ ਵਿੱਚ ਸਿੱਖਾਂ ਦੇ ਧਾਰਮਿਕ ਆਜ਼ਾਦੀ ਦੇ ਅਧਿਕਾਰਾਂ ਜਿਵੇ ਦਸਤਾਰ ਸਜਾਉਣ ਅਤੇ ਦਾੜ੍ਹੀ ਰੱਖਣ ਵਰਗੇ ਮਾਮਲਿਆਂ ’ਚ ਆਵਾਜ਼ ਚੁੱਕ ਰਹੇ ਹਨ।

**ਸਿੱਖ ਫੌਜੀ ਨੂੰ ਦਾੜ੍ਹੀ ਮੁੰਨਣ ਬਾਰੇ ਕਹਿਣਾ ਧਰਮ ਛੱਡਣ ਲਈ ਕਹਿਣ ਬਰਾਬਰ**

ਨਾਰਥ ਅਮੈਰੀਕਨ ਪੰਜਾਬੀ ਐਸੋਸੀਏਸ਼ਨ (ਐੱਨਏਪੀਏ) ਨੇ ਇਨ੍ਹਾਂ ਤਾਜ਼ਾ ਦਿਸ਼ਾ-ਨਿਰਦੇਸ਼ਾਂ ਨੂੰ ਲੈ ਕੇ ਡੂੰਘੀ ਚਿੰਤਾ ਪ੍ਰਗਟਾਈ ਹੈ। ਹਿੰਦੁਸਤਾਨ ਟਾਈਮਜ਼ ਦੀ ਰਿਪੋਰਟ ਮੁਤਾਬਕ, ਐੱਨਏਪੀਏ ਦੇ ਕਾਰਜਕਾਰੀ ਨਿਰਦੇਸ਼ਕ ਸਤਨਾਮ ਸਿੰਘ ਚਾਹਲ ਨੇ ਕਿਹਾ ਕਿ ਅਮਰੀਕੀ ਡਿਫੈਂਸ ਸੈਕਰੇਟਰੀ ਪੀਟ ਹੇਗਸੇਥ ਦੇ 30 ਸਤੰਬਰ ਨੂੰ ਮਰੀਨ ਕੋਰ ਬੇਸ ਕੁਆਂਟਿਕੋ ਵਿਖੇ ਦਿੱਤੇ ਭਾਸ਼ਣ ਤੋਂ ਥੋੜ੍ਹੀ ਦੇਰ ਬਾਅਦ ਐਲਾਨੀ ਗਈ ਇਸ ਨੀਤੀ ਨੇ ਸਾਰੀਆਂ (ਫੌਜੀ) ਸ਼ਾਖਾਵਾਂ ਨੂੰ ਗਰੂਮਿੰਗ ਲਈ ’2010 ਤੋਂ ਪਹਿਲਾਂ ਦੇ ਮਿਆਰਾਂ’ ’ਤੇ ਵਾਪਸ ਜਾਣ ਦਾ ਨਿਰਦੇਸ਼ ਦਿੱਤਾ ਹੈ।ਉਨ੍ਹਾਂ ਕਿਹਾ, ÷ਇਹ ਫੈਸਲਾ ਅਨੁਸ਼ਾਸਨ ਜਾਂ ਘਾਤਕਤਾ ਬਾਰੇ ਨਹੀਂ ਹੈ, ਇਹ ਸਮਰਪਿਤ ਫੌਜੀਆਂ ਦੇ ਸਨਮਾਨ ਅਤੇ ਧਾਰਮਿਕ ਪਛਾਣ ਨੂੰ ਖੋਹਣ ਬਾਰੇ ਹੈ ਜੋ ਵਫ਼ਾਦਾਰੀ ਅਤੇ ਸਨਮਾਨ ਨਾਲ ਇਸ ਦੇਸ਼ ਦੀ ਸੇਵਾ ਕਰਦੇ ਹਨ।” ਸਿਖਾਂ ਲਈ ਦਾੜ੍ਹੀ ਦੀ ਅਹਿਮੀਅਤ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ”ਕਿਸੇ ਸਿੱਖ ਫੌਜੀ ਨੂੰ ਆਪਣੀ ਦਾੜ੍ਹੀ ਮੁੰਨਣ ਬਾਰੇ ਕਹਿਣਾ ਉਸ ਨੂੰ ਉਸ ਦਾ ਧਰਮ ਛੱਡਣ ਲਈ ਕਹਿਣ ਬਰਾਬਰ ਹੈ।” ਐੱਨਏਪੀਏ ਨੇ ਰਾਸ਼ਟਰਪਤੀ ਡੌਨਲਡ ਟਰੰਪ, ਕਾਂਗਰਸ ਆਗੂਆਂ ਅਤੇ ਮਨੁੱਖੀ ਅਧਿਕਾਰ ਕਾਰਕੁਨਾਂ ਨੂੰ ਇਸ ਮਾਮਲੇ ’ਚ ਦਖਲ ਦੇਣ ਲਈ ਬੇਨਤੀ ਕੀਤੀ ਹੈ।

**ਇਹ ਫੈਸਲਾ ਸਿੱਖਾਂ ਦੇ ਧਾਰਮਿਕ ਹੱਕਾਂ ਉੱਤੇ ਡਾਕਾ**

’ਆਪ’ ਆਗੂ ਇੰਦਰਬੀਰ ਸਿੰਘ ਨਿੱਝਰ ਨੇ ਕਿਹਾ ਹੈ ਕਿ ਇਹ ਫੈਸਲਾ ਸਿੱਖਾਂ ਦੇ ਧਾਰਮਿਕ ਹੱਕਾਂ ਉੱਤੇ ਡਾਕਾ ਹੈ।ਉਨ੍ਹਾਂ ਮੰਗ ਕੀਤੀ ਕਿ ਅਮਰੀਕੀ ਸਰਕਾਰ ਫੌਜੀਆਂ ਦੇ ਦਾੜ੍ਹੀ ਰੱਖਣ ਉੱਤੇ ਲਾਈ ਪਾਬੰਦੀ ਤੁਰੰਤ ਹਟਾਵੇ। ਉਨ੍ਹਾਂ ਕੇਂਦਰ ਸਰਕਾਰ ਨੂੰ ਵੀ ਅਪੀਲ ਕੀਤੀ ਕਿ ਉਹ ਤੁਰੰਤ ਅਮਰੀਕੀ ਸਰਕਾਰ ਨਾਲ ਇਸ ਬਾਰੇ ਗੱਲ ਕਰਨ।

**ਅਮਰੀਕੀ ਫੌਜ ’ਚ ਸਿੱਖ ਫੌਜੀਆਂ ਨੂੰ ਮਿਲੇ ਧਾਰਮਿਕ ਆਜ਼ਾਦੀ ਦੇ ਅਧਿਕਾਰ**

ਹਾਲਾਂਕਿ ਅਮਰੀਕੀ ਫੌਜ ਵਿੱਚ ਪਹਿਲਾਂ ਵੀ ਕੁਝ ਮਾਮਲੇ ਸਾਹਮਣੇ ਆਏ ਹਨ ਜਦੋਂ ਸਿੱਖ ਫੌਜੀਆਂ ਨੂੰ ਆਪਣੇ ਧਾਰਮਿਕ ਚਿੰਨ ਧਾਰਨ ਕਰਨ ਦਾ ਅਧਿਕਾਰ ਦਿੱਤਾ ਗਿਆ ਹੈ। ਅਜਿਹਾ ਇੱਕ ਮਾਮਲਾ ਸਾਲ 2016 ਦਾ ਹੈ ਜਦੋਂ ਅਮਰੀਕੀ ਫੌਜ ਵਿੱਚ ਭਰਤੀ ਹੋਣ ਲਈ ਕੈਪਟਨ ਸਿਮਰਤਪਾਲ ਸਿੰਘ ਨੂੰ ਆਪਣੇ ਵਾਲ ਅਤੇ ਦਾੜ੍ਹੀ ਮੁੰਨਣ ਲਈ ਮਜਬੂਰ ਕੀਤਾ ਗਿਆ ਅਤੇ ਉਨ੍ਹਾਂ ਨੇ ਇਸ ਮਾਮਲੇ ਵਿੱਚ ਅਦਾਲਤ ਦਾ ਰੁੱਖ ਕੀਤਾ ਸੀ। ਉਹ ਇਹ ਕੇਸ ਜਿੱਤ ਗਏ ਸਨ ਅਤੇ ਉਨ੍ਹਾਂ ਨੂੰ ਫੌਜ ’ਚ ਰਹਿੰਦਿਆਂ ਦਸਤਾਰ ਸਜਾਉਣ ਅਤੇ ਦਾੜ੍ਹੀ ਰੱਖਣ ਦਾ ਅਧਿਕਾਰ ਮਿਲ ਗਿਆ। ਉਨ੍ਹਾਂ ਦੀ ਇਸ ਜਿੱਤ ਤੋਂ ਬਾਅਦ, ਤਿੰਨ ਹੋਰ ਸਿੱਖ ਫੌਜੀਆਂ ਨੂੰ ਇਹ ਅਧਿਕਾਰ ਦੇ ਦਿੱਤੇ ਗਏ। ਨਿਊਯਾਰਕ ਟਾਈਮਜ਼ ਦੀ ਖ਼ਬਰ ਅਨੁਸਾਰ, ਸਾਲ 2021 ਵਿੱਚ ਮਰੀਨ ਕੈਪਟਨ ਸੁਖਬੀਰ ਸਿੰਘ ਤੂਰ ਨੂੰ ਮਰੀਨ ਕੋਰਪਸ ਵਿੱਚ ਪੱਗ ਬੰਨਣ ਦੀ ਇਜਾਜ਼ਤ ਮਿਲੀ ਸੀ। ਇਹ ਇਜਾਜ਼ਤ ਕੁਝ ਹੋਰ ਲੋਕਾਂ ਨੂੰ ਵੀ ਮਿਲੀ ਸੀ। ਹਾਲਾਂਕਿ ਇਹ ਇਜਾਜ਼ਤ ਆਮ ਡਿਊਟੀ ਕਰਨ ਵੇਲੇ ਹੀ ਮਿਲੀ ਸੀ ਪਰ ਕਿਸੇ ਮਿਸ਼ਨ ਉੱਤੇ ਕੰਮ ਕਰਨ ਵੇਲੇ ਜਾਂ ਮਰੀਨ ਦੇ ਕਿਸੇ ਸਮਾਗਮ ਵੇਲੇ ਇਹ ਇਜਾਜ਼ਤ ਨਹੀਂ ਸੀ।



## ਸੁਖਬੀਰ ਬਾਦਲ ਨੇ ਕੇਂਦਰ ਨੂੰ ਲਿਖਿਆ ਪੱਤਰ



Sukhbir Singh Badal
@officeofssbadal

Sikhs all over the world are deeply anguished and concerned over the US Secretary of Defence Pete Hegseth's statement, effectively banning beards for Sikhs serving in the US defence forces.
On behalf of all Sikhs worldwide , I have written to external affairs minister @DrSJaishankar to request and urge him to take up this issue with the US govt so that this discriminatory direction is not pursued and implemented, and Sikhs continue to be allowed to practise their faith as before in the @USArmy.

6:26 PM · Oct 5, 2025 · 1,371 Views

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇਸ ਬਾਰੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ ’ਤੇ ਲਿਖਿਆ, ”ਦੁਨੀਆਂ ਭਰ ਦੇ ਸਿੱਖ ਅਮਰੀਕੀ ਡਿਫੈਂਸ ਸੈਕਰੇਟਰੀ ਪੀਟ ਹੇਗਸੇਥ ਦੇ ਬਿਆਨ, ਜਿਸ ਵਿੱਚ ਅਮਰੀਕੀ ਰੱਖਿਆ ਬਲਾਂ ਵਿੱਚ ਸੇਵਾ ਕਰਨ ਵਾਲੇ ਸਿੱਖਾਂ ਲਈ ਦਾੜ੍ਹੀ ਰੱਖਣ ’ਤੇ ਪ੍ਰਭਾਵਸ਼ਾਲੀ ਢੰਗ ਨਾਲ ਪਾਬੰਦੀ ਲਗਾਉਣ ਦੀ ਗੱਲ ਕਹੀ ਗਈ ਹੈ, ਤੋਂ ਬਹੁਤ ਦੁਖੀ ਅਤੇ ਚਿੰਤਤ ਹਨ।” ਉਨ੍ਹਾਂ ਅੱਗੇ ਲਿਖਿਆ, ”ਦੁਨੀਆਂ ਭਰ ਦੇ ਸਾਰੇ ਸਿੱਖਾਂ ਵੱਲੋਂ, ਮੈਂ ਵਿਦੇਸ਼ ਮੰਤਰੀ ਡਾਕਟਰ ਐੱਸ ਜੈਸ਼ੰਕਰ ਨੂੰ ਪੱਤਰ ਲਿਖ ਕੇ ਬੇਨਤੀ ਕੀਤੀ ਹੈ ਕਿ ਉਹ ਇਸ ਮੁੱਦੇ ਨੂੰ ਅਮਰੀਕੀ ਸਰਕਾਰ ਅੱਗੇ ਚੁੱਕਣ ਤਾਂ ਜੋ ਇਸ ਪੱਖਪਾਤੀ ਦਿਸ਼ਾ-ਨਿਰਦੇਸ਼ ਨੂੰ ਲਾਗੂ ਨਾ ਕੀਤਾ ਜਾਵੇ ਅਤੇ ਸਿੱਖਾਂ ਨੂੰ ਪਹਿਲਾਂ ਵਾਂਗ ਅਮਰੀਕੀ ਫੌਜ ’ਚ ਆਪਣੇ ਧਰਮ ਮੁਤਾਬਕ ਰਹਿਣ ਦੀ ਇਜਾਜ਼ਤ ਦਿੱਤੀ ਜਾਵੇ।”

Preetnama
ਪ੍ਰੀਤਨਾਮਾ
ਖ਼ਰਾ ਸੱਚ
Khara Sach
On our English language New Website
WWW.PREETNEWS.COM
Chief Editor
Pritpal Kaur
+1 201-312-4180
Vol 4, Issue 324
Website: www.preetnama.com Email preetnamausa@gmail.com
10 OCT TO 16 OCT, 2025


# 14 ਬੱਚਿਆਂ ਦੀਆਂ ਮੌਤਾਂ ਦਾ ਖੰਘ ਦੀ ਦਵਾਈ ਨਾਲ ਕੀ ਸਬੰਧ ਹੈ ? ਮਾਹਰ ਕੀ ਕਹਿੰਦੇ ਹਨ ?

ਬੀਤੇ ਇੱਕ ਮਹੀਨੇ ਮੱਧ ਪ੍ਰਦੇਸ਼ ਦੇ ਛਿੰਦਵਾੜਾ ਵਿੱਚ 11 ਅਤੇ ਰਾਜਸਥਾਨ ਵਿੱਚ 3 ਬੱਚਿਆਂ ਦੀ ਮੌਤ ਨੇ ਦੋਵਾਂ ਸੂਬਿਆਂ ਵਿੱਚ ਬੱਚਿਆਂ ਦੀ ਸਿਹਤ ਬਾਰੇ ਸਵਾਲ ਖੜ੍ਹੇ ਕੀਤੇ ਹਨ। ਇਨ੍ਹਾਂ ਬੱਚਿਆਂ ਦੇ ਪਰਿਵਾਰਾਂ ਦਾ ਕਹਿਣਾ ਹੈ ਕਿ ਖੰਘ ਦੀ ਦਵਾਈ ਭਾਵ ਕਫ ਸਿਰਪ ਲੈਣ ਤੋਂ ਬਾਅਦ ਉਨ੍ਹਾਂ ਦੀ ਸਿਹਤ ਤੇਜ਼ੀ ਨਾਲ ਵਿਗੜ ਗਈ ਅਤੇ ਉਨ੍ਹਾਂ ਨੂੰ ਬਚਾਇਆ ਨਹੀਂ ਜਾ ਸਕਿਆ। ਮੱਧ ਪ੍ਰਦੇਸ਼ ਡਰੱਗ ਕੰਟਰੋਲ ਵਿਭਾਗ ਨੇ ਸ਼ਨੀਵਾਰ ਸਵੇਰੇ ਤਾਮਿਲਨਾਡੂ ਵਿੱਚ ਬਣੇ ਕੋਲਡਰਿਫ ਸਿਰਪ ’ਤੇ ਪਾਬੰਦੀ ਲਗਾ ਦਿੱਤੀ ਹੈ। ਤਾਮਿਲਨਾਡੂ ਡਰੱਗ ਕੰਟਰੋਲ ਵਿਭਾਗ ਦੀ 2 ਅਕਤੂਬਰ ਦੀ ਇੱਕ ਰਿਪੋਰਟ ਦੇ ਅਨੁਸਾਰ, ਕੋਲਡਰਿਫ ਸਿਰਪ ਦੇ ਬੈਚ ਐਸਆਰ-13 ਨੂੰ ਮਿਲਾਵਟੀ ਘੋਸ਼ਿਤ ਕੀਤਾ ਗਿਆ। ਰਿਪੋਰਟ ਦੇ ਅਨੁਸਾਰ, ਸਿਰਪ ਵਿੱਚ 48.6 ਪ੍ਰਤੀਸ਼ਤ ਡਾਈਥੀਲੀਨ ਗਲਾਈਕੋਲ ਪਾਇਆ ਗਿਆ, ਜੋ ਕਿ ਇੱਕ ਜ਼ਹਿਰੀਲਾ ਰਸਾਇਣ ਹੈ ਅਤੇ ਸਿਹਤ ਲਈ ਘਾਤਕ ਹੋ ਸਕਦਾ ਹੈ। ਇਹ ਕਫ ਸਿਰਪ ਤਾਮਿਲਨਾਡੂ ਸਥਿਤ ਸ਼੍ਰੀਸਨ ਫਾਰਮਾਸਿਊਟੀਕਲ ਕੰਪਨੀ ਦੁਆਰਾ ਤਿਆਰ ਕੀਤਾ ਜਾਂਦਾ ਹੈ। ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਮੋਹਨ ਯਾਦਵ ਨੇ ਐਕਸ ’ਤੇ ਲਿਖਿਆ, ਕੋਲਡਰਿਫ ਸਿਰਪ ਕਾਰਨ ਛਿੰਦਵਾੜਾ ਵਿੱਚ ਬੱਚਿਆਂ ਦੀਆਂ ਮੌਤਾਂ ਬਹੁਤ ਦੁਖਦਾਈ ਹਨ। ਇਸ ਸਿਰਪ ਦੀ ਵਿਕਰੀ ’ਤੇ ਪੂਰੇ ਮੱਧ ਪ੍ਰਦੇਸ਼ ਵਿੱਚ ਪਾਬੰਦੀ ਲਗਾ ਦਿੱਤੀ ਗਈ ਹੈ। ਸਿਰਪ ਬਣਾਉਣ ਵਾਲੀ ਕੰਪਨੀ ਦੇ ਹੋਰ ਉਤਪਾਦਾਂ ਦੀ ਵਿਕਰੀ ’ਤੇ ਵੀ ਪਾਬੰਦੀ ਲਗਾਈ ਜਾ ਰਹੀ ਹੈ। ਵਨ ਨੰਦੂਰਕਰ ਛਿੰਦਵਾੜਾ ਜ਼ਿਲ੍ਹਾ ਹਸਪਤਾਲ ਵਿੱਚ ਇੱਕ ਬਾਲ ਰੋਗ ਵਿਗਿਆਨੀ ਹਨ। ਉਨ੍ਹਾਂ ਪੱਤਰਕਾਰਾਂ ਨੂੰ ਦੱਸਿਆ, ਜ਼ਿਆਦਾਤਰ ਬੱਚਿਆਂ ਦੀ ਮੌਤ ਕਿਡਨੀ ਦੀਆਂ ਸੱਟਾਂ ਕਾਰਨ ਹੋਈ। ਕਿਡਨੀ ਦੀ ਬਾਇਓਪਸੀ ਤੋਂ ਪਤਾ ਲੱਗਿਆ ਕਿ ਕਿਸੇ ਕਿਸਮ ਦੇ ਜ਼ਹਿਰੀਲੇ ਪਦਾਰਥ ਨੇ ਕਿਡਨੀਆਂ ਨੂੰ ਨੁਕਸਾਨ ਪਹੁੰਚਾਇਆ ਸੀ ਅਤੇ ਉਨ੍ਹਾਂ ਨੇ ਕੰਮ ਕਰਨਾ ਬੰਦ ਕਰ ਦਿੱਤਾ ਸੀ, ਜਿਸ ਕਾਰਨ ਉਨ੍ਹਾਂ ਦੀ ਮੌਤ ਹੋ ਗਈ। ਇਨ੍ਹਾਂ ਵਿੱਚੋਂ ਜ਼ਿਆਦਾਤਰ ਬੱਚਿਆਂ ਦੇ ਡਾਕਟਰੀ ਇਤਿਹਾਸ ਤੋਂ ਉਨ੍ਹਾਂ ਨੂੰ ਕਫ ਸਿਰਪ ਦਿੱਤੇ ਜਾਣ ਦੀ ਗੱਲ ਸਾਹਮਣੇ ਆਈ ਹੈ। ਛਿੰਦਵਾੜਾ ਜ਼ਿਲ੍ਹੇ ਦੇ ਵਸਨੀਕ ਯਾਸੀਨ ਖਾਨ ਦਾ ਚਾਰ ਸਾਲ ਦੇ ਪੁੱਤਰ ਉਸੈਦ ਹੁਣ ਇਸ ਦੁਨੀਆਂ ’ਚ ਨਹੀਂ ਰਿਹਾ।

ਬੀਬੀਸੀ ਨਾਲ ਫ਼ੋਨ ’ਤੇ ਗੱਲ ਕਰਦੇ ਹੋਏ ਯਾਸੀਨ ਨੇ ਕਿਹਾ, ਮੈਨੂੰ ਸਵੇਰ ਤੋਂ ਸ਼ਾਮ ਤੱਕ ਹੁਣ ਕੁਝ ਨਹੀਂ ਸੁੱਝਦਾ। ਉਸ ਨੂੰ 15 ਅਗਸਤ ਨੂੰ ਪਹਿਲੀ ਵਾਰ ਹਲਕੀ ਸਰਦੀ, ਖੰਘ ਅਤੇ ਬੁਖਾਰ ਹੋਇਆ ਸੀ। 13 ਸਤੰਬਰ ਨੂੰ ਉਸ ਦੀ ਕਿਡਨੀ ਫੇਲ੍ਹ ਹੋ ਜਾਣ ਕਾਰਨ ਉਸੈਦ ਦੀ ਮੌਤ ਹੋ ਗਈ। ਮੇਰੀ ਅੱਖ ਦਾ ਤਾਰਾ ਇਸ ਦੁਨੀਆਂ ਤੋਂ ਚਲਾ ਗਿਆ।

**ਇਹ ਕਹਿੰਦੇ ਹੋਏ ਯਾਸੀਨ ਫੋਨ ’ਤੇ ਹੀ ਰੋਣ ਲੱਗ ਪਏ।**

ਦਰਅਸਲ, ਮੱਧ ਪ੍ਰਦੇਸ਼ ਦੇ ਛਿੰਦਵਾੜਾ ਜ਼ਿਲ੍ਹੇ ਵਿੱਚ 7 ਸਤੰਬਰ ਤੋਂ 2 ਅਕਤੂਬਰ ਦੇ ਵਿਚਕਾਰ ਕਿਡਨੀ ਫੇਲ੍ਹ ਹੋਣ ਕਾਰਨ ਕੁੱਲ 11 ਬੱਚਿਆਂ ਦੀ ਮੌਤ ਹੋ ਚੁੱਕੀ ਹੈ। ਘੱਟੋ-ਘੱਟ ਪੰਜ ਬੱਚੇ ਅਜੇ ਵੀ ਹਸਪਤਾਲ ਵਿੱਚ ਦਾਖਲ ਹਨ, ਜਿਨ੍ਹਾਂ ਵਿੱਚੋਂ ਕੁਝ ਦੀ ਹਾਲਤ ਗੰਭੀਰ ਹੈ। ਰਾਜਸਥਾਨ ਵਿੱਚ ਵੀ ਸਾਹਮਣੇ ਆਏ ਮਾਮਲੇ ਮੱਧ ਪ੍ਰਦੇਸ਼ ਦੇ ਨਾਲ ਲੱਗਦੇ ਰਾਜਸਥਾਨ ਦੇ ਭਰਤਪੁਰ ਅਤੇ ਝੁੰਝੁਨੂ ਜ਼ਿਲ੍ਹਿਆਂ ਵਿੱਚ ਕਥਿਤ ਤੌਰ ’ਤੇ ਇੱਕ ਸਰਕਾਰੀ ਹਸਪਤਾਲ ਤੋਂ ਮਿਲਿਆ ਕਫ਼ ਸਿਰਪ ਪੀਣ ਤੋਂ ਬਾਅਦ ਦੋ ਬੱਚਿਆਂ ਦੀ ਮੌਤ ਹੋ ਗਈ ਹੈ। ਸ਼ਨੀਵਾਰ ਨੂੰ ਚੂਰੂ ਜ਼ਿਲ੍ਹੇ ਤੋਂ ਇੱਕ ਹੋਰ ਬੱਚੇ ਦੀ ਮੌਤ ਦੀ ਖ਼ਬਰ ਸਾਹਮਣੇ ਆਈ ਹੈ। ਇਹ ਇਲਜ਼ਾਮ ਮ੍ਰਿਤਕ ਬੱਚਿਆਂ ਦੇ ਪਰਿਵਾਰਾਂ ਨੇ ਲਗਾਇਆ ਹੈ। ਚੂਰੂ ਦੇ ਛੇ ਸਾਲ ਦੇ ਬੱਚੇ ਦੀ ਜੈਪੁਰ ਦੇ ਜੇਕੇ ਲੋਨ ਹਸਪਤਾਲ ਵਿੱਚ ਮੌਤ ਹੋਈ। ਪਰਿਵਾਰ ਦਾ ਕਹਿਣਾ ਹੈ ਕਿ ਬੱਚੇ ਨੂੰ ਚਾਰ ਦਿਨ ਪਹਿਲਾਂ ਖੰਘ ਦੀ ਦਵਾਈ ਦਿੱਤੀ ਗਈ ਸੀ, ਜਿਸ ਤੋਂ ਬਾਅਦ ਉਸ ਦੀ ਸਿਹਤ ਵਿਗੜ ਗਈ ਅਤੇ ਉਸ ਨੂੰ ਜੈਪੁਰ ਰੈਫਰ ਕਰ ਦਿੱਤਾ ਗਿਆ। ਭਰਤਪੁਰ ਦੇ ਇੱਕ ਦੋ ਸਾਲ ਦੇ ਬੱਚੇ ਨੂੰ ਵੀ ਜੈਪੁਰ ਰੈਫਰ ਕੀਤਾ ਗਿਆ ਸੀ, ਜਿੱਥੇ ਤਿੰਨ ਦਿਨ ਬਾਅਦ ਉਸ ਦੀ ਮੌਤ ਹੋ ਗਈ। ਇਸ ਦੌਰਾਨ, ਝੁੰਝੁਨੂ ਦੇ ਇੱਕ ਪੰਜ ਸਾਲ ਦੇ ਬੱਚੇ ਨੂੰ ਇਲਾਜ ਲਈ ਸੀਕਰ ਰੈਫਰ ਕੀਤਾ ਗਿਆ, ਜਿੱਥੇ ਉਸ ਦੀ ਵੀ ਇਲਾਜ ਦੌਰਾਨ ਮੌਤ ਹੋ ਗਈ। ਮੱਧ ਪ੍ਰਦੇਸ਼ ਦੇ ਡਰੱਗ ਕੰਟਰੋਲਰ ਦਿਨੇਸ਼ ਕੁਮਾਰ ਮੌਰਿਆ ਨੇ ਬੀਬੀਸੀ ਹਿੰਦੀ ਨੂੰ ਦੱਸਿਆ, ÷ਅਸੀਂ ਕੇਂਦਰੀ ਡਰੱਗ ਟੈਸਟਿੰਗ ਏਜੰਸੀ ਨਾਲ ਲਗਾਤਾਰ ਸੰਪਰਕ ਵਿੱਚ ਹਾਂ। ਅਸੀਂ 12 ਨਮੂਨੇ ਇਕੱਠੇ ਕੀਤੇ ਸਨ ਅਤੇ ਕੇਂਦਰੀ ਡਰੱਗ ਟੈਸਟਿੰਗ ਏਜੰਸੀ ਨੇ ਛੇ ਨਮੂਨੇ ਇਕੱਠੇ ਕੀਤੇ ਸਨ। ਹੁਣ ਤੱਕ, ਸਾਡੇ ਤਿੰਨ ਨਮੂਨਿਆਂ ਵਿੱਚ ਅਤੇ ਕੇਂਦਰੀ ਡਰੱਗ ਟੈਸਟਿੰਗ ਲੈਬ ਦੁਆਰਾ ਇਕੱਠੇ ਕੀਤੇ ਗਏ ਸਾਰੇ ਛੇ ਨਮੂਨਿਆਂ ਵਿੱਚ ਡਾਇਥੀਲੀਨ ਗਲਾਈਕੋਲ ਅਤੇ ਈਥੀਲੀਨ ਗਲਾਈਕੋਲ ਨਹੀਂ ਮਿਲਿਆ ਹੈ। ਸਾਡੇ ਬਾਕੀ ਨਮੂਨਿਆਂ ਦੀ ਜਾਂਚ ਜਾਰੀ ਹੈ।÷ ੱਚਿਆਂ ਦੀਆਂ ਮੌਤਾਂ ਤੋਂ ਬਾਅਦ ਉੱਠੇ ਸਵਾਲਾਂ ਵਿਚਕਾਰ ਮੱਧ ਪ੍ਰਦੇਸ਼ ਦੇ ਸਿਹਤ ਮੰਤਰੀ ਰਾਜੇਂਦਰ ਸ਼ੁਕਲਾ ਨੇ ਸ਼ੁੱਕਰਵਾਰ ਦੁਪਹਿਰ ਨੂੰ ਕਿਹਾ, ÷ਹੁਣ ਤੱਕ 12 ਕਿਸਮਾਂ ਦੇ ਸਿਰਪ ਸੂਬੇ ਦੀ ਡਰੱਗ ਟੈਸਟਿੰਗ ਲੈਬ ਨੂੰ ਜਾਂਚ ਲਈ ਭੇਜੇ ਗਏ ਹਨ। ਇਨ੍ਹਾਂ ਵਿੱਚੋਂ ਤਿੰਨ ਦੀਆਂ ਰਿਪੋਰਟਾਂ ਆ ਗਈਆਂ ਹਨ ਅਤੇ ਉਨ੍ਹਾਂ ਵਿੱਚੋਂ ਕਿਸੇ ਵਿੱਚ ਵੀ ਅਜਿਹਾ ਕੋਈ ਪਦਾਰਥ ਨਹੀਂ ਪਾਇਆ ਗਿਆ ਹੈ ਜਿਸ ਨਾਲ ਬੱਚਿਆਂ ਦੀਆਂ ਮੌਤਾਂ ਦਾ ਕਾਰਨ ਸਪਸ਼ਟ ਹੋ ਸਕੇ।

ਕਫ਼ ਸਿਰਪ ਨਾਲ ਹੋਈਆਂ ਮੌਤਾਂ ਬਾਰੇ ਰਾਜਸਥਾਨ ਦੇ ਸਿਹਤ ਮੰਤਰੀ ਗਜੇਂਦਰ ਸਿੰਘ ਖਿੰਵਸਰ ਨੇ ਕਿਹਾ, ÷ਅਸੀਂ ਦਵਾਈ ਦੀ ਜਾਂਚ ਕੀਤੀ ਹੈ ਅਤੇ ਇਸ ਵਿੱਚ ਕੋਈ ਘਾਤਕ ਪਦਾਰਥ ਨਹੀਂ ਮਿਲਿਆ। ਇਸ ਦਵਾਈ ਕਾਰਨ ਕੋਈ ਮੌਤ ਨਹੀਂ ਹੋਈ ਹੈ। ਅਸੀਂ ਮਾਮਲੇ ਦੀ ਜਾਂਚ ਲਈ ਇੱਕ ਕਮੇਟੀ ਬਣਾਈ ਹੈ। ਇਸ ਦੌਰਾਨ, ਮੱਧ ਪ੍ਰਦੇਸ਼ ਅਤੇ ਰਾਜਸਥਾਨ ਵਿੱਚ ਹੋਈਆਂ ਮੌਤਾਂ ਤੋਂ ਬਾਅਦ ਕੇਂਦਰੀ ਸਿਹਤ ਸੇਵਾਵਾਂ ਦੇ ਡਾਇਰੈਕਟੋਰੇਟ ਜਨਰਲ (ਡੀਜੀਐਚਐਸ) ਨੇ ਸੂਬਿਆਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਇੱਕ ਐਡਵਾਇਜ਼ਰੀ ਜਾਰੀ ਕੀਤੀ ਹੈ, ਜਿਸ ਵਿੱਚ ਸਲਾਹ ਦਿੱਤੀ ਗਈ ਕਿ ਬੱਚਿਆਂ ਨੂੰ ਕਫ਼ ਸਿਰਪ ਸਿਰਫ਼ ÷ਸਾਵਧਾਨੀ ਅਤੇ ਸੋਚ-ਸਮਝ ਕੇ÷ ਦਿੱਤੇ ਜਾਣੇ ਚਾਹੀਦੇ ਹਨ।

**ਸਾਰੇ ਮਾਮਲੇ ਛਿੰਦਵਾੜਾ ਤੋਂ**

ਮੱਧ ਪ੍ਰਦੇਸ਼ ਵਿੱਚ ਮਰਨ ਵਾਲੇ ਸਾਰੇ 11 ਬੱਚੇ ਛਿੰਦਵਾੜਾ ਦੇ ਪਰਾਸੀਆ ਬਲਾਕ ਦੇ ਵਸਨੀਕ ਸਨ। ਪਰਾਸੀਆ ਵਿਕਾਸ ਬਲਾਕ ਦੇ ਐਸਡੀਐਮ ਸ਼ੁਭਮ ਕੁਮਾਰ ਯਾਦਵ ਨੇ ਦੱਸਿਆ ਕਿ ਪਰਾਸੀਆ ਬਲਾਕ ਵਿੱਚ ਲਗਭਗ 2.8 ਲੱਖ ਲੋਕ ਰਹਿੰਦੇ ਹਨ, ਜਿਨ੍ਹਾਂ ਵਿੱਚੋਂ ਲਗਭਗ 25,000 ਪੰਜ ਸਾਲ ਤੋਂ ਘੱਟ ਉਮਰ ਦੇ ਬੱਚੇ ਹਨ। ਉਨ੍ਹਾਂ ਕਿਹਾ, ਹੁਣ ਤੱਕ ਅਸੀਂ ਇਸ ਮਾਮਲੇ ਦੇ ਕਈ ਸੰਭਾਵਿਤ ਕਾਰਨਾਂ ਦੀ ਜਾਂਚ ਕੀਤੀ ਹੈ, ਜਿਸ ਵਿੱਚ ਇਲਾਕੇ ਦੇ ਪਾਣੀ ਦੇ ਨਮੂਨੇ, ਮੱਛਰ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਅਤੇ ਚੂਹਿਆਂ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਸ਼ਾਮਲ ਹਨ। ਇਹ ਸਾਰੀਆਂ ਰਿਪੋਰਟਾਂ ਨਾਰਮਲ ਆਈਆਂ ਹਨ। ਐਸਡੀਐਮ ਨੇ ਅੱਗੇ ਕਿਹਾ, ÷ਸਿਹਤ ਵਿਭਾਗ ਦੇ ਅਧਿਕਾਰੀਆਂ ਅਤੇ ਮਾਹਰ ਡਾਕਟਰਾਂ ਨਾਲ ਸਲਾਹ-ਮਸ਼ਵਰਾ ਕਰਕੇ ਮ੍ਰਿਤਕ ਬੱਚਿਆਂ ਦੇ ਡਾਕਟਰੀ ਇਤਿਹਾਸ ਦਾ ਅਧਿਐਨ ਕੀਤਾ ਗਿਆ, ਜਿਸ ਵਿੱਚ ਕਫ਼ ਸਿਰਪ ਦੀ ਵਰਤੋਂ ਦਾ ਮਾਮਲਾ ਸਾਹਮਣੇ ਆਇਆ।” ਐਸਡੀਐਮ ਨੇ ਕਿਹਾ ਕਿ ਵੱਖ-ਵੱਖ ਥਾਵਾਂ ਤੋਂ ਸਿਰਪ ਦੇ ਨਮੂਨੇ ਜਾਂਚ ਲਈ ਭੇਜੇ ਗਏ ਹਨ ਅਤੇ ਜਿਵੇਂ ਹੀ ਉਨ੍ਹਾਂ ਦੀਆਂ ਰਿਪੋਰਟਾਂ ਆਉਣਗੀਆਂ, ਪ੍ਰਸ਼ਾਸਨ ਇਸ ਸਮਝ ਸਕੇਗਾ ਕਿ ਬੱਚਿਆਂ ਦੀ ਕਿਡਨੀ ਦੇ ਨੁਕਸਾਨ ਜਾਂ ਫੇਲ੍ਹ ਹੋਣ ਦੇ ਅਸਲ ਕਾਰਨ ਕੀ ਸਨ। ਹਾਲਾਂਕਿ, ਮੱਧ ਪ੍ਰਦੇਸ਼ ਸਰਕਾਰ ਪਿਛਲੇ 10 ਦਿਨਾਂ ਤੋਂ ਜਾਂਚ ਅਧੂਰੀ ਹੋਣ ਦਾ ਹਵਾਲਾ ਦੇ ਰਹੀ ਹੈ। ਇਸ ਦੌਰਾਨ, ਤਾਮਿਲਨਾਡੂ ਡਰੱਗਜ਼ ਕੰਟਰੋਲ ਵਿਭਾਗ ਨੇ ਇੱਕ ਦਿਨ ਦੇ ਅੰਦਰ ਹੀ ਕੋਲਡਰਿਫ ਕਫ਼ ਸਿਰਪ ਵਿੱਚ ਜ਼ਹਿਰੀਲੇ ਤੱਤ ਡਾਈਥੀਲੀਨ ਗਲਾਈਕੋਲ ਦੀ ਮੌਜੂਦਗੀ ਦੀ ਪੁਸ਼ਟੀ ਕੀਤੀ ਹੈ। ਛਿੰਦਵਾੜਾ ਦੇ ਇੱਕ ਹੋਰ ਪਰਿਵਾਰਕ ਮੈਂਬਰ ਨੇ ਇਲਜ਼ਾਮ ਲਗਾਇਆ, ਆਖਿਰ ਕਿਵੇਂ ਬਜ਼ਾਰ ਵਿੱਚ ਕੋਈ ਜ਼ਹਿਰੀਲੀ ਅਤੇ ਨੁਕਸਾਨਦੇਹ ਦਵਾਈ ਵਿਕ ਰਹੀ ਹੈ ? ਮੱਧ ਪ੍ਰਦੇਸ਼ ਸਰਕਾਰ ਇਸ ਦਾ ਪਤਾ ਕਿਉਂ ਨਹੀਂ ਲਗਾ ਸਕਦੀ ? ਤਾਮਿਲਨਾਡੂ ਸਰਕਾਰ ਨੂੰ ਇੱਕ ਦਿਨ ਵਿੱਚ ਇਸਦਾ ਪਤਾ ਲੱਗ ਗਿਆ। ਕੀ ਮੱਧ ਪ੍ਰਦੇਸ਼ ਸਰਕਾਰ ਇਸ ਗੱਲ ਦੀ ਜਾਂਚ ਨਹੀਂ ਕਰਦੀ ਕਿ ਉਸ ਦੀ ਨੱਕ ਦੇ ਹੇਠਾਂ ਆਂ ਦਵਾਈਆਂ ਦੇ ਨਾਮ ’ਤੇ ਬੱਚਿਆਂ ਨੂੰ ਮਾਰਨ ਦੇ ਸਿਰਪ ਕੌਣ ਵੇਚ ਰਿਹਾ ਹੈ?

**ਕੀ ਪਿਛਲੀਆਂ ਚੇਤਾਵਨੀਆਂ ਨੂੰ ਅਣਦੇਖਾ ਕੀਤਾ ਗਿਆ ?**

ਸਾਲ 2023 ਵਿੱਚ ਭਾਰਤ ਦੇ ਡਾਇਰੈਕਟਰ ਜਨਰਲ ਆਫ ਹੈਲਥ ਸਰਵਿਸ ਨੇ ਸਰਦੀ ਦੀ ਇੱਕ ਪ੍ਰਚਲਿਤ ਦਵਾਈ ਫਾਰਮੂਲੇ ਨੂੰ ਚਾਰ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਦਿੱਤੇ ਜਾਣ ’ਤੇ ਪਾਬੰਦੀ ਲਗਾ ਦਿੱਤੀ ਸੀ। ਇਸ ਫਾਰਮੂਲੇ ਵਿੱਚ ਕਲੋਰਫੇਨਿਰਾਮਾਈਨ ਮੈਲੇਟ ਅਤੇ ਫੀਨੀਲੇਫ ?ਰਾਈਨ ਵਰਗੀਆਂ ਦਵਾਈਆਂ ਸ਼ਾਮਲ ਸਨ, ਜਿਨ੍ਹਾਂ ਨੂੰ 2015 ਵਿੱਚ ਮਨਜ਼ੂਰੀ ਦਿੱਤੀ ਗਈ ਸੀ ਅਤੇ ਆਮ ਤੌਰ ’ਤੇ ਖੰਘ ਅਤੇ ਜ਼ੁਕਾਮ ਦੇ ਸਿਰਪ ਵਿੱਚ ਮੁੱਖ ਸਮੱਗਰੀ ਵਜੋਂ ਵਰਤਿਆ ਜਾਂਦਾ ਹੈ। ਇਹ ਪਾਬੰਦੀ ਉਸ ਸਮੇਂ ਲਗਾਈ ਗਈ ਸੀ ਜਦੋਂ 2022 ਵਿੱਚ ਗਾਂਬੀਆ ਅਤੇ ਉਜ਼ਬੇਕਿਸਤਾਨ ਵਿੱਚ ਭਾਰਤ ’ਚ ਬਣੀਆਂ ਖਾਂਸੀ ਦੀਆਂ ਦਵਾਈਆਂ ਨਾਲ ਬੱਚਿਆਂ ਦੀ ਮੌਤ ਦੇ ਮਾਮਲਿਆਂ ਨੇ ਅੰਤਰਰਾਸ਼ਟਰੀ ਪੱਧਰ ’ਤੇ ਚਿੰਤਾ ਵਧਾ ਦਿੱਤੀ ਸੀ। ਹਾਲਾਂਕਿ, ਇਨ੍ਹਾਂ ਦਵਾਈਆਂ ਦੇ ਨਿਰਮਾਤਾਵਾਂ ਨੇ ਕਿਸੇ ਵੀ ਗਲਤੀ ਤੋਂ ਇਨਕਾਰ ਕੀਤਾ ਹੈ ਅਤੇ ਦਾਅਵਾ ਕਰਦੇ ਰਹੇ ਹਨ ਕਿ ਨਿਰਧਾਰਤ ਖ਼ੁਰਾਕਾਂ ਵਿੱਚ ਵਰਤੇ ਜਾਣ ’ਤੇ ਉਨ੍ਹਾਂ ਦੇ ਉਤਪਾਦ ਪੂਰੀ ਤਰ੍ਹਾਂ ਸੁਰੱਖਿਅਤ ਹਨ। ਛਿੰਦਵਾੜਾ ਦੇ ਇੱਕ ਸਿਹਤ ਵਿਭਾਗ ਦੇ ਅਧਿਕਾਰੀ ਨੇ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ ’ਤੇ ਬੀਬੀਸੀ ਨੂੰ ਦੱਸਿਆ, ÷ਮਰਨ ਵਾਲੇ ਬੱਚਿਆਂ ਵਿੱਚੋਂ ਛੇ ਤੋਂ ਸੱਤ ਬੱਚੇ ਚਾਰ ਸਾਲ ਜਾਂ ਇਸ ਤੋਂ ਘੱਟ ਉਮਰ ਦੇ ਸਨ।

**ਮੱਧ ਪ੍ਰਦੇਸ਼ ਵਿੱਚ ਪਹਿਲਾਂ ਵੀ ਸਾਹਮਣੇ ਆਏ ਅਜਿਹੇ ਮਾਮਲੇ**

ਮੱਧ ਪ੍ਰਦੇਸ਼ ਵਿੱਚ ਦਵਾਈਆਂ ਦੀ ਗੁਣਵੱਤਾ ਬਾਰੇ ਪਹਿਲਾਂ ਵੀ ਗੰਭੀਰ ਸਵਾਲ ਉਠਾਏ ਜਾ ਚੁੱਕੇ ਹਨ। ਅਗਸਤ 2024 ਵਿੱਚ ਸੂਬੇ ਭਰ ਵਿੱਚ ਨੌਂ ਤੋਂ ਵੱਧ ਜ਼ਰੂਰੀ ਦਵਾਈਆਂ ਅਤੇ ਟੀਕਿਆਂ ਦੀ ਸਪਲਾਈ ’ਤੇ ਰੋਕ ਲਗਾ ਦਿੱਤੀ ਗਈ ਸੀ ਕਿਉਂਕਿ ਉਹ ਕੁਆਲਿਟੀ ਟੈਸਟਾਂ ਵਿੱਚ ਫੇਲ ਹੋ ਗਈਆਂ ਸਨ। ਮੱਧ ਪ੍ਰਦੇਸ਼ ਪਬਲਿਕ ਹੈਲਥ ਸਰਵਿਸਿਜ਼ ਕਾਰਪੋਰੇਸ਼ਨ ਲਿਮਟਿਡ (ਐਮਪੀਪੀਐਚਐਸਸੀਐਲ) ਨੇ ਇਨ੍ਹਾਂ ਦਵਾਈਆਂ ਨੂੰ ਘਟੀਆ ਦਰਜੇ ਵਜੋਂ ਸ਼੍ਰੇਣੀਬੱਧ ਕੀਤਾ ਸੀ। ਇਸ ਨਾਲ ਮਰੀਜ਼ਾਂ ਦੀ ਸੁਰੱਖਿਆ ਅਤੇ ਸੂਬੇ ਦੀ ਸਿਹਤ ਸੰਭਾਲ ਪ੍ਰਣਾਲੀ ਬਾਰੇ ਗੰਭੀਰ ਸਵਾਲ ਖੜ੍ਹੇ ਹੋਏ ਸਨ। ਜਨ ਸਿਹਤ ਮੁਹਿੰਮ ਵਿੱਚ ਸ਼ਾਮਲ ਇੱਕ ਜਨਤਕ ਸਿਹਤ ਮਾਹਰ ਅਮੁੱਲਿਆ ਨਿਧੀ ਕਹਿੰਦੇ ਹਨ, ਸਿਰਪ ਨਾਲ ਸਾਈਡ ਇਫੈਕਟ ਹੋ ਸਕਦਾ ਹੈ ਪਰ ਮੌਤ ਨਹੀਂ। ਇਸ ਲਈ ਛਿੰਦਵਾੜਾ ਵਿੱਚ ਹੋ ਰਹੀਆਂ ਬੱਚਿਆਂ ਦੀਆਂ ਮੌਤਾਂ ਤੋਂ ਬਾਅਦ ਸਵਾਲ ਸਿਰਪ ਦੀ ਗੁਣਵੱਤਾ ’ਤੇ ਨਹੀਂ, ਸਗੋਂ ਇਸ ’ਤੇ ਉਠਾਇਆ ਜਾਣਾ ਚਾਹੀਦਾ ਹੈ ਕਿ ਇਸ ਵਿੱਚ ਕੀ-ਕੀ ਮਿਲਾਇਆ ਗਿਆ ਹੈ। ਸਰਕਾਰ ਕਹਿ ਰਹੀ ਹੈ ਕਿ ਜਾਂਚ ਕਰ ਰਹੇ ਹਾਂ। ਆਖਿਰ ਜਾਂਚ ਵਿੱਚ ਕਿੰਨਾ ਸਮਾਂ ਲੱਗਦਾ ਹੈ ? ਅਮੁੱਲਿਆ ਨਿਧੀ ਨੇ ਸੂਬੇ ਦੀ ਸਿਹਤ ਪ੍ਰਣਾਲੀ ’ਤੇ ਸਵਾਲ ਉਠਾਉਂਦੇ ਹੋਏ ਕਿਹਾ, ਸਰਕਾਰ ਬੱਚਿਆਂ ਦੀ ਸਿਹਤ ਪ੍ਰਤੀ ਗੰਭੀਰ ਨਹੀਂ ਜਾਪਦੀ। ਜ਼ਿੰਮੇਵਾਰਾਂ ਵਿਰੁੱਧ ਕਾਰਵਾਈ ਕਰਨ ਦੀ ਬਜਾਏ, ਦੇਰੀ ਦੀ ਰਣਨੀਤੀ ਅਪਣਾਈ ਜਾ ਰਹੀ ਹੈ ਸਥਿਤੀ ਬਹੁਤ ਭਿਆਨਕ ਹੈ। ਬਾਲ ਮੌਤ ਦਰ ਅਤੇ ਮਾਵਾਂ ਦੀ ਮੌਤ ਦਰ ਆਪਣੇ ਸਭ ਤੋਂ ਮਾੜੇ ਪੱਧਰ ’ਤੇ ਹੈ।” ”ਇੰਦੌਰ ਵਿੱਚ ਬੱਚਿਆਂ ਨੂੰ ਚੂਹਿਆਂ ਦੇ ਕੱਟਣ ਦੇ ਮਾਮਲੇ ਸਾਹਮਣੇ ਆਏ ਸਨ



## ਕਦੋਂ ਸਾਹਮਣੇ ਆਇਆ ਮਾਮਲਾ ?

ਛਿੰਦਵਾੜਾ ਜ਼ਿਲ੍ਹਾ ਪ੍ਰਸ਼ਾਸਨ ਦੇ ਅਨੁਸਾਰ, ਅਜਿਹਾ ਪਹਿਲਾ ਮਾਮਲਾ 24 ਅਗਸਤ ਨੂੰ ਸਾਹਮਣੇ ਆਇਆ ਸੀ ਅਤੇ ਪਹਿਲੀ ਮੌਤ 7 ਸਤੰਬਰ ਨੂੰ ਹੋਈ ਸੀ। ਯਾਸੀਨ ਦੱਸਦੇ ਹਨ ਕਿ ਉਨ੍ਹਾਂ ਨੇ ਆਪਣੇ ਚਾਰ ਸਾਲ ਦੇ ਪੁੱਤਰ ਉਸੈਦ ਦਾ ਇਲਾਜ ਇੱਕ ਨਿੱਜੀ ਹਸਪਤਾਲ ਵਿੱਚ ਕਰਵਾਇਆ ਸੀ। ਉਨ੍ਹਾਂ ਕਿਹਾ, ÷25 ਅਗਸਤ ਨੂੰ ਉਸਦੀ ਸਿਹਤ ਵਿਗੜਨ ਤੋਂ ਬਾਅਦ ਅਸੀਂ ਉਸਨੂੰ ਇੱਕ ਨਿੱਜੀ ਹਸਪਤਾਲ ਲੈ ਗਏ। 31 ਤਰੀਕ ਤੱਕ ਉਸਦੀ ਹਾਲਤ ਵਿੱਚ ਕੁਝ ਸੁਧਾਰ ਸੀ, ਪਰ ਫਿਰ ਅਚਾਨਕ ਬੇਟੇ ਦਾ ਪਿਸ਼ਾਬ ਬੰਦ ਹੋ ਗਿਆ। ਲਗਭਗ ਦੋ ਦਿਨ ਇਸੇ ਤਰ੍ਹਾਂ ਰਿਹਾ ਤਾਂ ਫਿਰ ਅਸੀਂ ਉਸਨੂੰ ਛਿੰਦਵਾੜਾ ਜ਼ਿਲ੍ਹਾ ਹਸਪਤਾਲ ਲੈ ਗਏ। ਛਿੰਦਵਾੜਾ ਤੋਂ ਨਾਗਪੁਰ ਗਏ, ਉੱਥੇ ਲਗਭਗ 10 ਦਿਨ ਹਸਪਤਾਲ ’ਚ ਰਹਿਣ ਤੋਂ ਬਾਅਦ ਉਨ੍ਹਾਂ ਦੇ ਪੁੱਤਰ ਨੂੰ ਮ੍ਰਿਤ ਘੋਸ਼ਿਤ ਕਰ ਦਿੱਤਾ ਗਿਆ। ਯਾਸੀਨ ਇੱਕ ਆਟੋ ਡਰਾਈਵਰ ਹਨ ਅਤੇ ਉਨ੍ਹਾਂ ਦੇ ਦੋ ਪੁੱਤਰ ਹਨ। ਉਨ੍ਹਾਂ ਨੇ ਆਪਣੇ ਵੱਡੇ ਪੁੱਤਰ ਉਸੈਦ ਦੇ ਇਲਾਜ ’ਤੇ ਲਗਭਗ 4 ਲੱਖ ਰੁਪਏ ਖਰਚ ਕੀਤੇ। ਇਸ ਸਮੇਂ ਦੌਰਾਨ ਉਨ੍ਹਾਂ ਨੂੰ ਆਪਣਾ ਆਟੋ ਵੀ ਵੇਚਣਾ ਪਿਆ, ਜੋ ਕਿ ਉਨ੍ਹਾਂ ਦੀ ਰੋਜ਼ੀ-ਰੋਟੀ ਦਾ ਇੱਕੋ-ਇੱਕ ਸਾਧਨ ਸੀ। ਯਾਸੀਨ ਕਹਿੰਦੇ ਹਨ, ÷ਪੈਸੇ ਦਾ ਕੀ ਹੈ ਸਰ ? ਬੱਚਾ ਬਚ ਜਾਂਦਾ ਤਾਂ ਸਭ ਕੁਝ ਸਫਲ ਹੋ ਜਾਂਦਾ। ਮੈਂ ਦੁਬਾਰਾ ਆਟੋ ਖਰੀਦ ਲੈਂਦਾ। ਹੁਣ ਮੈਂ ਸਿਰਫ਼ ਇਹ ਚਾਹੁੰਦਾ ਹਾਂ ਕਿ ਕਿਸੇ ਹੋਰ ਪਿਤਾ ਨੂੰ ਇਹ ਦਰਦ ਨਾ ਝੱਲਣਾ ਪਵੇ।

# Preetnama

ਪ੍ਰੀਤਨਾਮਾ ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 324 | Website: www.preetnama.com Email preetnamausa@gmail.com | 10 OCT TO 16 OCT, 2025




# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 324 | Website: www.preetnama.com Email preetnamausa@gmail.com | 10 OCT TO 16 OCT, 2025


# ਵਰਿੰਦਰ ਘੁੰਮਣ ਨਹੀਂ ਰਹੇ, ਕਦੇ ਸਲਮਾਨ ਖ਼ਾਨ ਨਾਲ ਕੰਮ ਕਰ ਚੁੱਕੇ ਮਸ਼ਹੂਰ ਬੌਡੀ ਬਿਲਡਰ ਤੇ ਅਦਾਕਾਰ ਨੇ ਕਿਹੜੇ ਵੱਡੇ ਮੁਕਾਮ ਹਾਸਲ ਕੀਤੇ





ਸਲਮਾਨ ਖ਼ਾਨ ਅਤੇ ਸ਼ਾਹਰੁਖ਼ ਖ਼ਾਨ ਨਾਲ ਟਾਈਗਰ-3 ਵਿੱਚ ਨਜ਼ਰ ਆਏ ਪੰਜਾਬ ਦੇ ਮਸ਼ਹੂਰ ਬੌਡੀ ਬਿਲਡਰ ਅਤੇ ਅਦਾਕਾਰ ਵਰਿੰਦਰ ਸਿੰਘ ਘੁੰਮਣ ਦਾ ਦੇਹਾਂਤ ਹੋ ਗਿਆ ਹੈ। ਅੰਮ੍ਰਿਤਸਰ ਵਿੱਚ ਇੱਕ ਨਿੱਜੀ ਹਸਪਤਾਲ ਵਿੱਚ ਸਰਜਰੀ ਕਰਵਾਉਣ ਵੇਲੇ ਉਨ੍ਹਾਂ ਦਾ ਦੇਹਾਂਤ ਹੋ ਗਿਆ। ਬੀਬੀਸੀ ਪੰਜਾਬੀ ਦੇ ਸਹਿਯੋਗੀ ਪ੍ਰਦੀਪ ਸ਼ਰਮਾ ਮੁਤਾਬਕ, ਕਰੀਬ 42 ਸਾਲਾ ਦੇ ਵਰਿੰਦਰ ਦਾ ਪਿਛੋਕੜ ਗੁਰਦਾਸਪੁਰ ਜ਼ਿਲ੍ਹੇ ਨਾਲ ਹੈ। ਉਨ੍ਹਾਂ ਦਾ ਜਨਮ ਗੁਰਦਾਸਪੁਰ ਦੇ ਪਿੰਡ ਤਲਵੰਡੀ ਝੂਗਲਾ ਵਿੱਚ ਹੋਇਆ ਸੀ ਅਤੇ ਉਹ ਸਾਲ 1988 ਜਲੰਧਰ ਦੇ ਘਈ ਨਗਰ (ਮਾਡਲ ਹਾਊਸ) ਵਿੱਚ ਰਹਿਣ ਲਈ ਆ ਗਏ ਸਨ। ਉਨ੍ਹਾਂ ਨੇ ਲਾਇਲਪੁਰ ਖਾਲਸਾ ਕਾਲਜ ਤੋਂ ਐੱਮਬੀਏ ਦੀ ਪੜ੍ਹਾਈ ਕੀਤੀ ਸੀ। ਉਨ੍ਹਾਂ ਦੇ ਪਿਤਾ ਨਾਮ ਉਭਪਿੰਦਰ ਸਿੰਘ ਹੈ ਅਤੇ ਮਾਤਾ ਦਾ ਦੇਹਾਂਤ ਹੋ ਗਿਆ ਹੈ।ਇਹ ਦੋ ਭਰਾ ਸਨ ਅਤੇ ਉਨ੍ਹਾਂ ਦੇ ਇੱਕ ਭਰਾ ਭਗਵੰਤ ਸਿੰਘ ਦਾ ਪਹਿਲਾ ਹੀ ਦੇਹਾਂਤ ਹੋ ਗਿਆ ਸੀ। ਵਰਿੰਦਰ ਘੁੰਮਣ ਦੇ ਪਿੱਛੇ ਤਿੰਨ ਬੱਚੇ ਅਤੇ ਪਤਨੀ ਰਹਿ ਗਏ ਹਨ। ਉਨ੍ਹਾਂ ਦੇ ਦੋ ਬੇਟੇ ਤੇ ਇੱਕ ਬੇਟੀ ਹਨ। ਪਿੰਡ ਵਾਲਿਆਂ ਦਾ ਕਹਿਣਾ ਹੈ ਕਿ ਅੱਜ ਸਵੇਰੇ ਅੰਮ੍ਰਿਤਸਰ ਦੇ ਫੌਰਟਿਸ ਹਸਪਤਾਲ ਵਿੱਚ ਮੋਢੇ ਦਾ ਇਲਾਜ ਕਰਵਾਉਣ ਗਏ ਸਨ ਅਤੇ ਸ਼ਾਮੀਂ ਕਰੀਬ 6 ਵਜੇ ਖ਼ਬਰ ਆਈ ਕਿ ਉਨ੍ਹਾਂ ਦਾ ਦੇਹਾਂਤ ਹੋ ਗਿਆ ਹੈ। ਵਰਿੰਦਰ ਸਿੰਘ ਘੁੰਮਣ ਕਿਰਸਾਨੀ ਅਤੇ ਡੇਅਰੀ ਫਾਰਮਿੰਗ ਖਿੱਤੇ ਨਾਲ ਜੁੜੇ ਹੋਏ ਸੀ।

**ਬੌਡੀ ਬਿਲਡਿੰਗ ਦਾ ਸ਼ੌਕ**

ਵਰਿੰਦਰ ਘੁੰਮਣ ਨੂੰ ਛੋਟੇ ਹੁੰਦਿਆਂ ਤੋਂ ਸਿਹਤ ਬਣਾਉਣ ਦਾ ਸ਼ੌਕ ਪੈ ਗਿਆ ਸੀ। ਉਨ੍ਹਾਂ ਨੇ ਆਪਣੇ ਘਰ ਦੇ ਨੇੜੇ ਵੀ ਜਿਮ ਵੀ ਖੋਲ੍ਹਿਆ ਹੋਇਆ ਹੈ। ਸਾਲ 2024 ਵਿੱਚ ਇੱਕ ਨਿੱਜੀ ਯੂਟਿਊਬ ਚੈਨਲ ਨਾਲ ਗੱਲ ਕਰਦਿਆਂ ਵਰਿੰਦਰ ਨੇ ਦੱਸਿਆ ਸੀ ਕਿ ਉਹ ਸ਼ੁੱਧ ਸ਼ਾਕਾਹਾਰੀ ਹਨ ਅਤੇ ਉਨ੍ਹਾਂ ਨੇ ਕਦੇ ਆਂਡਾ ਵੀ ਨਹੀਂ ਖਾਂਦਾ ਸੀ ਕਿਉਂਕਿ ਉਹ ਇੱਕ ਨਾਮਧਾਰੀ ਪਰਿਵਾਰ ਨਾਲ ਸਬੰਧ ਰੱਖਦੇ ਸਨ। ਉਹ ਸੋਸ਼ਲ ਮੀਡੀਆ 'ਤੇ ਵੀ ਕਾਫੀ ਐਕਟਿਵ ਸਨ। ਇੰਸਟਾਗ੍ਰਾਮ ਉਪਰ ਉਨ੍ਹਾਂ ਦੇ 1 ਮਿਲੀਅਨ ਯਾਨੀ 10 ਲੱਖ ਫੌਲੋਅਰਜ਼ ਹਨ। ਵਰਿੰਦਰ ਨੇ ਸਾਲ 2009 ਵਿੱਚ ਮਿਸਟਰ ਇੰਡੀਆ ਦਾ ਖਿਤਾਬ ਜਿੱਤਿਆ ਸੀ। ਉਨ੍ਹਾਂ ਨੇ ਬੌਡੀ ਬਿਲਡਿੰਗ ਵਿੱਚ ਏਸ਼ੀਆ ਪੱਧਰ 'ਤੇ ਵੀ ਨਾਮਣਾ ਖੱਟਿਆ ਸੀ। ਉਸ ਤੋਂ ਬਾਅਦ ਉਨ੍ਹਾਂ ਨੇ ਸਾਲ 2012 ਵਿੱਚ ਪੰਜਾਬੀ ਫਿਲਮ ਕਬੱਡੀ ਵਨਸ ਅਗੇਨ ਨਾਲ ਅਦਾਕਾਰੀ ਦੀ ਦੁਨੀਆਂ ਵਿੱਚ ਕਦਮ ਰੱਖਿਆ ਸੀ। ਉਸ ਤੋਂ ਉਨ੍ਹਾਂ ਨੇ ਕਈ ਪੰਜਾਬੀ ਅਤੇ ਹਿੰਦੀ ਫਿਲਮਾਂ ਦੇ ਨਾਲ-ਨਾਲ ਦੱਖਣੀ ਭਾਰਤ ਦੀਆਂ ਫਿਲਮਾਂ ਵਿੱਚ ਵੀ ਕੰਮ ਕੀਤਾ ਹੈ।ਪਰ ਉਨ੍ਹਾਂ ਨੇ ਫਿਲਮਾਂ ਬਾਰੇ ਗੱਲ ਕਰਦਿਆਂ ਦੱਸਿਆ ਕਿ ਉਹ ਫਿਲਮ ਦੀ ਸਕਰੀਨ ਲਈ ਆਪਣੇ-ਆਪ ਨੂੰ ਢੁਕਵਾਂ ਨਹੀਂ ਮੰਨਦੇ ਸਨ। ਇਸ ਦਾ ਕਾਰਨ ਦੱਸਦਿਆਂ ਉਨ੍ਹਾਂ ਨੇ ਕਿਹਾ ਕਈ ਡਾਇਰੈਕਟਰ ਉਨ੍ਹਾਂ ਨੂੰ ਕਹਿੰਦੇ ਸਨ ਕਿ ਭਾਰ ਘਟਾਓ ਪਰ ਆਪਣੇ ਅੰਦਰ ਐਥਲੀਟ ਨੂੰ ਨਹੀਂ ਛੱਡਣਾ ਚਾਹੁੰਦੇ ਸਨ। ਉਨ੍ਹਾਂ ਨੇ ਕਿਹਾ, ÷ਮੈਂ ਆਪਣੇ ਦੇਸ਼ ਦੀ ਪ੍ਰਤੀਨਿਧਤਾ ਕਰਦਾ ਹਾਂ ਅਤੇ ਕੋਈ ਵੀ ਫਰਕ ਨਹੀਂ ਪੈਂਦਾ ਜੇ ਮੈਂ 2-4 ਫਿਲਮਾਂ ਘੱਟ ਕਰ ਲਵਾਂ। ਇਸ ਖੇਡ ਵਿੱਚ ਵੀ ਮੈਨੂੰ ਓਨੀ ਪ੍ਰਸਿੱਧੀ ਮਿਲ ਰਹੀ ਹੈ, ਜਿੰਨੀ ਫਿਲਮਾਂ ਵਿੱਚ। ਜਦੋਂ ਤੱਕ ਮੈਂ ਜਿਉਂਦਾ ਰਹਾਂਗਾ ਮੈਂ ਇਸੇ ਪਛਾਣ ਵਿੱਚ ਰਹਾਂਗਾ। ਮੈਂ ਚਾਹੁੰਦਾ ਹਾਂ ਕਿ ਮੇਰੇ ਜਾਣ ਮਗਰੋਂ ਵੀ ਲੋਕ ਮੈਨੂੰ ਇੱਕ ਐਥਲੀਟ ਅਤੇ ਇੱਕ ਬੌਡੀ ਬਿਲਡਰ ਵਜੋਂ ਹੀ ਪਛਾਨਣ।÷ਜੂਨ 2025 ਵਿੱਚ ਨਿੱਜੀ ਚੈਨਲ ਨੂੰ ਦਿੱਤੇ ਇੰਟਰਵਿਊ ਵਿੱਚ ਉਨ੍ਹਾਂ ਨੇ ਸਿਆਸਤ ਵਿੱਚ ਆਉਣ ਦੀ ਇੱਛਾ ਵੀ ਪ੍ਰਗਟਾਈ ਸੀ ਕਿ ਉਹ ਸਕਾਰਾਤਮਕ ਸਿਆਸਤ ਕਰਨਾ ਚਾਹੁੰਦੇ ਹਨ। ਉਨ੍ਹਾਂ ਨੇ ਕੱਪੜਿਆਂ ਬਾਰੇ ਗੱਲ ਕਰਦਿਆਂ ਕਿਹਾ ਸੀ ਕਿ ਉਨ੍ਹਾਂ ਦੇ ਮੁੰਬਈ ਅਤੇ ਜਲੰਧਰ ਵਿੱਚ ਆਪਣੇ ਡਿਜ਼ਾਈਨਰ ਹਨ ਜੋ ਉਨ੍ਹਾਂ ਦੇ ਸਾਈਜ਼ ਦੇ ਹਿਸਾਬ ਨਾਲ ਕੱਪੜੇ ਤਿਆਰ ਕਰਦੇ ਹਨ



# ਕਿੰਨਾ ਸੋਨਾ ਘਰ ਵਿੱਚ ਰੱਖਿਆ ਜਾ ਸਕਦਾ ਹੈ, ਇਸ ਵੇਲੇ ਸੋਨੇ ਦੀ ਖਰੀਦ ਦਾ ਕੀ ਰੁਝਾਨ ਹੈ



ਬੇਸ਼ੱਕ ਮੌਜੂਦਾ ਸਮੇਂ ਦੌਰਾਨ ਸੋਨੇ ਦੀਆਂ ਕੀਮਤਾਂ ਤੇਜ਼ੀ ਨਾਲ ਵੱਧ ਰਹੀਆਂ ਹਨ, ਪਰ ਤਿਉਹਾਰਾਂ ਦੇ ਇਸ ਸੀਜ਼ਨ ਮੌਕੇ ਲੋਕ ਸੋਨੇ ਦੇ ਗਹਿਣੇ ਅਤੇ ਖ਼ਰਾ ਸੋਨਾ ਖ਼ਰੀਦ ਰਹੇ ਹਨ। ਭਾਰਤ ਵਿੱਚ ਦੀਵਾਲੀ ਮੌਕੇ ਸੋਨਾ ਖਰੀਦਣ ਨੂੰ ਜਿੱਥੇ ਸ਼ੁੱਭ ਮੰਨਿਆ ਜਾਂਦਾ ਹੈ, ਉੱਥੇ ਹੀ ਸੋਨੇ ਨੂੰ ਵਿਰਾਸਤ ਅਤੇ ਰਵਾਇਤ ਦੇ ਪ੍ਰਤੀਕ ਵਜੋਂ ਵੀ ਦੇਖਿਆ ਜਾਂਦਾ ਹੈ। ਪਿਛਲੇ ਸਾਲ ਇਨ੍ਹਾਂ ਦਿਨਾਂ ਵਿੱਚ 10 ਗ੍ਰਾਮ ਸੋਨੇ ਦੀ ਕੀਮਤ 75,000 ਰੁਪਏ ਸੀ ਜੋ ਹੁਣ 1 ਲੱਖ 20 ਹਜ਼ਾਰ ਨੂੰ ਵੀ ਪਾਰ ਕਰ ਗਈ ਹੈ। ਪਰ ਸਵਾਲ ਹੈ ਕਿ ਇੱਕ ਇਨਸਾਨ ਘਰ ਵਿੱਚ ਕਿੰਨਾ ਸੋਨਾ ਰੱਖ ਸਕਦਾ ਹੈ ? ਇਸ ਬਾਰੇ ਭਾਰਤੀ ਕਾਨੂੰਨ ਕੀ ਕਹਿੰਦਾ ਹੈ ਅਤੇ ਘਰ ਵਿੱਚ ਸੋਨਾ ਰੱਖਣ ਬਾਰੇ ਸਰਕਾਰ ਦੀਆਂ ਕੀ ਹਦਾਇਤਾਂ ਹਨ ?

**ਕੋਈ ਘਰ 'ਚ ਕਿੰਨਾ ਸੋਨਾ ਰੱਖ ਸਕਦਾ ਹੈ ?**

ਭਾਰਤ ਸਰਕਾਰ ਦੇ ਵਿੱਤ ਮੰਤਰਾਲੇ ਦੇ ਇੱਕ ਬਿਆਨ ਮੁਤਾਬਕ ਸੋਨਾ ਅਤੇ ਗਹਿਣੇ ਰੱਖਣ ਦੀ ਕੋਈ ਸੀਮਾ ਨਹੀਂ ਹੈ ਪਰ ਬਸ਼ਰਤੇ ਇਹ ਵਾਜਬ ਆਮਦਨ ਦੇ ਦੱਸਣ ਯੋਗ ਸਰੋਤਾਂ ਰਾਹੀਂ ਲਿਆ ਗਿਆ ਹੋਵੇ, ਜਿਸ ਵਿੱਚ ਵਿਰਾਸਤ ਵੀ ਸ਼ਾਮਲ ਹੈ। ਸੈਂਟਰਲ ਬੋਰਡ ਆਫ ਡਰਾਇਕਟ ਟੈਕਸਸ ਮੁਤਾਬਕ ਘੋਸ਼ਿਤ ਆਮਦਨ, ਛੋਟ ਪ੍ਰਾਪਤ ਮਾਲੀਆ (ਜਿਵੇਂ ਖੇਤੀਬਾੜੀ ਆਮਦਨ), ÷ਵਾਜਬ ਘਰੇਲੂ ਬੱਚਤ÷, ਜਾਂ ਸਪੱਸ਼ਟੀਕਰਨਯੋਗ ਸਰੋਤਾਂ ਤੋਂ ਪ੍ਰਾਪਤ ਕਾਨੂੰਨੀ ਤੌਰ 'ਤੇ ਵਿਰਾਸਤ ਵਿੱਚ ਮਿਲੇ ਪੈਸੇ ਨਾਲ ਕੀਤੀ ਗਈ ਸੋਨੇ ਦੀ ਖਰੀਦਦਾਰੀ ਟੈਕਸ ਦੇ ਅਧੀਨ ਨਹੀਂ ਹੋਵੇਗੀ। ਇਸ ਦੇ ਨਾਲ ਹੀ ਨਿਯਮ ਕਹਿੰਦੇ ਹਨ ਕਿ ਅਧਿਕਾਰੀ ਘਰੇਲੂ ਤਲਾਸ਼ੀ ਦੌਰਾਨ ਸੋਨੇ ਦੇ ਗਹਿਣੇ ਜ਼ਬਤ ਨਹੀਂ ਕਰ ਸਕਦੇ ਜੇਕਰ ਇਨ੍ਹਾਂ ਦੀ ਮਾਤਰਾ ਨਿਰਧਾਰਤ ਸੀਮਾ ਤੋਂ ਘੱਟ ਹੈ। ਟੈਕਸ ਮਾਮਲਿਆਂ ਦੇ ਜਾਣਕਾਰ ਐਡਵੋਕੇਟ ਕਮਲ ਅਨੰਦ ਕਹਿੰਦੇ ਹਨ, ÷ਕੋਈ ਵੀ ਵਿਅਕਤੀ ਆਪਣੀ ਆਮਦਨ ਦੇ ਹਿਸਾਬ ਨਾਲ ਕਿੰਨਾ ਵੀ ਸੋਨਾ ਖ਼ਰੀਦ ਜਾਂ ਰੱਖ ਸਕਦਾ ਹੈ ਪਰ ਉਸ ਕੋਲੋ ਪੁੱਛੇ ਜਾਣ ਸਮੇਂ, ਉਹ ਇਸ ਦੇ ਸਰੋਤਾਂ ਬਾਰੇ ਦੱਸ ਸਕੇ। ਲੋੜ ਪੈਣ ਅਤੇ ਮੰਗੇ ਜਾਣ ਉਪਰ ਤੁਸੀਂ ਇਸ ਦੇ ਬਿਲ ਅਤੇ ਰਸੀਦਾਂ ਦਿਖਾ ਸਕੋ।÷

**ਇੱਕ ਔਰਤ ਕਿੰਨਾ ਸੋਨਾ ਰੱਖ ਸਕਦੀ ਹੈ ?**

ਭਾਰਤ ਦੇ ਵਿੱਤ ਮੰਤਰਾਲੇ ਆਨੁਸਾਰ ਇੱਕ ਵਿਆਹੁਤਾ ਔਰਤ 500 ਗ੍ਰਾਮ ਤੱਕ ਅਤੇ ਅਣਵਿਆਹੀ ਔਰਤ 250 ਗ੍ਰਾਮ ਤੱਕ ਸੋਨਾ ਰੱਖ ਸਕਦੀ ਹੈ। ਇਸ ਦੇ ਨਾਲ ਹੀ ਵਿਆਹਿਆ ਅਤੇ ਅਣਵਿਆਹਿਆ ਹੋਇਆ ਮਰਦ 100 ਗ੍ਰਾਮ ਤੱਕ ਸੋਨਾ ਰੱਖ ਸਕਦਾ ਹੈ।ਐਡਵੋਕੇਟ ਕਮਲ ਅਨੰਦ ਕਹਿੰਦੇ ਹਨ, ਕਿਸੇ ਛਾਪੇਮਾਰੀ ਜਾਂ ਪੁੱਛਗਿੱਛ ਸਮੇਂ ਔਰਤ ਅਤੇ ਮਰਦ ਇਸ ਨਿਰਧਾਰਿਤ ਸੋਨੇ ਦੀ ਮਾਤਰਾ ਲਈ ਸਬੂਤ ਦੇਣ ਦੀ ਲੋੜ ਨਹੀਂ ਹੁੰਦੀ। ਭਾਰਤ ਵਿੱਚ ਵਿਆਹੁਤਾ ਔਰਤ ਨੂੰ 500 ਗ੍ਰਾਮ ਸੋਨਾ ਰੱਖਣ ਦੀ ਆਗਿਆ ਹੈ ਜਿਸ ਲਈ ਉਸ ਨੂੰ ਤੰਗ ਪ੍ਰੇਸ਼ਾਨ ਨਹੀਂ ਕੀਤਾ ਜਾ ਸਕਦਾ।

**ਮੌਜੂਦਾ ਸਮੇਂ ਸੋਨੇ ਦੀ ਖ਼ਰੀਦ ਦਾ ਕੀ ਰੁਝਾਨ ਹੈ ?**

ਇੰਡੀਆ ਬੁਲੀਅਨ ਐਂਡ ਜਵੈਲਰਜ਼ ਐਸੋਸੀਏਸ਼ਨ ਦੇ ਬੁਲਾਰੇ ਸੁਰਿੰਦਰ ਮਹਿਤਾ ਕਹਿੰਦੇ ਹਨ ਕਿ ਇਸ ਵਾਰ ਨਰਾਤਿਆਂ ਅਤੇ ਦੁਸ਼ਹਿਰੇ ਮੌਕੇ ਵੱਡੀ ਗਿਣਤੀ ਵਿੱਚ ਬੁਲੀਅਨ (ਬਿਸਕੁਟ) ਅਤੇ ਸਿੱਕਿਆਂ ਦੀ ਵਿਕਰੀ ਹੋਏ ਹੈ। ਸੁਰਿੰਦਰ ਮਹਿਤਾ ਮੁਤਾਬਕ ਗਹਿਣਿਆਂ ਦੀ ਮੰਗ ਘੱਟ ਰਹੀ ਹੈ ਪਰ ਸੋਨੇ ਵਿੱਚ ਨਿਵੇਸ਼ ਵੱਧ ਰਿਹਾ ਹੈ। ਲੋਕ ਗਹਿਣੇ ਘੱਟ ਪਰ ਬੁਲੀਅਨ (ਬਿਸਕੁਟ) ਤੇ ਸਿੱਕੇ ਜ਼ਿਆਦਾ ਖ਼ਰੀਦ ਰਹੇ ਹਨ। ਫ਼ ?ਲਹਾਲ ਬਾਜ਼ਾਰ ਵਿੱਚ ਲੋਕ ਇੱਕ ਜਾਂ ਦੋ ਗ੍ਰਾਮ ਦੇ ਸਿੱਕੇ ਵੱਧ ਖ਼ਰੀਦ ਰਹੇ ਹਨ। ਪੰਜਾਬ ਦੇ ਫ਼ ?ਰੋਜ਼ਪੁਰ ਵਿੱਚ 'ਸ਼ਿਵਮ ਜਵੈਲਰਜ਼' ਚਲਾ ਰਹੇ ਸ਼ਿਵਮ ਵਰਮਾ ਕਹਿੰਦੇ ਹਨ ਕਿ ਇਸ ਸਮੇਂ ਉਹਨਾਂ ਕੋਲੋਂ ਲੋਕ ਜ਼ਿਆਦਾਤਰ ਖ਼ਰੇ ਸੋਨੇ ਦੀ ਹੀ ਮੰਗ ਕਰਦੇ ਹਨ। ਬਰਨਾਲਾ ਵਿੱਚ ਮਿੱਤਲ ਜਵੈਲਰਜ਼ ਦੇ ਮਾਲਕ ਅਮਨਦੀਪ ਮਿੱਤਲ ਕਹਿੰਦੇ ਹਨ ਕਿ ਇੱਕ ਸਾਲ ਦੌਰਾਨ 60 ਫ਼ੀਸਦ ਦੇ ਕਰੀਬ ਸੋਨੇ ਦੀ ਕੀਮਤ ਵਿੱਚ ਵਾਧਾ ਹੋਇਆ ਹੈ। ਉਹ ਕਹਿੰਦੇ ਹਨ, ਪਹਿਲਾਂ ਇਹਨਾਂ ਦਿਨਾਂ ਵਿੱਚ ਲੋਕ ਸੋਨਾ ਵੇਚਣ ਵੀ ਆਉਂਦੇ ਸਨ ਪਰ ਅੱਜ-ਕੱਲ੍ਹ ਕੋਈ ਵੇਚ ਨਹੀਂ ਰਿਹਾ ਸਗੋਂ ਲੋਕ ਸੋਨੇ ਦੀਆਂ ਡਲੀਆਂ ਖ਼ਰੀਦ ਰਹੇ ਹਨ।

**ਕੀ ਸੋਨੇ ਨੂੰ ਸੰਭਾਲਣਾ ਚੁਣੌਤੀ ਹੈ ?**

ਜਦੋਂ ਸੋਨੇ ਦੀਆਂ ਕੀਮਤਾਂ ਵਿੱਚ ਤੇਜ਼ ਵਾਧਾ ਦਰਜ ਕੀਤਾ ਜਾ ਰਿਹਾ ਹੈ ਤਾਂ ਇਸ ਨੂੰ ਪਾ ਕੇ ਘਰੋਂ ਬਾਹਰ ਨਿਕਲਣਾ ਜਾਂ ਘਰ ਵਿੱਚ ਸੰਭਾਲ ਕੇ ਰੱਖਣਾ ਵੀ ਇੱਕ ਚੁਣੌਤੀ ਅਤੇ ਫ਼ ?ਕਰ ਵਾਲੀ ਗੱਲ ਮੰਨਿਆ ਜਾ ਰਿਹਾ ਹੈ। ਕਿੰਨਾ ਸੋਨਾ ਘਰ ਵਿੱਚ ਰੱਖਿਆ ਜਾ ਸਕਦਾ ਹੈ, ਇਸ ਵੇਲੇ ਸੋਨੇ ਦੀ ਖਰੀਦ ਦਾ ਕੀ ਰੁਝਾਨ ਹੈਸੁਰਿੰਦਰ ਮਹਿਤਾ ਮੁਤਾਬਕ, ÷ਹਰ ਕਿਸੇ ਨੂੰ ਲੱਗਦਾ ਹੈ ਕਿ ਸੋਨੇ ਦੀਆਂ ਕੀਮਤਾਂ ਵੱਧ ਰਹੀਆਂ ਹਨ ਅਤੇ ਅਜਿਹੇ ਵਿੱਚ ਗਹਿਣਿਆਂ ਵਿੱਚ ਨਿਵੇਸ਼ ਕਰਨ ਦਾ ਕੋਈ ਮਤਲਬ ਨਹੀਂ ਕਿਉਂਕਿ ਜੇ ਲਗਾਤਾਰ ਕੀਮਤਾਂ ਵੱਧਣਗੀਆਂ ਤਾਂ ਤੁਸੀਂ ਗਹਿਣੇ ਪਾ ਕੇ ਬਾਹਰ ਨਹੀਂ ਨਿੱਕਲ ਸਕਦੇ ਸਗੋਂ ਜੇਕਰ ਉਹਨਾਂ ਕੋਲ ਬੁਲੀਅਨ ਹੋਣਗੇ ਤਾਂ ਲੋਕਾਂ ਨੂੰ ਬਣਾਈ ਦੀ ਕੀਮਤ ਨਹੀਂ ਦੇਣੀ ਪਵੇਗੀ, ਉਹ ਕਦੋਂ ਵੀ ਬੁਲੀਅਨ ਅਤੇ ਸਿੱਕਿਆਂ ਨੂੰ ਵੇਚ ਸਕਦੇ ਹਨ ਅਤੇ ਬਦਲ ਵੀ ਸਕਦੇ ਹਨ। ਪਟਿਆਲਾ ਦੇ ਰਹਿਣ ਵਾਲੇ ਡਾ. ਅਰਚਨਾ ਗੁਪਤਾ ਵੀ ਦੀਵਾਲੀ ਮੌਕੇ ਸੋਨਾ ਖ਼ਰੀਦ ਰਹੇ ਹਨ। ਉਹ ਕਹਿੰਦੇ ਹਨ, ਮੈਂ ਦੀਵਾਲੀ ਮੌਕੇ ਕੁਝ ਗਹਿਣੇ ਖ਼ਰੀਦ ਰਹੀ ਹਾਂ। ਸੋਨੇ ਨੂੰ ਸੰਭਾਲਣਾ ਥੋੜੀ ਚੁਣੌਤੀ ਤਾਂ ਹੈ। ਇਸ ਨੂੰ ਸੰਭਾਲਣ ਦੀ ਵੀ ਹਰ ਸਮੇਂ ਚਿੰਤਾ ਰਹਿੰਦੀ ਹੈ, ਹਾਲਾਂਕਿ ਅੱਜ-ਕੱਲ੍ਹ ਬੈਂਕਾਂ ਵਿੱਚ ਲਾਕਰ ਅਸਾਨੀ ਨਾਲ ਮਿਲ ਜਾਂਦੇ ਹਨ ਜਿਸ ਦੀ ਅਸੀਂ ਵਰਤੋਂ ਕਰ ਸਕਦੇ ਹਾਂ। ਰੋਪੜ ਦੇ ਵਸਨੀਕ ਗੁਰਮੀਤ ਸਿੰਘ ਮੁਤਾਬਕ, ÷ਸੋਨੇ ਨੂੰ ਸੰਭਾਲਣ ਦੀ ਸਮੱਸਿਆ ਪੁਰਾਣੇ ਸਮੇਂ ਵਿੱਚ ਆਉਂਦੀ ਸੀ, ਇੱਕ ਅੱਜ ਵੀ ਇੱਕ ਕੀਮਤੀ ਚੀਜ਼ ਹੈ। ਪਰ ਹੁਣ ਅਸੀ ਇੱਕ ਹੱਦ ਤੱਕ ਬੈਂਕ ਵਿੱਚ ਲਾਕਰ ਦੇ ਭਰੋਸਾ ਕਰ ਸਕਦੇ ਹਾਂ।

# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 324 | Website: www.preetnama.com Email preetnamausa@gmail.com | 10 OCT TO 16 OCT, 2025


# ਪੰਜਾਬੀ ਗਾਇਕ ਰਾਜਵੀਰ ਜਵੰਦਾ ਦੇ ਦੇਹਾਂਤ ਮਗਰੋਂ ਉਨ੍ਹਾਂ ਦੇ ਜੱਦੀ ਪਿੰਡ ਵਾਲਿਆਂ ਨੇ ਉਨ੍ਹਾਂ ਦੀਆਂ ਕਿਹੜੀਆਂ ਯਾਦਾਂ ਸਾਂਝੀਆਂ ਕੀਤੀਆਂ

ਮਸ਼ਹੂਰ ਪੰਜਾਬੀ ਗਾਇਕ ਰਾਜਵੀਰ ਜਵੰਦਾ ਨਹੀਂ ਰਹੇ। ਉਹ 27 ਸਤੰਬਰ ਸਵੇਰੇ ਹਿਮਾਚਲ ਪ੍ਰਦੇਸ਼ ਦੇ ਬੱਦੀ ਨੇੜੇ ਇੱਕ ਭਿਆਨਕ ਸੜਕ ਹਾਦਸੇ ਦਾ ਸ਼ਿਕਾਰ ਹੋ ਗਏ ਸਨ। ਰਾਜਵੀਰ ਜਵੰਦਾ ਦਾ ਅੰਤਿਮ ਸੰਸਕਾਰ ਉਨ੍ਹਾਂ ਦੇ ਜੱਦੀ ਪਿੰਡ ਪੋਨਾ ਵਿੱਚ ਅੱਜ 9 ਅਕਤੂਬਰ ਨੂੰ ਹੋਵੇਗਾ। ਰਾਜਵੀਰ ਨੂੰ ਚਾਹੁਣ ਵਾਲੇ ਉਨ੍ਹਾਂ ਦੀ ਮੋਹਾਲੀ ਰਹਾਇਸ਼ ਅਤੇ ਜੱਦੀ ਪਿੰਡ ਪੋਨਾ ਵਿੱਚ ਪਹੁੰਚ ਰਹੇ ਹਨ। ਬੀਬੀਸੀ ਸਹਿਯੋਗੀ ਨਵਜੋਤ ਕੌਰ ਮੁਤਾਬਕ, ਕਰੀਬ 11 ਦਿਨ ਵੈਂਟੀਲੇਟਰ ਉੱਤੇ ਰਹੇ ਜਵੰਦਾ ਦੀ ਮੌਤ ਦੀ ਪੁਸ਼ਟੀ ਫੋਰਟਿਸ ਹਸਪਤਾਲ ਨੇ ਕੀਤੀ। ਜ਼ਿਕਰਯੋਗ ਹੈ ਕਿ ਰਾਜਵੀਰ ਜਵੰਦਾ ਨੂੰ ਹਾਦਸੇ ਤੋਂ ਬਾਅਦ ਮੋਹਾਲੀ ਦੇ ਫੋਰਟਿਸ ਹਸਤਪਾਲ ਦਾਖਲ ਕਰਵਾਇਆ ਗਿਆ ਸੀ। ਜਦੋਂ ਉਨ੍ਹਾਂ ਨਾਲ ਇਹ ਹਾਦਸਾ ਵਾਪਰਿਆ, ਉਸ ਸਮੇਂ ਜਵੰਦਾ ਬਾਈਕ ’ਤੇ ਸਨ।

**ਪੂਰਾ ਸੰਗੀਤ ਜਗਤ ਇਸ ਖ਼ਬਰ ਨਾਲ ਗਹਿਰੇ ਦੁੱਖ ਵਿੱਚ ਹੈ।**

ਪੰਜਾਬੀ ਅਦਾਕਾਰ ਗੁਰਪ੍ਰੀਤ ਘੁੱਗੀ ਨੇ ਆਪਣੇ ਇੰਸਟਾਗ੍ਰਾਮ ਉੱਤੇ ਜਵੰਦਾ ਦੀ ਤਸਵੀਰ ਸਾਂਝੀ ਕਰਦਿਆਂ ਲਿਖਿਆ, ਮੌਤ ਕੁਲਿਹਣੀ ਜਿੱਤ ਗਈ, ਜਵੰਦਾ ਹਾਰ ਗਿਆ, ਕਿਵੇਂ ਭੁਲਾਂਗੇ ਤੈਨੂੰ ਨਿੱਕੇ ਵੀਰ। ਮੌਤ ਦੀ ਖ਼ਬਰ ਦਾ ਪਤਾ ਲੱਗਦਿਆਂ ਹੀ ਉਨ੍ਹਾਂ ਦੇ ਸਾਥੀ ਕਲਾਕਾਰ ਮੋਹਾਲੀ ਦੇ ਫੋਰਟਿਸ ਹਸਪਤਾਲ ਵਿੱਚ ਪਹੁੰਚੇ ਸਨ।

**ਜਵੰਦਾ ਦੇ ਹਵਾਲੇ ਨਾਲ ਸਤਵਿੰਦਰ ਬਿੱਟੀ ਨੇ ਦਿੱਤੀ ਨੌਜਵਾਨਾਂ ਨੂੰ ਸਲਾਹ**

ਜਵੰਦਾ ਦੇ ਮੁਹਾਲੀ ਵਾਲੇ ਘਰ ਵਿੱਚ ਪਹੁੰਚੇ ਪੰਜਾਬੀ ਗਾਇਕਾ ਸਤਵਿੰਦਰ ਕੌਰ ਬਿੱਟੀ ਨੇ ਕਿਹਾ ਕਿ ਜ਼ਿੰਦਗੀ ਜੀਣ ਦੋ ਹੀ ਤਰੀਕੇ ਹਨ, ਭਾਵੇਂ ਢੋਅ ਕੇ ਜ਼ਿੰਦਗੀ ਬਿਤਾ ਲਓ ਜਾਂ ਫਿਰ ਰਾਜਵੀਰ ਵਾਂਗ ਮਿਸਾਲ ਬਣ ਜਾਓ। ਇੰਨਾਂ ਪਿਆਰ ਵੰਡ ਕੇ ਜਾਓ ਅਤੇ ਉਸ ਦੁਨੀਆਂ ਨੂੰ ਪਿਆਰ ਦਾ ਇੱਕ ਸਮੁੰਦਰ ਬਣਾਓ। ÷ਮੈਂ ਸਾਰੇ ਵੀਰਾਂ ਅਤੇ ਬੱਚਿਆਂ ਨੂੰ ਕਹਾਂਗੀ ਕਿ ਸਾਡੇ ਦੇਸ਼ ਵਿੱਚ ਟੂ ਵ ?ਹੀਲਰ ਚਲਾਉਣ ਦੀ ਕੋਈ ਵਿਵਸਥਾ ਸਹੀ ਨਹੀਂ ਹੈ ਕਿਉਂਕਿ ਇੱਥੇ ਜਿੰਨੀ ਟਰੈਫਿਕ ਹੈ, ਇਸ ਤਰ੍ਹਾਂ ਦੇ ਹਾਦਸੇ ਬਹੁਤ ਹੁੰਦੇ ਹਨ।÷

**ਪਿੰਡ ਵਾਲਿਆਂ ਨੇ ਰਾਜਵੀਰ ਨੂੰ ਕੀਤਾ ਯਾਦ**

ਰਾਜਵੀਰ ਦੀ ਮੌਤ ਦੀ ਖ਼ਬਰ ਉਨ੍ਹਾਂ ਦੇ ਪਿੰਡ ਪੋਨਾ ਵਿੱਚ ਉਦੋਂ ਪਹੁੰਚੀ ਜਦੋਂ ਉਨ੍ਹਾਂ ਦੀ ਸਿਹਤਯਾਬੀ ਲਈ ਰੱਖਵਾਏ ਗਏ ਅਖੰਡ ਪਾਠ ਸਾਹਿਬ ਦੇ ਭੋਗ ਪਏ। ਬੀਬੀਸੀ ਪੱਤਰਕਾਰ ਹਰਮਨਦੀਪ ਸਿੰਘ ਦੀ ਜਾਣਕਾਰੀ ਮੁਤਾਬਕ, ਪਿੰਡ ਪੋਨਾ ਵਿਖੇ ਅੱਜ ਵੀਰਵਾਰ ਨੂੰ ਉਨ੍ਹਾਂ ਦਾ ਸਸਕਾਰ ਕੀਤਾ ਜਾਵੇਗਾ। ਪਿੰਡ ਦੇ ਸਾਬਕਾ ਸਰਪੰਚ ਗੁਰਵਿੰਦਰ ਸਿੰਘ ਦਾ ਕਹਿਣਾ ਹੈ ਕਿ ਇਸ ਬੱਚੇ ਨੇ ਪੂਰੇ ਪਿੰਡ ਦਾ ਨਾਮ ਰੌਸ਼ਨ ਕੀਤਾ ਹੈ। ਉਸ ਨੇ ਬੁਲੰਦੀਆਂ ਨੂੰ ਛੂਹਿਆ ਅਤੇ ਉਹ ਛੋਟੀ ਉਮਰ ਵਿੱਚ ਹੀ ਸਾਰੇ ਸੰਸਾਰ ਨੂੰ ਸਦੀਵੀਂ ਵਿਛੋੜਾ ਦੇ ਗਿਆ ਹੈ। ਪਿੰਡ ਵਿੱਚ ਬਹੁਤ ਵਧੀਆ ਵਿਚਰਦਾ ਹੁੰਦਾ ਸੀ। ਉਨ੍ਹਾਂ ਦੇ ਮਾਤਾ ਜੀ ਸਰਪੰਚ ਰਹੇ ਸਨ ਤੇ ਬਹੁਤ ਵਧੀਆ ਪਿੰਡ ਦਾ ਵਿਕਾਸ ਕੀਤਾ ਹੈ। ਪਿੰਡਵਾਸੀ ਗਗਨਦੀਪ ਸਿੰਘ ਨੇ ਦੱਸਿਆ ਕਿ ਜਦੋਂ ਵੀ ਆਉਂਦੇ ਸੀ ਤਾਂ ਗਰਾਊਂਡ ਵਿੱਚ ਆਉਂਦੇ ਸੀ। ਜੇ ਕੋਈ ਵੀ ਚੀਜ਼ ਗਰਾਊਂਡ ਵਿੱਚ ਚਾਹੀਦੀ ਹੁੰਦੀ ਸੀ ਤਾਂ ਮਦਦ ਕਰਦੇ ਸੀ। ਉਨ੍ਹਾਂ ਨੇ ਕਿਹਾ, ÷ਨੌਜਵਾਨਾਂ ਨਾਲ ਵਧੀਆ ਮਿਲ ਕੇ ਰਹਿੰਦਾ ਸੀ। ਹਮੇਸ਼ਾ ਘੁਲਮਿਲ ਕੇ ਰਹਿੰਦੇ ਸੀ।÷

**ਫੋਰਟਿਸ ਹਸਪਤਾਲ ਨੇ ਕੀ ਦੱਸਿਆ**

ਫੋਰਟਿਸ ਹਸਪਤਾਲ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਕਿ ਪੰਜਾਬੀ ਗਾਇਕ ਰਾਜਵੀਰ ਜਵੰਦਾ ਦਾ 8 ਅਕਤੂਬਰ, 2025 ਨੂੰ ਸਵੇਰੇ 10:55 ਵਜੇ ਫੋਰਟਿਸ ਹਸਪਤਾਲ, ਮੋਹਾਲੀ ਵਿੱਚ ਦੇਹਾਂਤ ਹੋ ਗਿਆ ਹੈ। ਉਨ੍ਹਾਂ ਨੂੰ 27 ਸਤੰਬਰ, 2025 ਨੂੰ ਇੱਕ ਸੜਕ ਹਾਦਸੇ ਤੋਂ ਬਾਅਦ ਬਹੁਤ ਹੀ ਗੰਭੀਰ ਹਾਲਤ ਵਿੱਚ ਦਾਖਲ ਕਰਵਾਇਆ ਗਿਆ ਸੀ, ਜਿਸ ਵਿੱਚ ਰੀੜ੍ਹ ਦੀ ਹੱਡੀ ਦੀਆਂ ਗੰਭੀਰ ਸੱਟਾਂ ਅਤੇ ਦਿਮਾਗ ਨੂੰ ਨੁਕਸਾਨ ਪਹੁੰਚਿਆ ਸੀ। ਵਿਆਪਕ ਡਾਕਟਰੀ ਸਹਾਇਤਾ ਅਤੇ ਕ੍ਰਿਟੀਕਲ ਕੇਅਰ ਅਤੇ ਨਿਊਰੋਸਰਜਰੀ ਟੀਮਾਂ ਵੱਲੋਂ ਨਿਰੰਤਰ ਨਿਗਰਾਨੀ ਦੇ ਬਾਵਜੂਦ, ਅੱਜ ਸਵੇਰੇ ਉਹ ਮਲਟੀਪਲ ਆਰਗਨ ਫੇਲ੍ਹ ਹੋਣ ਕਾਰਨ ਦਮ ਤੋੜ ਗਏ। ਉਨ੍ਹਾਂ ਦੇ ਪਰਿਵਾਰ ਅਤੇ ਪ੍ਰਸ਼ੰਸਕਾਂ ਪ੍ਰਤੀ ਸਾਡੀ ਡੂੰਘੀ ਸੰਵੇਦਨਾ।

**ਪਿਤਾ ਤੋਂ ਸਿੱਖੀ ਸੀ ਤੂੰਬੀ ਵਜਾਉਣੀ**

ਰਾਜਵੀਰ ਜਵੰਦਾ ਨੇ ਕੰਗਣੀ, ਸਰਦਾਰੀ, ਜੰਮੇ ਨਾਲ ਦੇ, ਕਲੀ ਜਾਵੰਦੇ ਦੀ ਵਰਗੇ ਗੀਤਾਂ ਨਾਲ



ਮਕਬੂਲੀਅਤ ਹਾਸਲ ਕੀਤੀ ਅਤੇ ਗਾਇਕੀ ਦੀ ਦੁਨੀਆਂ ਵਿੱਚ ਵਿਲੱਖਣ ਪਛਾਣ ਬਣਾਈ। ਲੋਕ ਗੀਤ-ਸੰਗੀਤ ਉਨ੍ਹਾਂ ਦੀ ਪਹਿਲੀ ਪਸੰਦ ਅਤੇ ਉਨ੍ਹਾਂ ਦੀ ਅਵਾਜ਼ ਦੀ ਖ਼ਾਸੀਅਤ ਵੀ ਸਨ। ਉਨ੍ਹਾਂ ਦੇ ਲਾਈਵ-ਸ਼ੋਅਜ਼ ਨੂੰ ਉਨ੍ਹਾਂ ਨੂੰ ਦੇ ਪ੍ਰਸ਼ੰਸਕਾਂ ਵੱਲੋਂ ਕਾਫ਼ੀ ਪਿਆਰ ਮਿਲਿਆ। ਰਾਜਵੀਰ ਜਵੰਦਾ ਨੇ ਗਾਇਕੀ ਦੇ ਨਾਲ-ਨਾਲ ਕਈ ਫ਼ ?ਲਮਾਂ ਵਿੱਚ ਅਦਾਕਾਰੀ ਵੀ ਕੀਤੀ ਹੈ। ਰਾਜਵੀਰ ਲੁਧਿਆਣਾ ਜ਼ਿਲ੍ਹੇ ਵਿੱਚ ਜਗਰਾਓਂ ਨੇੜੇ ਪੋਨਾ ਪਿੰਡ ਨਾਲ ਸਬੰਧ ਰੱਖਦੇ ਸਨ। ਉਹ ਬਚਪਨ ਤੋਂ ਹੀ ਸੰਗੀਤ ਨਾਲ ਜੁੜੇ ਹਨ। ਉਨ੍ਹਾਂ ਨੂੰ ਜਾਣਨ ਵਾਲੇ ਦੱਸਦੇ ਹਨ ਕਿ ਹੁਣ ਉਹ ਆਪਣੀ ਪਤਨੀ, ਬੇਟੇ ਅਤੇ ਮਾਂ ਨਾਲ ਮੋਹਾਲੀ ਰਹਿਣ ਲੱਗੇ ਸਨ। ਉਨ੍ਹਾਂ ਨੇ ਇੱਕ ਇੰਟਰਵਿਊ ਵਿੱਚ ਜ਼ਿਕਰ ਕੀਤਾ ਸੀ ਕਿ ਪਿੰਡ ਵਿੱਚ ਹੀ ਢਾਡੀਆਂ-ਕਵੀਸ਼ਰਾਂ ਨੂੰ ਸੁਣ ਕੇ ਉਹ ਸੰਗੀਤ ਤੋਂ ਜਾਣੂ ਹੋਏ, ਜਿੱਥੇ ਉਨ੍ਹਾਂ ਦੇ ਦਾਦਾ ਉਨ੍ਹਾਂ ਨੂੰ ਲੈ ਕੇ ਜਾਂਦੇ ਸਨ। ਰਾਜਵੀਰ ਨੇ ਆਪਣੇ ਪਿਤਾ ਤੋਂ ਤੂੰਬੀ ਵਜਾਉਣੀ ਸਿੱਖੀ ਅਤੇ ਬਹੁਤ ਛੋਟੀ ਉਮਰ ਵਿੱਚ ਸਾਲ 1999 ਤੋਂ ਸੰਗੀਤ ਸਿੱਖਣਾ ਸ਼ੁਰੂ ਕਰ ਦਿੱਤਾ ਸੀ। ਰਾਜਵੀਰ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਥੀਏਟਰ ਐਂਡ ਟੀਵੀ ਵਿੱਚ ਪੋਸਟ ਗ੍ਰੈਜੁਏਸ਼ਨ ਕੀਤੀ ਸੀ। ਯੂਨੀਵਰਸਿਟੀ ਵਿੱਚ ਪੜ੍ਹਦਿਆਂ ਹੀ ਉਨ੍ਹਾਂ ਨੇ ਸਟੇਜਾਂ ’ਤੇ ਗਾਉਣਾ ਸ਼ੁਰੂ ਕੀਤਾ ਅਤੇ ਸਾਲ 2016 ਵਿੱਚ ਕਮਰਸ਼ੀਅਲ ਗਾਇਕ ਵਜੋਂ ਸ਼ੁਰੂਆਤ ਕੀਤੀ। ਪੇਸ਼ੇਵਰ ਗਾਇਕੀ ਵਿੱਚ ਉਤਰਨ ਤੋਂ ਪਹਿਲਾਂ ਯੂਨੀਵਰਸਿਟੀ ਵਿੱਚ ਇੱਕ ਨਿੱਜੀ ਚੈਨਲ ਦੇ ਪ੍ਰੋਗਰਾਮ ਵਿੱਚ ਰਿਕਾਰਡ ਕੀਤਾ ਗਿਆ ਰਾਜਵੀਰ ਦਾ ਇੱਕ ਗੀਤ 2007 ਵਿੱਚ ਕਾਫ਼ੀ ਵਾਇਰਲ ਹੋਇਆ ਸੀ। ਇੱਕ ਵਿਦੇਸ਼ੀ ਚੈਨਲ ਨੂੰ ਕਰੀਬ ਛੇ-ਸੱਤ ਮਹੀਨੇ ਪਹਿਲਾਂ ਦਿੱਤੇ ਇੰਟਰਵਿਊ ਵਿੱਚ ਰਾਜਵੀਰ ਜਵੰਦਾ ਨੇ ਕਿਹਾ ਸੀ ਕਿ ਉਨ੍ਹਾਂ ਦਾ ਸੁਫਨਾ ਅਜਿਹਾ ਗੀਤ ਗਾਉਣ ਦਾ ਹੈ ਜੋ ਉਨ੍ਹਾ ਨੂੰ ਅਮਰ ਕਰ ਦੇਵੇ। ਉਨ੍ਹਾਂ ਇਹ ਵੀ ਕਿਹਾ ਸੀ, ÷ਇੱਕ ਮੇਰਾ ਸੁਫਨਾ ਇਹ ਹੈ ਕਿ ਮੈਂ ਇੰਨਾ ਲੰਮਾ ਸਮਾਂ ਗਾਵਾਂ ਕਿ ਜਿਸ ਮੁੰਡੇ ਦੇ ਵਿਆਹ ਵਿੱਚ ਅੱਜ ਗਾਇਆ, ਸਾਲਾਂ ਬਾਅਦ ਫਿਰ ਉਸ ਦੇ ਮੁੰਡੇ ਦੇ ਵਿਆਹ ’ਤੇ ਗਾਵਾਂ।

**ਸਿਆਸੀ ਅਤੇ ਮਨੋਰੰਜਨ ਜਗਤ ਨੇ ਦੁੱਖ ਪ੍ਰਗਟਾਇਆ**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਐਕਸ ਉੱਤੇ ਇੱਕ ਪੋਸਟ ਵਿੱਚ ਲਿਖਿਆ ਹੈ,“ਮਸ਼ਹੂਰ ਪੰਜਾਬੀ ਗਾਇਕ ਰਾਜਵੀਰ ਜਵੰਦਾ ਦੀ ਹਿਮਾਚਲ ਪ੍ਰਦੇਸ਼ ਦੇ ਬੱਦੀ ਨੇੜੇ ਵਾਪਰੇ ਭਿਆਨਕ ਸੜਕ ਹਾਦਸੇ ਤੋਂ ਬਾਅਦ ਇਲਾਜ ਦੌਰਾਨ ਹੋਈ ਮੌਤ ਦੀ ਖ਼ਬਰ ਸੁਣਕੇ ਬਹੁਤ ਦੁੱਖ ਹੋਇਆ। ਪੰਜਾਬੀ ਸੰਗੀਤ ਜਗਤ ਦਾ ਸਿਤਾਰਾ ਹਮੇਸ਼ਾ ਲਈ ਅਲੋਪ ਹੋ ਗਿਆ।

## ਗਾਇਕ ਵਜੋਂ ਮਸ਼ਹੂਰ ਹੋਣ ਬਾਅਦ ਵੀ ਕੀਤੀ ਪੁਲਿਸ ਵਿਭਾਗ ਦੀ ਨੌਕਰੀ

ਰਾਜਵੀਰ ਜਵੰਦਾ ਪੇਸ਼ੇਵਰ ਗਾਇਕੀ ਦੇ ਖੇਤਰ ਵਿੱਚ ਆਉਣ ਤੋਂ ਪਹਿਲਾਂ ਪੁਲਿਸ ਅਫ਼ਸਰ ਸਨ। ਉਹ ਸਾਲ 2011 ਵਿੱਚ ਪੰਜਾਬ ਪੁਲਿਸ ਵਿੱਚ ਭਰਤੀ ਹੋ ਗਏ ਸਨ ਅਤੇ ਨੌਂ ਸਾਲ ਇਹ ਨੌਕਰੀ ਕੀਤੀ। ਕਈ ਗੀਤਾਂ ਦੇ ਵੀਡੀਓਜ਼ ਵਿੱਚ ਵੀ ਰਾਜਵੀਰ ਪੁਲਿਸ ਦੀ ਵਰਦੀ ਵਿੱਚ ਨਜ਼ਰ ਆਏ ਹਨ। ਰਾਜਵੀਰ ਜਵੰਦਾ ਹਿੱਟ ਹੋਣ ਬਾਅਦ ਵੀ ਪੁਲਿਸ ਵਿੱਚ ਨੌਕਰੀ ਕਰਦੇ ਰਹੇ ਸਨ। ਪੰਜਾਬ ਪੁਲਿਸ ਵਿਭਾਗ ਵਲੋਂ ਗਾਇਕੀ ਲਈ ਸਹਿਯੋਗ ਮਿਲਣ ਦਾ ਦਾਅਵਾ ਵੀ ਜਵੰਦਾ ਨੇ ਕਈ ਵਾਰ ਕੀਤਾ ਸੀ। ਇੱਕ ਇੰਟਰਵਿਊ ਵਿੱਚ ਰਾਜਵੀਰ ਨੇ ਦੱਸਿਆ ਸੀ ਕਿ ਕਈ ਵਾਰ ਉਨ੍ਹਾਂ ਨੇ ਰਾਤ ਨੂੰ ਪੁਲਿਸ ਡਿਊਟੀ ਨਿਭਾ ਕੇ ਦਿਨ ਵੇਲੇ ਰਿਕਾਰਡਿੰਗਾਂ ਜਾਂ ਸ਼ੋਅ ਕੀਤੇ। ਆਪਣੇ ਅਖਾੜਿਆਂ ਦੌਰਾਨ ਵੀ ਉਹ ਵਿਭਾਗੀ ਮੀਟਿੰਗਾਂ ਵਿੱਚ ਸ਼ਾਮਲ ਹੁੰਦੇ ਰਹੇ ਸਨ। ਗਾਇਕੀ ਵਿੱਚ ਰੁਝੇਵੇਂ ਵਧਣ ਤੋਂ ਬਾਅਦ ਰਾਜਵੀਰ ਨੇ ਪੁਲਿਸ ਵਿਭਾਗ ਤੋਂ ਅਸਤੀਫਾ ਦੇ ਦਿੱਤਾ ਸੀ।

## ਬਾਈਕਿੰਗ ਦੇ ਸ਼ੌਕੀਨ ਰਾਜਵੀਰ ਨੂੰ ਲੇਹ-ਲੱਦਾਖ ਬੇਹੱਦ ਪਸੰਦ

ਅਸੀਂ ਅਕਸਰ ਰਾਜਵੀਰ ਜਵੰਦਾ ਦੇ ਸ਼ੋਸ਼ਲ ਮੀਡੀਆ ਅਕਾਊਂਟਸ ’ਤੇ ਉਨ੍ਹਾਂ ਦੀਆਂ ਮੋਟਰ ਸਾਈਕਲ ’ਤੇ ਘੁੰਮਦਿਆਂ ਦੀਆਂ ਤਸਵੀਰਾਂ ਦੇਖਦੇ ਰਹੇ ਹਾਂ। ਉਹ ਅਕਸਰ ਹੀ ਦੋਸਤਾਂ ਨਾਲ ਜਾਂ ਬਾਈਕਰਜ਼ ਗਰੁੱਪ ਨਾਲ ਘੁੰਮਣ ਜਾਂਦੇ ਸਨ। ਪਥਰੀਲੇ ਪਹਾੜਾਂ ਦੀ ਧਰਤੀ ਲੇਹ ਜਵੰਦਾ ਨੂੰ ਬੇਹੱਦ ਪਸੰਦ ਸੀ। ਕੰਮਾਂ-ਕਾਰਾਂ ਤੋਂ ਵਿਹਲੇ ਹੋ ਕੇ ਰਾਜਵੀਰ ਨੂੰ ਲੇਹ ਜਾਣ ਦਾ ਚਾਅ ਹੁੰਦਾ ਸੀ। ਇੱਕ ਹੋਰ ਇੰਟਰਵਿਊ ਵਿੱਚ ਉਨ੍ਹਾਂ ਨੇ ਦੱਸਿਆਸੀ ਕਿ ਉਨ੍ਹਾਂ ਨੇ ਐਨਫੀਲਡ ਮੋਟਰਸਾਈਕਲ ਲਿਆ ਸੀ ਅਤੇ 2014 ਵਿਚ ਪਹਿਲੀ ਵਾਰ ਲੇਹ ਗਏ ਸਨ। ਉੱਥੇ ਵਿਦੇਸ਼ੀ ਸੈਲਾਨੀਆਂ ਤੋਂ ਪ੍ਰੇਰਿਤ ਹੋ ਕੇ ਉਨ੍ਹਾਂ ਨੂੰ ਬਾਈਕਿੰਗ ਦਾ ਹੋਰ ਸ਼ੌਂਕ ਪੈ ਗਿਆ। ਉਨ੍ਹਾਂ ਇਹ ਵੀ ਦੱਸਿਆ ਸੀ ਕਿ ਉਨ੍ਹਾਂ ਕੋਲ ਤਿੰਨ-ਚਾਰ ਮੋਟਰਸਾਈਕਲ ਹਨ। 2014 ਤੋਂ ਬਾਅਦ ਰਾਜਵੀਰ ਜਵੰਦਾ ਕਈ ਵਾਰ ਲੇਹ-ਲੱਦਾਖ ਗਏ ਸਨ। ਰਾਜਵੀਰ ਹੋਟਲਾਂ ਵਿੱਚ ਰੁਕਣ ਦੀ ਬਜਾਇ ਕੈਂਪਿੰਗ ਪਸੰਦ ਕਰਦੇ ਸਨ ਜਿਸ ਲਈ ਉਹ ਆਪਣੇ ਨਾਲ ਟੈਂਟ ਲੈ ਕੇ ਜਾਂਦੇ ਸਨ। ਉਨ੍ਹਾਂ ਨੂੰ ਬਾਈਕ ਰਾਈਡਿੰਗ ਤੋਂ ਇਲਾਵਾ ਹੋਰ ਐਡਵੈਂਚਰਸ ਖੇਡਾਂ ਦਾ ਵੀ ਸ਼ੌਂਕ ਸੀ। ਉਨ੍ਹਾਂ ਨੂੰ ਜਾਣਨ ਵਾਲੇ ਦੱਸਦੇ ਹਨ ਕਿ ਪਰਿਵਾਰ ਅਕਸਰ ਬਾਈਕ ਰਾਈਡਿੰਗ ਤੋਂ ਉਨ੍ਹਾਂ ਨੂੰ ਰੋਕਦਾ ਸੀ, ਪਰ ਉਹ ਆਪਣਾ ਸ਼ੌਂਕ ਪੂਗਾ ਲੈਂਦੇ ਸਨ।

## ਕਿਸਾਨ ਅੰਦੋਲਨ ਵਿੱਚ ਸਰਗਰਮ ਭੂਮਿਕਾ

ਸਾਲ 2020 ਵਿੱਚ ਤਿੰਨ ਖੇਤੀ ਕਾਨੂੰਨਾਂ ਸਬੰਧੀ ਦਿੱਲੀ ਦੀਆਂ ਬਰੂਹਾਂ @ਤੇ ਚੱਲੇ ਅੰਦੋਲਨ ਵਿੱਚ ਗਾਇਕ ਰਾਜਵੀਰ ਜਵੰਦਾ ਦੀ ਮੌਜੂਦਗੀ ਨੂੰ ਨਜ਼ਰਅੰਦਾਜ ਨਹੀਂ ਕੀਤਾ ਜਾ ਸਕਦਾ। ਬੀਬੀਸੀ ਪੱਤਰਕਾਰ ਹਰਮਨਦੀਪ ਸਿੰਘ ਮੁਤਾਬਕ, ਜਵੰਦਾ ਕਈ-ਕਈ ਦਿਨਾਂ ਤੱਕ ਲਗਾਤਾਰ ਕਿਸਾਨਾਂ ਦਰਮਿਆਨ ਹੀ ਰਹਿੰਦੇ ਸਨ। ਇੱਥੇ ਉਹ ਆਪਣੇ ਸ਼ੋਸ਼ਲ ਮੀਡੀਆ ਖਾਤਿਆਂ ਰਾਹੀਂ ਆਪਣੇ ਲੱਖਾਂ ਪ੍ਰਸ਼ੰਸਕਾਂ ਨੂੰ ਧਰਨੇ ਵਿੱਚ ਸ਼ਾਮਲ ਹੋਣ ਅਤੇ ਕਿਸਾਨਾਂ ਦਾ ਸਾਥ ਦੇਣ ਦੀ ਅਪੀਲ ਕਰਦੇ। ਧਰਨੇ ਦੌਰਾਨ ਉਹ ਸਟੇਜ ਉੱਤੇ ਭਾਸ਼ਣ ਵੀ ਦਿੰਦੇ ਸਨ ਅਤੇ ਆਪਣੀ ਸੁਰੀਲੀ ਆਵਾਜ਼ ਰਾਹੀਂ ਲੋਕ ਗੀਤ ਗਾ ਕੇ ਕਿਸਾਨਾਂ ਵਿੱਚ ਜੋਸ਼ ਭਰਦੇ ਸਨ। ਇਸ ਦੌਰਾਨ ਉਨ੍ਹਾਂ ਵੱਲੋਂ ਗਾਏ ’ਸੁਣ ਦਿੱਲੀਏ’ ਅਤੇ ’ਸੁਣ ਕੇ ਜੈਕਾਰਾ’ ਗੀਤ ਕਾਫੀ ਮਕਬੂਲ ਹੋਏ। ਜ਼ਿਕਰਯੋਗ ਹੈ ਉਨ੍ਹਾਂ ਦੇ ਪਿਤਾ ਕਰਮ ਸਿੰਘ ਦੀ ਚਾਰ ਸਾਲ ਪਹਿਲਾਂ ਜਦੋਂ ਮੌਤ ਹੋਈ ਸੀ, ਉਸ ਸਮੇਂ ਵੀ ਰਾਜਵੀਰ ਕਿਸਾਨ ਅੰਦੋਲਨ ਵਿੱਚ ਸ਼ਾਮਲ ਹੋਣ ਲਈ ਟਿਕਰੀ ਬਾਰਡਰ ’ਤੇ ਗਏ ਹੋਏ ਸਨ। ਸੋਸ਼ਲ ਮੀਡੀਆ ਉੱਤੇ ਮੌਜੂਦ ਇੱਕ ਵੀਡੀਓ ਵਿੱਚ ਜਵੰਦਾ ਨੂੰ ਆਮ ਲੋਕਾਂ ਨੂੰ ਕਿਸਾਨਾਂ ਦੇ ਹੱਕ ਵਿੱਚ ਦਿੱਲੀ ਪਹੁੰਚਣ ਦੀ ਅਪੀਲ ਕਰਦਿਆਂ ਸੁਣਿਆ ਜਾ ਸਕਦਾ ਹੈ। ਉਨ੍ਹਾਂ ਦਾ ਗੀਤ ’ਸੁਣ ਦਿੱਲੀਏ’ ਅੰਦੋਲਨ ਦੀ ਕਾਮਯਾਬੀ ਦਾ ਗਾਥਾ ਹੈ।



# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 324

Website: www.preetnama.com Email preetnamausa@gmail.com

10 OCT TO 16 OCT, 2025




# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 324

Website: www.preetnama.com Email preetnamausa@gmail.com

10 OCT TO 16 OCT, 2025



LOWER YOUR PROPERTY TAXES

Our fee 35% others charge 50%

NO REDUCTION → NO FEE

CALL 516-680-8037



HUGE TAX SAVINGS FOR OUR HOMEOWNERS

Muttontown $13,435
Jericho - $9,458
Levittown - $3,788
Roslyn - $3,435
Wantagh - $3,208
East Hills $7,925

Woodbury - $4,836
Bayville - $5,797
Westbury - $3,609
Bellmore - $3,731
Bethpage - $3,066
Manhasset $5,840



Varinder K Bhalla
Former Commissioner
Nassau County ARC

PropertyTax ReductionGuru

★★★★★ Five Star Rating by Our Clients

WWW.PropertyTaxReductionGuru.com

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 324

Website: www.preetnama.com Email preetnamausa@gmail.com

10 OCT TO 16 OCT, 2025







# Preetnama

ਪ੍ਰੀਤਨਾਮਾ ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 324 | Website: www.preetnama.com Email preetnamausa@gmail.com | 10 OCT TO 16 OCT, 2025




# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 324 | Website: www.preetnama.com Email preetnamausa@gmail.com | 10 OCT TO 16 OCT, 2025





# ਹਫ਼ਤਾਵਾਰੀ ਪ੍ਰੀਤਨਾਮਾ

Weekly Preetnama www.preetnama.com +1 (201) 312-4180



**PRITPAL KAUR**
Editor-In-Chief
+1 201-312-4180
+1 917-328-8436

******************************
Sunil Kumar Gund
(Journalist) India
*********************************

Raj Rani
Video editor
************************************

Jagmeet Kaur
97817-41631
******************************

ADVISORY BOARD

Joga Singh
******************************
Jaswinder Singh New Jersey
******************************
Mindi Manak
NewYork
*********************************
Jagjit Singh Dasuya
******************************
Gurmeet Singh Dhalwan
Chicago
******************************
G. S Singh Punjab
******************************
Sujan Nag, USA
******************************
Dr. Jagdeep Dhimaan, India
******************
Sarabjit Kaur Punjab
**********************
Sukhmandar Brar
(Bhagata Bhaika) Vancouver,


ਪ੍ਰੀਤਨਾਮ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਪ੍ਰੀਤਨਾਮਾ ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਜਾਂ ਅਖਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਪ੍ਰੀਤਨਾਮਾ ਨੂੰ ਰਚਨਾਵਾਂ ਵਿਚ ਲੋੜ ਅਨੁਸਾਰ ਕਾਂਟ ਛਾਂਟ ਕਰਨ ਦਾ ਜਾਂ ਬਿਲਕੁਲ ਨਾ ਛਾਪਣ ਦਾ ਅਧਿਕਾਰ ਹੈ। ਇਸ਼ਤਿਹਾਰ ਵਿਚ ਛਪੀ ਸਮਗਰੀ ਲਈ ਇਸ਼ਤਿਹਾਰਦਾਤਾ ਖੁਦ ਜ਼ਿੰਮੇਵਾਰ ਹੋਵੇਗਾ। ਇਸ਼ਤਿਹਾਰਾਂ ਵਿਚ ਦਿੱਤੀ ਗਈ ਜਾਣਕਾਰੀ, ਕੀਮਤ, ਵਰੰਟੀ, ਕੁਆਲਿਟੀ, ਸੁਝਾਵਾਂ ਲਈ ਸਿਰਫ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੋਵੇਗੀ।

**The Preetnama is not responsible or legally lible for any news, article, advertisement or typing mistakes in the news or articles**

ਪਿਛਲੇ ਕੁਝ ਹਫਤਿਆਂ ਤੋਂ ਪਾਠਕਾਂ ਵੱਲੋਂ ਲੇਖ ਪ੍ਰਕਾਸ਼ਿਤ ਨਾ ਹੋਣ ਦੇ ਲਗਾਤਾਰ ਫੋਨ ਆ ਰਹੇ ਹਨ, ਜਿਸ ਲਈ ਲਈ ਖਿਮਾ ਦੇ ਜਾਚਕ ਹਾਂ। ਪ੍ਰੀਤਨਾਮਾ ਵੱਲੋਂ ਲੇਖਕਾਂ ਨੂੰ ਬੇਨਤੀ ਹੈ ਕਿ ਇੱਕ ਵਾਰ ਵਿਚ ਇੱਕ ਹੀ ਲੇਖ ਭੇਜਿਆ ਜਾਵੇ ਤਾਂ ਜੋ ਢੁੱਕਵੀਂ ਜਗ੍ਹਾਂ 'ਤੇ ਪ੍ਰਕਾਸ਼ਿਤ ਕੀਤਾ ਜਾ ਸਕੇ।

**Preetnamausa@gmail.com**
**www.preetnama.com**

# ਸਮੁੱਚੀ ਧਰਤੀ ਨੂੰ ਆਪਣਾ ਘਰ ਅਤੇ ਸਮੁੱਚੀ ਮਨੁੱਖਤਾ ਨੂੰ ਆਪਣਾ ਪਰਿਵਾਰ ਸਮਝ ਕੇ ਪਿਆਰ ਕਰੋ

ਸਮੁੱਚੇ ਜੀਵ ਪ੍ਰਾਣੀਆਂ ਵਿੱਚੋਂ ਆਪਣੇ ਆਪ ਨੂੰ ਸੂਝਵਾਨ ਕਹਾਉਣ ਵਾਲਾ ਇੱਕੋ ਜੀਵ ਹੈ ਮਨੁੱਖ। ਇਹ ਸੱਚ ਵੀ ਹੈ, ਮਨੁੱਖੀ ਸੋਚ ਨੇ ਤਰੱਕੀ ਵੀ ਬਹੁਤ ਕੀਤੀ ਹੈ, ਆਪਣੇ ਲਈ ਸੁੱਖ ਸਹੂਲਤਾਂ ਦੇ ਸਾਧਨ ਵੀ ਬਹੁਤ ਤਿਆਰ ਕੀਤੇ ਹਨ। ਮਨੁੱਖ ਨੇ ਆਪਣੀ ਜਿੰਦਗੀ ਨੂੰ ਵਧੀਆ ਢੰਗ ਨਾਲ ਜਿਉਣ ਅਤੇ ਆਪਣੇ ਹੱਕਾਂ ਲਈ ਕੁੱਝ ਨਿਯਮ ਵੀ ਬਣਾਏ ਹਨ, ਜਿੰਨਾ ਨੂੰ ਮਨੁੱਖੀ ਅਧਿਕਾਰਾਂ ਦਾ ਨਾਮ ਦਿੱਤਾ ਗਿਆ ਹੈ। 10 ਦਸੰਬਰ 1948 ਵਿੱਚ ਸ਼ੁਰੂ ਹੋਏ ਅਤੇ ਹੁਣ ਹਰ ਸਾਲ 10 ਦਸੰਬਰ ਨੂੰ ਪੂਰੀ ਦੁਨੀਆਂ ਵਿੱਚ ਮਨਾਏ ਜਾਂਦੇ ਮਨੁੱਖੀ ਅਧਿਕਾਰ ਦਿਵਸ਼ ਦੇ ਨਿਯਮਾਂ ਅਨੁਸਾਰ ਸਾਰੇ ਮਨੁੱਖ ਬਰਾਬਰ ਦੇ ਹੱਕਦਾਰ ਹਨ, ਕੋਈ ਊਚ ਜਾਂ ਨੀਚ ਨਹੀਂ ਹੈ, ਨਾ ਕੋਈ ਕਿਸੇ ਦਾ ਹੱਕ ਖੋਹ ਸਕਦਾ ਹੈ, ਨਾ ਕੋਈ ਕਿਸੇ ਨੂੰ ਤੰਗ ਕਰ ਸਕਦਾ ਹੈ, ਨਾ ਕੋਈ ਕਿਸੇ ਨੂੰ ਮਾਰ ਸਕਦਾ ਹੈ, ਨਾ ਕੋਈ ਕਿਸੇ ਨੂੰ ਗੁਲਮ ਬਣਾ ਸਕਦਾ ਹੈ, ਜਾਤ, ਧਰਮ, ਰੰਗ, ਨਸਲ, ਇਲਾਕਾ, ਲਿੰਗ, ਭਾਸਾ ਆਦਿ ਦੇ ਅਧਾਰ ਤੇ ਕੋਈ ਵੀ ਕਿਸੇ ਨਾਲ ਵਿਤਕਰਾ ਨਹੀਂ ਕਰ ਸਕਦਾ, ਭਾਵ ਕਿ ਕੋਈ ਵੀ ਕਿਸੇ ਨੂੰ ਕਿਸੇ ਤਰਾਂ ਦੀ ਵੀ ਤਕਲੀਫ ਨਹੀਂ ਦੇ ਸਕਦਾ, ਸੱਭ ਨੂੰ ਆਪਣੇ ਦਾਇਰੇ ਵਿੱਚ ਰਹਿ ਕੇ ਖੁਸ਼ੀ-ਖੁਸ਼ੀ ਆਪਣੀ ਵਧੀਆ ਜਿੰਦਗੀ ਜਿਉਣ ਦਾ ਹੱਕ ਹੈ, ਜੋ ਬਹੁਤ ਵਧੀਆ ਸੋਚ ਹੈ। ਪਰ ਅਫਸੋਸ ਕਿ ਮਨੁੱਖ ਅਤੇ ਮਨੁੱਖੀ ਅਧਿਕਾਰਾਂ ਨੂੰ ਖਤਰਾਂ ਵੀ ਮਨੁੱਖ ਤੋਂ ਹੀ ਹੈ। ਕਿਉਂਕਿ ਮਨੁੱਖੀ ਹੱਕਾਂ ਦੀ ਰਾਖੀ ਦਾ ਢੰਡੋਰਾ ਪਿੱਟਣ ਵਾਲੇ ਦੇਸ਼ ਹੀ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਦੂਜੇ ਦੇਸ਼ਾਂ ਨੂੰ ਆਪਣੇ ਗੁਲਾਮ ਬਣਾਉਣ ਲਈ ਮਨੁੱਖੀ ਅਧਿਕਾਰਾਂ ਦਾ ਘਾਣ ਕਰ ਰਹੇ ਹਨ, ਮਨੁੱਖੀ ਅਧਿਕਾਰਾਂ ਦੇ ਰਾਖੇ ਕਹਾਉਣ ਵਾਲੇ ਮਨੁੱਖ ਹੀ ਮੰਤਰੀਆਂ ਦੇ ਰੂਪ ਵਿੱਚ ਜਾਤਾਂ ਧਰਮਾਂ ਦੇ ਨਾਵਾਂ ਤੇ ਨਫਰਤਾਂ ਫੈਲਾਅ ਕੇ ਮਨੁੱਖਾਂ ਦਾ ਕਤਿਲੇਆਮ ਕਰਵਾ ਰਹੇ ਹਨ, ਮਨੁੱਖ ਹੀ ਮਨੁੱਖ ਦੇ ਚੋਰੀਆਂ ਕਰਦਾ ਹੈ, ਅਤੇ ਮਨੁੱਖਤਾ ਦੇ ਘਾਣ ਲਈ ਨਸ਼ਿਆਂ ਦਾ ਵਪਾਰ ਕਰਦੈ, ਫਿਰ ਮਨੁੱਖ ਹੀ ਪੁਲਿਸ ਦੇ ਰੂਪ ਵਿੱਚ ਚੋਰਾਂ ਦਾ ਸਾਥ ਦਿੰਦਾ ਹੈ ਅਤੇ ਬੇਗੁਨਾਹਾਂ ਤੇ ਝੂਠੇ ਕੇਸ ਪਾ ਦਿੰਦਾ ਹੈ, ਮਨੁੱਖ ਹੀ ਅਫਸਰਾਂ ਦੇ ਰੂਪ ਵਿੱਚ ਆਪਣੇ ਘਰ ਭਰਨ ਲਈ ਮੋਟੀਆਂ ਰਿਸਵਤਾਂ ਲੈਂਦਾ ਹੈ, ਮਨੁੱਖ ਹੀ ਮਨੁੱਖਾਂ ਨੂੰ ਬਚਾਉਣ ਲਈ ਡਾਕਟਰੀ ਦਾ ਕੋਰਸ ਕਰਕੇ, ਮਨੁੱਖਾਂ ਨੂੰ ਲੁੱਟ ਕੇ ਮਾਰ ਰਿਹਾ ਹੈ, ਮਨੁੱਖ ਹੀ ਆਪਣੇ ਵੱਧ ਮੁਨਾਫੇ ਦੀ ਦੌੜ ਕਾਰਨ ਦੁਕਾਨਦਾਰਾਂ ਦੇ ਰੂਪ ਵਿੱਚ ਸਹਿਰਾਂ ਦੀਆਂ ਸੜਕਾਂ ਤੇ ਨਾਜਾਇਜ ਕਬਜੇ ਕਰਦਾ ਅਤੇ ਖਾਣ ਪੀਣ ਦੇ ਸਮਾਨ ਵਿੱਚ ਮਿਲਾਵਟਾਂ ਕਰਦਾ ਹੈ, ਕਿਸਾਨਾਂ ਦੇ ਰੂਪ ਵਿੱਚ ਗੁਆਂਢੀਆਂ ਦੀਆਂ ਵੱਟਾਂ ਵੱਢਦੈ, ਰਾਹਾਂ ਤੇ ਨਾਜਾਇਜ ਕਬਜੇ ਕਰਦੈ ਅਤੇ ਫਸਲਾਂ ਵਿੱਚ ਜਹਿਰ ਘੋਲਦਾ ਹੈ, ਭਾਵ ਕਿ ਹਰ ਬੁਰਾਈ ਜਿਸ ਨੂੰ ਮਨੁੱਖ ਮਾੜੀ ਕਹਿੰਦਾ ਹੈ, ਉਸ ਬੁਰਾਈ ਨੂੰ ਮਨੁੱਖ ਹੀ ਕਰਦਾ ਹੈ। ਜਦੋਂ ਮਨੁੱਖ ਆਪਣੇ ਬਣਾਏ ਨਿਯਮਾਂ ਨੂੰ ਤੋੜ ਕੇ ਹੋਰਾਂ ਲਈ ਖਤਰਾ ਬਣਦਾ ਹੈ ਫਿਰ ਅਸੀਂ ਕਹਿੰਦੇ ਹਾਂ ਕਿ ਇੱਥੇ ਤਾਂ ਜੰਗਲੀ ਰਾਜ ਹੋ ਗਿਆ ਹੈ ਜਦਕਿ ਜੰਗਲੀ ਰਾਜ ਵੀ ਅਜੋਕੇ ਮਨੁੱਖ ਦੇ ਵਹਿਸੀਪੁਣੇ ਜਿੰਨਾ ਮਾੜਾ ਕਦੇ ਵੀ ਨਹੀਂ ਰਿਹਾ। ਮੈਂ ਤਾਂ ਕਈ ਬਾਰ ਸੋਚਦਾ ਹੁੰਦਾ ਹਾਂ ਕਿ ਜੇ ਮਨੁੱਖ ਦੀ ਸੋਚ ਵਿਕਾਸ ਨਾ ਕਰਦੀ, ਇਹ ਜੰਗਲ ਦੇ ਜਾਨਵਰਾਂ ਵਾਂਗ ਹੀ ਇੱਕ ਜਾਨਵਰ ਹੋ ਕੇ ਕੁਦਰਤੀ ਜਿੰਦਗੀ ਜਿਉਂਦਾ ਹੁੰਦਾ ਤਾਂ ਇੱਥੇ ਸੱਭ ਕੁੱਝ ਕੁਦਰਤੀ ਹੋਣਾ ਸੀ, ਜੇ ਕਿਸੇ ਨੂੰ ਬਚਾਉਣ ਦੇ ਸਾਧਨ, ਨਿਯਮ/ਕਾਨੂੰਨ ਨਹੀਂ ਸੀ ਹੋਣੇ ਤਾਂ ਕਿਸੇ ਨੂੰ ਮਾਰਨ ਲਈ ਅਜੋਕੇ ਮਾਰੂ ਹਥਿਆਰ ਵੀ ਨਹੀਂ ਸੀ ਹੋਣੇ। ਮਨੁੱਖੀ ਸੋਚ ਨੇ ਆਪਣੇ ਸੁੱਖਾਂ ਲਈ ਜਿੱਥੇ ਕੁਦਰਤੀ ਵਾਤਵਰਣ ਦੇ ਨਾਨ ਨਾਲ ਧਰਤੀ ਉੱਤੇ ਵਸਦੇ ਹਰ ਜੀਵ ਦੇ ਹੱਕਾਂ ਦਾ ਘਾਣ ਕੀਤਾ ਹੈ ਉਥੇ ਮਨੁੱਖਤਾ ਲਈ ਖਤਰਾ ਵੀ ਮਨੁੱਖ ਹੀ ਬਣਿਆਂ ਹੈ। ਫਿਰ ਕੀ ਸਿਰਫ ਹੋਰਾਂ ਲਈ ਖਤਰਾ ਬਣਨਾ ਹੀ ਮਨੁੱਖ ਦੀ ਸਿਆਣਪ ਹੈ ? ਇਸ ਸਿਆਣਪ ਦਾ ਕਿਸੇ ਨੂੰ ਤਾਂ ਕੀ, ਖੁਦ ਮਨੁੱਖ ਨੂੰ ਵੀ ਕੀ ਲਾਭ ਹੋਇਆ ? ਗੱਲ ਤਾਂ ਸਿਰਫ ਜਿਉਣ ਦੀ ਅਤੇ ਆਪਣੇ ਬੱਚੇ ਪਾਲਣ ਦੀ ਹੀ ਹੈ। ਇਹ ਤਾਂ ਜੰਗਲਾਂ ਵਿੱਚ ਜਾਨਵਰ ਵੀ ਜਿਉਂ ਰਹੇ ਹਨ ਅਤੇ ਆਪਣੇ ਬੱਚੇ ਪਾਲ਼ ਰਹੇ ਹਨ, ਉੱਥੇ ਨਾ ਕੋਈ ਉਹਨਾ ਦੇ ਹੱਕਾਂ ਦੀ ਰਾਖੀ ਕਰਦਾ ਹੈ ਨਾ ਹੀ ਉਹਨਾ ਨੇ ਆਪਣੀ ਸੁਰੱਖਿਆ ਜਾਂ ਸੁੱਖਾਂ ਲਈ ਮਨੁੱਖ ਵਾਂਗ ਸਾਧਨ ਪੈਦਾ ਕੀਤੇ ਹੋਏ ਹਨ। ਜੰਗਲਾਂ ਵਿੱਚ ਜਾਨਵਰ ਆਪਣਾ ਪੇਟ ਭਰਨ ਲਈ ਆਪਣੇ ਤੋਂ ਮਾੜਿਆਂ ਨੂੰ ਮਾਰ ਕੇ ਖਾ ਜਾਂਦੇ ਹਨ, ਪਰ ਉਹ ਬੇਸਮਝ ਨਾ ਤਾਂ ਆਉਣ ਵਾਲੀਆਂ ਪੀੜੀਆਂ ਲਈ ਧਨ ਜੋੜਨ ਲਈ ਕਿਸੇ ਦੇ ਹੱਕ ਮਾਰਦੇ ਹਨ, ਨਾ ਹੀ ਦੇਸ਼ਾਂ, ਜਾਤਾਂ ਧਰਮਾਂ, ਦੀ ਵੰਡ ਦੇ ਨਾਂਅ ਤੇ ਨਫਰਤਾਂ ਫੈਲਾਅ ਕੇ ਕਤਲੇਆਮ ਕਰਵਾਉਂਦੇ ਹਨ। ਉਹਨਾ ਬੇਸਮਝ ਜਾਨਵਰਾਂ ਜਾਂ ਪਸੂਆਂ ਨੂੰ ਉਹਨਾ ਦੇ ਅਧਿਕਾਰਾਂ ਵਾਰੇ ਕੁੱਝ ਵੀ ਦੱਸਣ ਦੀ ਲੋੜ ਨਹੀਂ ਹੁੰਦੀ, ਪਰ ਪੜ੍ਹੇ ਲਿਖੇ ਸਮਝਦਾਰ ਮਨੁੱਖ ਨੂੰ ਮਨੁੱਖੀ ਅਧਿਕਾਰਾਂ ਵਾਰੇ ਸਮਝਾਅ ਸਮਝਾਅ ਕੇ ਵੀ ਨਹੀਂ ਸਮਝਾਇਆ ਜਾ ਸਕਦਾ। ਫਿਰ ਅਸੀਂ ਬੇਸਮਝਾਂ ਨਾਲੋਂ ਸਿਆਣੇ ਕਿਵੇਂ ਹੋਏ ? ਕਿਉਂਕਿ ਸਾਡੇ ਸਿਆਣਿਆਂ ਦੇ ਮਨੁੱਖੀ ਰਾਜ ਨਾਲੋਂ ਤਾਂ ਜੰਗਲੀ ਰਾਜ ਬਹੁਤ ਚੰਗਾ ਹੈ। ਹਾਸੀ ਆਉਂਦੀ ਹੁੰਦੀ ਹੈ ਜਦੋਂ ਮਨੁੱਖ ਜਾਨਵਰਾਂ ਦੇ ਭਲੇ ਦੀਆਂ ਗੱਲਾਂ ਕਰ ਰਿਹਾ ਹੁੰਦਾ ਹੈ, ਜਿਵੇਂ ਕਿ ਜਾਨਵਰਾਂ ਲਈ ਲੱਕੜ ਦੇ ਆਹਲਣੇ ਬਣਾਉਣ ਦਾ ਪਰਉਪਕਾਰ ਕਰ ਕੇ ਮੀਡੀਏ ਤੇ ਫੋਟੋਆਂ ਪਾ ਰਿਹਾ ਹੁੰਦਾ ਹੈ, ਇਸ ਨੂੰ ਕੁਦਰਤ ਪੁੱਛੇ ਕਿ ਪਰਉਪਕਾਰੀਆ ਜਾਨਵਰਾਂ ਦੇ ਆਹਲਣੇ ਉਜਾੜੇ ਕਿਸ ਨੇ ਹਨ ? ਕਦੇ ਦਰਖਤ ਲਾ ਕੇ ਵਾਤਵਰਣ ਨੂੰ ਸੁੱਧ ਕਰਨ ਦਾ ਪਰਉਪਕਾਰ ਕਰਨ ਵਾਲੇ ਨੂੰ ਕੁਦਰਤ ਪੁੱਛੇ ਕਿ ਦਰਖਤਾਂ ਦੀ ਕਟਾਈ ਕਰਕੇ ਵਾਤਾਵਰਣ ਜਹਿਰੀਲਾ ਕਿਹੜੇ ਜਾਨਵਰਾਂ ਨੇ ਕੀਤਾ ਹੈ ? ਤਾਂ ਇਸ ਸਿਆਣੇ ਸਮਝਦਾਰ ਕੋਲ ਕੋਈ ਜਵਾਬ ਨਹੀਂ ਹੋਵੇਗਾ। ਜਾਨਵਰਾਂ ਦਾ ਭਲਾ ਤਾਂ ਦੂਰ ਰਿਹਾ ਹਾਲੇ ਤੱਕ ਤਾਂ ਮਨੁੱਖ (ਇਸਤਰੀ/ਪੁਰਸ਼) ਆਪਣੀ ਮਨੁੱਖਤਾ ਦਾ ਘਤਣ ਕਰਨੋ ਨਹੀਂ ਹਟਿਆ। ਮਨੁੱਖ ਦੇ ਅਜਿਹਾ ਕਰਨ ਦਾ ਕਾਰਨ ਇਹ ਨਹੀਂ ਹੈ ਕਿ ਮਨੁੱਖ ਨੂੰ ਸੋਝੀ ਨਹੀਂ ਹੈ, ਸੋਝੀ ਹੈ ਪਰ ਇਸ ਸੋਝੀ ਨੂੰ ਸਮੁੱਚੀ ਮਨੁੱਖਤਾ ਦੇ ਭਲੇ ਦੀ ਥਾਂ ਸਿਰਫ ਨਿੱਜੀ ਭਲੇ ਲਈ ਇਸ ਤਰਾਂ ਵਰਤ ਰਿਹਾ ਹੈ ਕਿ ਦੂਜਿਆਂ ਦੇ ਜਾਇਜ ਹੱਕ ਮਾਰ ਕੇ ਵੀ ਮੈਨੂੰ ਨਾਜਾਇਜ ਲਾਭ ਮਿਲ ਜਾਣ। ਜਦੋਂ ਅਸੀਂ ਕਿਸੇ ਦੂਜੇ ਦਾ ਹੱਕ ਮਾਰਾਂਗੇ ਤਾਂ ਅਸੀਂ ਵੀ ਕਿਸੇ ਲਈ ਦੂਜੇ ਹੋਵਾਂਗੇ, ਤਾਂ ਕੋਈ ਸਾਡੇ ਹੱਕਾਂ ਨੂੰ ਵੀ ਮਾਰੇਗਾ। ਇਹੀ ਇਸ ਦੀ ਸਿਆਣਪ ਦੀ ਮੂਰਖਤਾ ਹੈ, ਜਿਸ ਕਾਰਨ ਮਨੁੱਖ ਸੁੱਖਾਂ ਦੀ ਥਾਂ ਦੁੱਖਾਂ ਦੇ ਖੂਹ ਵਿੱਚ ਡਿੱਗ ਰਿਹਾ ਹੈ, ਅਜਿਹੇ ਮਨੁੱਖ ਵਾਰੇ ਹੀ ਭਗਤ ਕਬੀਰ ਜੀ ਨੇ ਕਿਹਾ ਹੈ ਕਿ :- ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ ॥ ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ ॥216॥(ਗੁਰੂ ਗ੍ਰੰਥ ਸਾਹਿਬ ਜੀ ਪੰਨਾ ਨੰਬਰ 1376) ਜੇ ਮਨੁੱਖ ਨੇ ਸਹੀ ਅਰਥਾਂ ਵਿੱਚ ਮਨੁੱਖੀ ਹੱਕਾਂ ਦਾ ਪਹਿਰੇਦਾਰ ਬਣਨਾ ਹੈ ਤਾਂ ਇਹ ਹੋਰ ਪ੍ਰਜਾਤੀਆਂ ਦੇ ਜਾਨਵਰਾਂ ਦੇ ਭਲੇ ਕਰਨ ਦੀ ਡਰਾਮੇਬਾਜੀਆਂ ਦੀਆਂ ਗੱਲਾਂ ਛੱਡ ਕੇ ਪਹਿਲਾਂ ਸਿਰਫ ਆਪਣੀ ਮਨੁੱਖਾ ਜਾਤੀ ਦੇ ਭਲੇ ਲਈ ਹੀ ਮਨੁੱਖੀ ਅਧਿਕਾਰਾਂ ਦੀ ਪਾਲਣਾ ਕਰ ਲਵੇ, ਇਸ ਨਾਲ ਹੀ ਬਹੁਤ ਭਲਾਈ ਹੋ ਜਾਵੇਗੀ, ਮਨੁੱਖ ਆਪਣੀ ਸੁਰੱਖਿਆ ਲਈ ਬਣਾਏ ਨਿਯਮਾਂ ਉੱਤੇ ਆਪ ਹੀ ਪਹਿਰਾ ਦੇ ਲਵੇ ਇਸ ਨਾਲ ਹੀ ਮਨੁੱਖ ਦੇ ਨਾਲ ਨਾਲ ਹੋਰ ਪ੍ਰਜਾਤੀਆਂ ਦੇ ਜਾਨਵਰਾਂ ਦਾ ਭਲਾ ਵੀ ਆਪਣੇ ਆਪ ਹੋ ਜਾਵੇਗਾ। ਮਨੁੱਖ ਜਾਨਵਰਾਂ ਉੱਤੇ ਤੁਜਰਬੇ ਕਰਕੇ ਬਣਾਈਆਂ ਦਵਾਈਆਂ ਨੂੰ ਮਨੁੱਖਤਾ ਦੇ ਭਲੇ ਲਈ ਹੀ ਵਰਤੇ, ਆਪਣੇ ਮੁਨਾਫੇ ਲਈ ਘਟੀਆ ਦਵਾਈਆਂ ਤਿਆਰ ਕਰਕੇ ਮਨੁੱਖਤਾ ਦਾ ਘਾਣ ਨਾ ਕਰੇ, ਨਿਯਮਾ ਅਨੁਸਾਰ ਬਣਾਈਆਂ ਆਪਣੇ ਦੇਸ਼ਾਂ ਦੀਆਂ ਹੱਦਾਂ ਅੰਦਰ ਰਹੇ, ਮਨੁੱਖ ਜਾਤਾਂ ਧਰਮਾਂ ਦੇ ਨਾਵਾਂ ਤੇ ਨਫਰਤਾਂ ਫੈਲਾਅ ਕੇ ਮਨੁੱਖਾਂ ਦਾ ਕਤਿਲੇਆਮ ਨਾ ਕਰੇ, ਠੱਗੀਆਂ, ਚੋਰੀਆਂ ਅਤੇ ਨਸ਼ਿਆਂ ਦੇ ਵਪਾਰ ਬੰਦ ਕਰੇ, ਚੋਰਾਂ ਦਾ ਸਾਥ ਅਤੇ ਬੇਗੁਨਾਹਾਂ ਤੇ ਝੂਠੇ ਕੇਸ ਪਾ ਆਪਣੇ ਘਰ ਭਰਨ ਲਈ ਰਿਸਵਤਾਂ ਲੈਣੀਆਂ ਛੱਡੇ, ਸਹਿਰਾਂ ਦੀਆਂ ਸੜਕਾਂ ਤੇ ਨਾਜਾਇਜ ਕਬਜੇ, ਅਤੇ ਖਾਣ ਪੀਣ ਦੇ ਸਮਾਨ ਵਿੱਚ ਮਿਲਾਵਟਾਂ ਕਰਨੀਆਂ, ਗੁਆਂਢੀਆਂ ਦੀਆਂ ਵੱਟਾਂ ਵੱਢਣ, ਰਾਹਾਂ ਤੇ ਨਾਜਾਇਜ ਕਬਜੇ ਕਰਨੇ ਅਤੇ ਫਸਲਾਂ ਵਿੱਚ ਜਹਿਰ ਘੋਲਣਾ ਬੰਦ ਕਰੇ, ਕਿਸੇ ਦਾ ਹੱਕ ਮਾਰ ਕੇ ਨਾ ਖਾਵੇ, ਆਪਣੀ ਕਿਰਤ ਕਮਾ ਕੇ ਖਾਵੇ, ਸਮੁੱਚੀ ਧਰਤੀ ਨੂੰ ਆਪਣਾ ਘਰ ਅਤੇ ਸਮੁੱਚੀ ਮਨੁੱਖਤਾ ਨੂੰ ਆਪਣਾ ਪਰਿਵਾਰ ਸਮਝ ਕੇ ਪਿਆਰ ਕਰੇ, ਫਿਰ ਹੀ ਮਨੁੱਖੀ ਅਧਿਕਾਰ ਜੀਵਤ ਰਹਿਣਗੇ। ਫਿਰ ਨਾ ਮਾਰੂ ਹਥਿਆਰਾਂ ਦੀ ਲੋੜ ਰਹਿਣੀ, ਨਾ ਪੁਲਿਸ ਅਤੇ ਫੌਜਾਂ ਦੀ ਲੋੜ, ਨਾ ਜੇਲਾਂ ਤੇ ਥਾਣਿਆਂ ਦੀ ਲੋੜ, ਨਾ ਘਰਾਂ ਨੂੰ ਤਾਲਿਆਂ ਦੀ ਲੋੜ, ਫਿਰ ਨਾ ਕੋਈ ਦੂਜਾ ਸਾਡਾ ਦੁਸਮਣ ਹੋਣਾ, ਨਾ ਅਸੀਂ ਕਿਸੇ ਦੇ ਹੋਣੇ, ਫਿਰ ਸਮੁੱਚੇ ਮਨੁੱਖ ਹੀ ਸਾਡੇ ਮਿੱਤਰ ਪਿਆਰੇ ਹੋਣਗੇ। ਫਿਰ ਹੀ ਅਸੀਂ ਕਹਿ ਸਕਾਂਗੇ ਕਿ ਅਸੀਂ ਸੂਝਵਾਨ ਮਨੁੱਖ ਹਾਂ ਸਾਨੂੰ ਮਨੁੱਖੀ ਅਧਿਕਾਰਾਂ ਦੀ ਸੋਝੀ ਹੈ। ਫਿਰ ਹੀ ਸਾਡੇ ਵੱਲੋਂ ਮਨਾਏ ਜਾਂਦੇ ਮਨੁੱਖੀ ਅਧਿਕਾਰ ਦਿਵਸ਼ ਸਾਰਥਿਕ (ਸਫਲ) ਸਿੱਧ ਹੋਣਗੇ॥

**ਹਰਲਾਜ ਸਿੰਘ ਬਹਾਦਰਪੁਰ,**
**ਫੋਨ ਨੰਬਰ :- 9417023911**



# Preetnama
# प्रीतनामा

खरा सच

Khara Sach

On our English language New Website
WWW.PREET NEWS.COM

Chief Editor
Pritpal Kaur
+1 201-312-4180

Vol 4, Issue 324 | Website: www.preetnama.com Email preetnamausa@gmail.com | 10 OCT TO 16 OCT, 2025


### नशा तस्करी एवं घुसपैठ को रोकना अहम चुनौती

# सीमा सुरक्षा बल के समक्ष बढ़ रही चुनौतियां

– तनवीर जाफ़री

देश के पांच महत्वपूर्ण केंद्रीय अर्ध सैनिक सुरक्षा बलों में सीमा सुरक्षा बल भी एक अति महत्वपूर्ण अर्ध सैन्य संगठन है। इसका मुख्य कार्य पंजाब,राजस्थान,बंगाल,की तरह अनेक मैदानी,दलदली,जंगली व रेगिस्तानी इलाक़ों तथा पूर्वोत्तर के आसाम,मेघालय,त्रिपुरा जैसे अनेक क्षेत्रों के सीमान्त इलाक़ों पर नज़र बनाए रखना,इन इलाक़ों से होने वाली किसी भी संभावित घुसपैठ को रोकना,तस्करी व अवैध सामग्री के आवागमन को रोकना तथा देश की लगती सीमाओं पर सद्भाव बनाए रखना आदि शामिल है। गत एक दिसंबर को सीमा सुरक्षा बल ने अपना 57 वां स्थापना दिवस मनाया। देश की सीमाओं के सजग प्रहरी और मातृभूमि की रक्षा के लिये सर्वोच्च बलिदान देने में पीछे न हटने वाले इस सीमा सुरक्षा बल का गठन 1965 में हुए भारत-पाक युद्ध के दौरान एक दिसंबर 1965 को किया गया था। पहले इसका अधिकार व कार्य क्षेत्र सीमा से पंद्रह किलोमीटर के भीतरी क्षेत्रों तक ही था जिसे केंद्र सरकार ने कुछ समय पूर्व बढ़ाकर 50 किलोमीटर तक कर दिया था। गोया जिस सीमा सुरक्षा बल को सीमा से मात्र पंद्रह किलोमीटर तक अपना कार्य करने का अधिकार था वह अब पचास किलोमीटर तक के क्षेत्र में अपना दख़ल रख सकेगी। यानी एक तरफ़ तो बी एस एफ़ के कार्य क्षेत्र को तीन गुने से अधिक बढ़ाया गया अर्थात उसके कार्य व ज़िम्मेदारियों में इज़ाफ़ा किया गया तो दूसरी ओर साथ ही साथ सीमा सुरक्षा बल की तैनाती वाले सीमान्त राज्यों के कार्य क्षेत्र में दख़ल अंदाज़ी करने का आरोप भी केंद्र सरकार पर लगने लगा। पंजाब की चरणजीत सिंह चन्नी सरकार ने तो एक प्रस्ताव पारित कर सीमा सुरक्षा बल का अधिकार क्षेत्र 15 किमी से 50 किमी किए जाने को लेकर केंद्र सरकार द्वारा जारी किये गये नोटिफ़िकेशन को ही पंजाब विधानसभा में रद्द कर दिया है। पंजाब के उप मुख्य मंत्री सुखजिंदर रंधावा ने तो यहां तक कहा कि सीमा सुरक्षा बल का अधिकार क्षेत्र बढ़ाना राज्य और उसकी पुलिस का अपमान है।

इसी तरह पश्चिम बंगाल की मुख्यमंत्री ममता बनर्जी भी सीमा सुरक्षा बल के कार्य क्षेत्र का दायरा 15 किमी से 50 किमी किए जाने के सख़्त ख़िलाफ़ हैं। गत दिनों ममता ने दिल्ली में प्रधानमंत्री नरेंद्र मोदी से मुलाक़ात की। इस मुलाक़ात में उन्होंने सीमा सुरक्षा बल के अधिकार क्षेत्र को बढ़ाये जाने और त्रिपुरा हिंसा का मुद्दा उठाया। प्रधानमंत्री से मुलाक़ात के बाद ममता बनर्जी ने कहा कि उन्होंने प्रधानमंत्री से बी एस एफ़ के बारे में चर्चा की। उन्होंने कहा कि-%क्क्स्न हमारा दुश्मन नहीं है। मैं सभी एजेंसियों की इज़्ज़त करती हूं लेकिन कानून-व्यवस्था, जो राज्य का विषय है इससे उसमें टकराव होता है। ममता बनर्जी ने बताया कि उन्होंने बैठक के दौरान पीएम मोदी से कहा कि संघीय ढांचे को बेवजह छेड़ना ठीक नहीं है। मैं इलाक़ों पर जबरन किसी को नियंत्रण नहीं करने दूंगी। इसके बारे में आप चर्चा कीजिए और बीएसएफ़ के क़ानून को वापस लीजिए. बीएसएफ़ और क़ानून-व्यवस्था के बीच संघर्ष होता है।

2016-17 के दौरान यही बी एस एफ़ उस समय भी चर्चा में आई थी जबकि इसके एक जवान तेज बहादुर यादव ने सैन्य जवानों को घटिया क़िस्म का खाना दिये जाने का एक वीडीओ सोशल मीडिया पर वायरल किया था। इसके बाद उस जवान को बर्ख़ास्त किया गया। फिर वही जवान 2019 में प्रधानमंत्री के विरुद्ध चुनाव लड़ने वाराणसी की लोकसभा सीट पर सपा प्रत्याशी के रूप में भी सुर्ख़ियों में आया। सीमा सुरक्षा बल में बेहतर %रोटी की जंग% छेड़ने वाले जवान तेज बहादुर को 19 अप्रैल 2017 को सेना से बर्ख़ास्त भी कर दिया गया था। ऐसे में सवाल यह है कि सीमा सुरक्षा बल का कार्य क्षेत्र 15 से 50 किलोमीटर बढ़ा कर राज्यों के कार्य क्षेत्र में दख़ल अंदाज़ी जैसा विवाद खड़ा करना ज़्यादा ज़रूरी है या इसी बी एस एफ़ को और अधिक शक्तिशाली बनाना,सुविधा संपन्न बनाना,जवानों को बेहतर खाना,वर्दी,सीमाओं पर बेहतर रिहाइशी प्रबंध उपलब्ध कराना,आधुनिक शस्त्र व वाहनों से लैस करना तथा आवश्यकतानुसार उनकी संख्या में समय समय पर इज़ाफ़ा करते रहना ?

Because after all, Karva Chauth is not just a festival of ìlong life of husbandî, but it symbolizes the stability and sensitivity of the relationship that connects two souls.



# ਕੀ ਮਰਦ ਘਰ ਦੇ ਕੰਮ ਕਰਦਾ ਹੈ ਤਾਂ ਉਹ ਜੋਰੂ ਦਾ ਗੁਲਾਮ ਬਣ ਜਾਂਦਾ ਹੈ ?

ਜੇਕਰ ਖਾਣਾ ਪਕਾਉਣਾ ਜਾਂ ਬੱਚਿਆਂ ਦੀ ਦੇਖਭਾਲ ਮਰਦਾਂ ਨੂੰ 'ਨੀਵਾਂ ' ਬਣਾ ਦਿੰਦੀ ਹੈ, ਤਾਂ ਇਸਦਾ ਉਨ੍ਹਾਂ ਔਰਤਾਂ ਨਾਲ ਕੀ ਸੰਬੰਧ ਹੈ ਜੋ ਇਹ ਰੋਜ਼ਾਨਾ ਇਹ ਸਭ ਕਰਦੀਆਂ ਹਨ, ਘਰ ਦੀ ਸਵੇਰ ਤੋਂ ਚਾਹ ਪਾਣੀ ਤੋਂ ਲੈ ਕੇ, ਰੋਟੀ ਟੁੱਕ ਫਿਰ ਕੱਪੜੇ ਧੋਣੇ, ਘਰ ਦੀ ਸਫ਼ਾਈ, ਬੱਚਿਆਂ ਨੂੰ ਸਕੂਲ ਲਈ ਤਿਆਰ, ਊਹਨਾਂ ਦੇ ਖਾਣੇ ਦੇ ਡੱਬੇ ਤਿਆਰ ਕਰਦੀਆਂ ਹਨ, ਘਰਾਂ ਵਿਚ ਬਜੁਰਗਾ ਦੀ ਦੇਖਭਾਲ ਕਰਦੀਆਂ ਹਨ ? ਪਿਛਲੇ ਦਿਨੀ ਇੱਕ ਆਦਮੀ ਟਿਕਟਾਕ ਤੇ ਆਪਣੇ ਮੋਢੇ ਲਾਏ ਕੁਝ ਮਹੀਨਿਆਂ ਦੇ ਬੱਚੇ ਅਤੇ ਦੋ ਹੋਰ ਬੱਚਿਆ ਨੂੰ ਸਕੂਲ ਦੇ ਬਸਤੇ ਫੜੀ ਊਹਨਾਂ ਨੂੰ ਸਕੂਲ ਛੱਡਣ ਜਾ ਰਿਹਾ ਸੀ ਜਿਸ ਤੇ ਲੋਕਾਂ ਵਲੋਂ ਆਪੋ - ਆਪਣਿਆ ਤੰਗਦਿਲੀ ਵਾਲੀਆਂ ਟਿੱਪਣੀਆਂ ਪਾਉਣਿਆਂ ਸ਼ੁਰੂ ਕਰ ਦਿੱਤੀਆਂ, ਜਿਵੇਂ ਕਿ ਜੋਰੂ ਦਾ ਗੁਲਾਮ, ਉਹ ਲਗਦਾ ਔਰਤ ਨੇ ਸਿਰਫ ਇਸ ਨਾਲ ਪੈਸੇ ਲਈ ਵਿਆਹ ਕਰਵਾਇਆ, ਲੱਲੂ ਹੀ ਲਗਦਾ, ਹੋਰ ਪਤਾ ਨਹੀਂ ਕੀ ਕੀ ਆਪਣੇ ਮਨਾ ਦੀ ਭੜਾਸ ਕੱਢਣ ਲਈ ਉਹਨਾਂ ਲਿ ?ਖਆ, ਰੱਬ ਹੀ ਬਚਾਵੇ ਇਹਨਾਂ ਮਰਦ ਪ੍ਰਧਾਨ ਸੋਚ ਰੱਖਣ ਵਾਲਿਆਂ ਤੋਂ।

ਕੀ ਆਪਣੇ ਬੱਚਿਆਂ ਦੀ ਦੇਖਭਾਲ ਕਰਨ ਵਾਲਾ ਆਦਮੀ ਕਮਜ਼ੋਰ ਅਤੇ ਲਚਾਰ ਹੁੰਦਾ ਹੈ ? ਆਪਣੇ ਬੇਤੁਕੇ ਜਵਾਬ ਵਿਚ ਲੋਕਾਂ ਦੀਆਂ ਟਿਪਣਿਆਂ ਦਾ ਜਵਾਬ ਦਿੰਦੇ ਹੋਏ ਉਸ ਆਦਮੀ ਨੇ ਲਿ ?ਖਆ ਕਿ, ÷ਜੇਕਰ ਮੇਰੇ ਬੱਚਿਆਂ ਦੀ ਪ੍ਰਵਾਰਿਸ਼ ਕਰਨ ਜਾਂ ਮੇਰੀ ਪਤਨੀ ਨੂੰ ਬੱਚਿਆਂ ਦੀ ਪਰਵਰਿਸ਼ ਕਰਨ ਵਿੱਚ ਮਦਦ ਕਰਨ ਦਾ ਮਤਲਬ ਹੈ ਕਿ ਉਸਨੇ ਮੇਰੇ ਨਾਲ ਵਿਆਹ ਕਰਵਾਇਆ ਹੈ, ਮੈਂ ਜੋਰੂ ਦਾ ਗਲਾਮ ਬਣ ਗਿਆ ਹਾਂ ਤਾਂ ਚਲੋਂ ਇਹ ਹੀ ਠੀਕ ਹੈ। ਮੈਂ ਉਸ ਦੇ ਦਬਾਅ ਵਿੱਚ ਰਹਿੰਦਾ ਹਾਂ ਚਲੋਂ ਇਹ ਵੀ ਠੀਕ ਹੈ ਮੈਨੂੰ ਇਹ ਵੀ ਕਬੂ ?ਲ ਹੈ।

ਕੀ ਤੁਸੀ ਕਦੇ ਸੋਚਿਆ ਮਦਦ ਕਰਨ ਦਾ ਅਸਲ ਭਾਂਵ ਕੀ ਹੁੰਦਾ ਹੈ ? ' ਜਦੋਂ ਅਸੀਂ ਕਹਿੰਦੇ ਹਾਂ ਕਿ ਇੱਕ ਆਦਮੀ ਘਰ ਵਿੱਚ ÷ਮਦਦ÷ ਕਰ ਰਿਹਾ ਹੈ, ਤਾਂ ਅਸੀਂ ਮਾਲਕੀ ਦਾ ਐਲਾਨ ਕਰ ਰਹੇ ਹਾਂ, ਮਰਦ ਪ੍ਰਧਾਨ ਹੋਣ ਦੀ ਗੱਲ ਕਰਦੇ ਹਾਂ। ਅਸੀਂ ਕਹਿ ਰਹੇ ਹਾਂ ਕਿ ਘਰ ਉਸਦਾ ਹੈ। ਬੱਚੇ ਉਸਦੇ ਹਨ। ਅਸਲ ਵਿੱਚ ਜਦੋਂ ਉਹ ਘਰ ਦੇ ਕੰਮਾਂ ਵਿਚ ਹਿੱਸਾ ਲੈਂਦਾ ਹੈ, ਤਾਂ ਉਹ ਆਪਣੀ ਪਤਨੀ 'ਤੇ ਇੱਕ ਅਹਿਸਾਨ , ਇਜ






ਮਦਦ ਨਹੀਂ ਕਰ ਰਿਹਾ ਹੁੰਦਾ, ਜਦ ਕਿ ਉਹ ਪਰਿਵਾਰਿਕ ਘਰ ਦੇ ਕੰਮਾਂ ਵਿੱਚ ਆਪਣੀ ਪਤਨੀ ਨਾਲ ਰਲ ਮਿਲ ਕਿ ਹੱਥ ਵਟਾ ਕੇ ਫਰਜ਼ਾਂ ਵਿੱਚ ਸਹਾਇਤਾ ਕਰ ਰਿਹਾ ਹੁੰਦਾ ਹੈ।

ਬੰਦਾ ਇਹ ਕਿਉਂ ਨਹੀਂ ਸੋਚਦਾ ਕਿ ਜਿੰਨਾ ਘਰ ਤੇ ਅਤੇ ਹਰ ਚੀਜ਼ ਤੇ ਬੰਦੇ ਦਾ ਹੱਕ ਹੈ ਉਨਾ ਹੀ ਔਰਤ ਦਾ ਵੀ ਹੈ। ਜੋ ਮਰਦ ਆਪਣੇ ਪਰਿਵਾਰਾਂ ਲਈ ਖਾਣਾ ਪਕਾਉਂਦੇ ਹਨ, ਆਪਣੇ ਬੱਚਿਆਂ ਨੂੰ ਚੁੱਕਦੇ ਹਨ, ਆਪਣੇ ਘਰ ਸਾਫ਼ ਕਰਦੇ ਹਨ, ਉਨ੍ਹਾਂ ਨੂੰ ਲਗਾਤਾਰ ਮਜ਼ਾਕ ਤੇ ਬੇਇਜ਼ਤੀ ਦਾ ਸਾਹਮਣਾ ਕਰਨਾ ਪੈਂਦਾ ਹੈ ਆਏ ਗਏ ਰਿਸ਼ਤੇਦਾਰਾਂ ਸਾਹਮਣੇ ਸ਼ਰਮਿੰਦਾ ਹੋਣਾ ਪੈਂਦਾ ਹੈ, ਉਹ ਬਾਹਰ ਜਾ ਕੇ ਤਰ੍ਹਾ - ਤਰ੍ਹਾ ਦੀਆਂ ਗੱਲਾਂ ਕਰਦੇ ਹਨ। ਉਨ੍ਹਾਂ ਨੂੰ ਦੱਸਿਆ ਜਾਂਦਾ ਹੈ ਕਿ ਉਨ੍ਹਾਂ ਨੂੰ ÷ਕਾਬੂ÷ ਕੀਤਾ ਗਿਆ ਹੈ, ਉਹ ਲਚਾਰ ਹਨ, ਜੋਰੂ ਦੇ ਗੁਲਾਮ ਹਨ,÷ ਕਿ ਉਹ ÷ਅਸਲੀ ਮਰਦ÷ ਨਹੀਂ ਹਨ। ਜਿਵੇਂ ਕਿ ਮਰਦਾਨਗੀ ਇੰਨੀ ਨਾਜ਼ੁਕ ਹੈ ਕਿ ਕੱਪੜੇ ਧੋਣ, ਘਰ ਵਿਚ ਖਾਣਾ ਬਣਾਉਣ, ਘਰ ਦੀ ਸਾਫ਼ - ਸਫ਼ਾਈ ਅਤੇ ਬੱਚਿਆਂ ਨੂੰ ਸਕੂਲੋਂ ਛੱਡਣ ਅਤੇ ਚੁਕਣ ਨਾਲ ਟੁੱਟ ਜਾਂਦੀ ਹੈ। ਅਸੀਂ ਇੱਕ ਅਜਿਹੀ ਬਦਤਰ, ਬੁਰੀ ਸਥਿਤੀ ਪੈਦਾ ਕੀਤੀ ਹੈ ਜਿੱਥੇ ਮਰਦਾਂ ਨੂੰ ਇੱਕੋ ਸਮੇਂ ਉਸੇ ਕਾਰਵਾਈ

ਨਿਊਯਾਰਕ
ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਸੁਰਜੀਤ ਸਿੰਘ ਫਲੋਰਾ
647-829-9397

ਲਈ ਪ੍ਰਸ਼ੰਸਾ ਅਤੇ ਸਜ਼ਾ ਦਿੱਤੀ ਜਾਂਦੀ ਹੈ। ਜਦੋਂ ਕੋਈ ਆਦਮੀ ਆਪਣੇ ਬੱਚਿਆਂ ਦੇ ਡਾਇਪਰ ਬਦਲਦਾ ਹੈ, ਤਾਂ ਅਸੀਂ ਉਸਦੀ ਮਰਦਾਨਗੀ 'ਤੇ ਸਵਾਲ ਉਠਾਉਂਦੇ ਹੋਏ ਉਸਨੂੰ ਜੋਰੂ ਦਾ ਗੁਲਾਮ ਕਹਿੰਦੇ ਹਾਂ। ਮੌਜੂਦ ਪਰ ਘਰੇਲੂ ਨਹੀਂ। ÷ਮਦਦ÷ ਸ਼ਬਦ ਦਾ ਅਰਥ ਹੈ ਕਿ ਕੰਮ ਕਿਸੇ ਹੋਰ ਦਾ ਹੈ। ਜਦੋਂ ਅਸੀਂ ਕਹਿੰਦੇ ਹਾਂ ਕਿ ਇੱਕ ਪਿਤਾ ਆਪਣੇ ਬੱਚਿਆਂ ਦੀ ਮਦਦ ਕਰ ਰਿਹਾ ਹੈ, ਤਾਂ ਅਸੀਂ ਕਹਿ ਰਹੇ ਹਾਂ ਕਿ ਉਹ ਬੱਚੇ ਉਨ੍ਹਾਂ ਦੀ ਮਾਂ ਦੇ ਹਨ। ਅਸੀਂ ਉਨ੍ਹਾਂ ਛੋਟੇ ਮਨੁੱਖਾਂ ਵਿੱਚ ਉਸਦੀ ਬਰਾਬਰ ਹਿੱਸੇਦਾਰੀ ਨੂੰ ਮਿਟਾ ਰਹੇ ਹਾਂ ਜਿਨ੍ਹਾਂ ਨੂੰ ਉਸਨੇ ਬਣਾਉਣ ਵਿੱਚ ਮਦਦ ਕੀਤੀ ਸੀ। ਜਦੋਂ ਅਸੀਂ ਕਹਿੰਦੇ ਹਾਂ ਕਿ ਇੱਕ ਪਤੀ ਘਰ ਦੇ ਆਲੇ-ਦੁਆਲੇ ਮਦਦ ਕਰ ਰਿਹਾ ਹੈ, ਤਾਂ ਅਸੀਂ ਘਰ ਨੂੰ ਇੱਕ ਔਰਤ ਵਾਲੀ ਜਗ ?ਹਾ ਵਜੋਂ ਘੋਸ਼ਿਤ ਕਰ ਰਹੇ ਹਾਂ ਜਿੱਥੇ ਉਹ ਸਿਰਫ਼ ਇੱਕ ਮਹਿਮਾਨ ਕਰਮਚਾਰੀ ਹੈ।

ਇਹ ਭਾਸ਼ਾ ਬਹੁਤ ਕੁਝ ਬਦਲ ਦਿੰਦ ਹੈ। ਇਸ ਟਿਕਟਾਕ ਵਾਲੇ ਆਦਮੀ ਨੇ ਵੀ ਜਦ ਜਵਾਬ ਵਿਚ ਟਿੱਪਣੀ ਕੀਤੀ ਤਾਂ ÷ਮੇਰੀ ਪਤਨੀ ਦੀ ਮਦਦ ਕਰਨ÷ ਵਜੋਂ ਪੇਸ਼ ਕੀਤਾ। ਇਹ ਟਿੱਪਣੀ ਇੰਨੀ ਡੂੰਘੀ ਹੈ ਕਿ ਜੋ ਸਾਨੂੰ ਸੋਚਣ ਲਈ ਮਜਬੂਰ ਕਰ ਦਿੰਦੀ ਹੈ: ਜਦੋਂ ਅਸੀਂ ਮਰਦਾਂ ਨੂੰ ਘਰੇਲੂ ਕੰਮ ਕਰਨ ਲਈ ਟ ?ਰੋਲ ਕਰਦੇ ਹਾਂ, ਜਦੋਂ ਅਸੀਂ ਉਨ੍ਹਾਂ ਦਾ ਬੱਚਿਆਂ ਨੂੰ ਚੁੱਕਣ ਲਈ ਮਜ਼ਾਕ ਉਡਾਉਂਦੇ ਹਾਂ, ਤਾਂ ਅਸੀਂ ਇਹ ਪ੍ਰਗਟ ਕਰ ਰਹੇ ਹਾਂ ਕਿ ਅਸੀਂ ਔਰਤਾਂ ਦੇ ਕੰਮਾਂ ਬਾਰੇ ਕਿੰਨਾ ਘੱਟ ਸੋਚਦੇ ਹਾਂ। ਉਸ ਦੇ ਹਰ ਦਿਨ ਦੀ ਹੱਡ ਤੋੜਵੀ ਘਾਲਣਾ ਦਾ ਕੋਈ ਮੁਲ ਹੀ ਨਹੀਂ ਪਾ ਰਿਹਾ, ਜੇ ਇਹ ਕੰਮ ਇੰਨਾ ਅਰਥਹੀਣ ਹੈ, ਅਸਲ ਮਰਦਾਂ ਦੇ ਮੁਕਾਬਲੇ ਤੋਂ ਘੱਟ, ਤਾਂ ਇਹ ਉਨ੍ਹਾਂ ਔਰਤਾਂ ਬਾਰੇ ਕੀ ਕਹਿੰਦੇ ਹਨ ਜੋ ਇਹ ਰੋਜ਼ਾਨਾ ਕਰਦੀਆਂ ਹਨ ? ਮਜ਼ਾਕ ਦੋਵਾਂ ਤਰੀਕਿਆਂ ਨਾਲ ਗਲਤ ਹੈ।

ਇਸ ਗੱਲ 'ਤੇ ਵਿਚਾਰ ਕਰੋ ਕਿ ਅਸੀਂ ਆਪਣੇ ਬੱਚਿਆਂ ਨੂੰ ਕੀ ਸਿਖਾ ਰਹੇ ਹਾਂ। ਜਦੋਂ ਇੱਕ ਕੁੜੀ ਆਪਣੀ ਮਾਂ ਨੂੰ ਸਭ ਕੁਝ ਕਰਦੇ ਦੇਖਦੀ ਹੈ - ਜਦੋਂ ਕਿ ਉਸਦੇ ਪਿਤਾ ਨੂੰ ਕੁਝ ਵੀ ਨਾ ਕਰਨ ਲਈ ਪ੍ਰਸ਼ੰਸਾ ਕੀਤੀ ਜਾਂਦੀ ਹੈ ਸਿਰਫ਼ ਇਸ ਲਈ ਕੇ ਉਹ ਮਰਦ ਹੈ, ਤਾਂ ਉਹ ਕੀ ਸਿੱਖ ਰਹੀ ਹੈ ?

ਜਦੋਂ ਇੱਕ ਮੁੰਡਾ ਆਪਣੇ ਪਿਤਾ ਦੀ ਭਾਗੀਦਾਰੀ ਦਾ ਮਜ਼ਾਕ ਉਡਾਉਂਦੇ ਹੋਏ ਦੇਖਦਾ ਹੈ, ਤਾਂ ਉਹ ਆਪਣੀਆਂ ਜ਼ਿੰਮੇਵਾਰੀਆਂ ਬਾਰੇ ਕੀ ਸਿੱਖ ਰਿਹਾ ਹੈ ? ਅਸੀਂ ਇਹਨਾਂ ਪੈਟਰਨਾਂ ਨੂੰ ਦੁਹਰਾਉਣ ਲਈ ਇੱਕ ਹੋਰ ਪੀੜ੍ਹੀ ਪੈਦਾ ਕਰ ਰਹੇ ਹਾਂ। ਜੋ ਉਹ ਹੀ ਦੁਹਰਾਏਗੀ ਜੋ ਉਹ ਦੇਖੇਗੀ।

ਜਦੋਂ ਕੋਈ ਆਦਮੀ ਆਪਣੇ ਪਰਿਵਾਰ ਲਈ ਰਾਤ ਦਾ ਖਾਣਾ ਤਿਆਰ ਕਰਦਾ ਹੈ, ਤਾਂ ਉਹ ਮਦਦ ਨਹੀਂ ਕਰ ਰਿਹਾ ਹੁੰਦਾ—ਉਹ ਪਰਿਵਾਰ ਲਈ ਖਾਣਾ ਬਣਾ ਰਿਹਾ ਹੁੰਦਾ ਹੈ। ਜਦੋਂ ਉਹ ਆਪਣੇ ਬੱਚਿਆਂ ਨੂੰ ਸਕੂਲ ਲੈ ਜਾਂਦਾ ਹੈ, ਤਾਂ ਉਹ ਮਦਦ ਨਹੀਂ ਕਰ ਰਿਹਾ ਹੁੰਦਾ—ਉਹ ਆਪਣੇ ਬੱਚਿਆਂ ਦਾ ਪਾਲਣ-ਪੋਸ਼ਣ ਕਰ ਰਿਹਾ ਹੁੰਦਾ ਹੈ। ਜਦੋਂ ਉਹ ਆਪਣਾ ਘਰ ਸਾਫ਼ ਕਰਦਾ ਹੈ, ਤਾਂ ਉਹ ਮਦਦ ਨਹੀਂ ਕਰ ਰਿਹਾ ਹੁੰਦਾ—ਉਹ ਆਪਣੀ ਰਹਿਣ-ਸਹਿਣ ਦੀ ਜਗ ?ਹਾ ਨੂੰ ਸਾਫ਼ - ਸੁਥਰੀ ਬਣਾ ਕੇ ਰੱਖ ਰਿਹਾ ਹੁੰਦਾ ਹੈ। ਇਹ ਕੋਈ ਅਹਿਸਾਨ ਨਹੀਂ ਹਨ। ਬੱਚਿਆਂ ਨੂੰ ਚੁੱਕਣ ਅਤੇ ਖਾਣਾ ਪਕਾਉਣ ਲਈ ਔਨਲਾਈਨ ਮਜਾਕ ਦਾ ਕਾਰਨ ਬਣ ਰਹੇ ਮਰਦ ਅਸਲ ਵਿਚ ਕਮਜ਼ੋਰ ਜਾਂ ਜੋਰੂ ਦੇ ਗੁਲਾਮ ਨਹੀਂ ਹੁੰਦੇ। ਇਹ ਬੁਨਿਆਦੀ ਘਰੇਲੂ ਜ਼ਿੰਮੇਵਾਰੀਆਂ ਹਨ ਜੋ ਬਿੰਨਾ ਕਿਸੇ ਮਰਦ ਅਤੇ ਔਰਤ ਦੇ ਪੱਖਪਾਤ ਦੇ ਪ੍ਰਵਾਹ ਕੀਤੇ ਆਪਣੇ ਘਰ ਅਤੇ ਪਰਿਵਾਰ ਲਈ ਕੀਤੇ ਜਾਂਦੇ ਹਨ।

# ਨਸ਼ਿਆਂ ਦੇ ਕਾਰੋਬਾਰੀਆਂ ਨੇ ਕੈਨੇਡਾ ਵਿੱਚ ਪੰਜਾਬੀਆਂ ਦਾ ਅਕਸ ਖ਼ਰਾਬ ਕੀਤਾ

ਪੰਜਾਬ ਦੀ ਨੌਜਵਾਨੀ ਪਿਛਲੇ 15 ਸਾਲਾਂ ਤੋਂ ਨਸ਼ਿਆਂ ਦੀ ਦਲਦਲ ਵਿੱਚ ਫਸ ਚੁੱਕੀ ਹੈ। ਇਸ ਹਾਲਤ ਵਿੱਚੋਂ ਨਿਕਲਣ ਦੀ ਕੋਈ ਆਸ ਵੀ ਬੱਝ ਨਹੀਂ ਰਹੀ। ਇਸ ਲਈ ਮਾਪਿਆਂ ਨੇ ਆਪਣੇ ਜਿਗਰ ਦੇ ਟਕੜੇ ਬੱਚਿਆਂ ਦੇ ਭਵਿਖ ਨੂੰ ਬਚਾਉਣ ਲਈ ਉਨ੍ਹਾਂ ਨੂੰ ਪਰਵਾਸ ਵਿੱਚ ਪੜ੍ਹਾਈ ਦੇ ਬਹਾਨੇ ਕੈਨੇਡਾ, ਅਮਰੀਕਾ, ਆਸਟਰੇਲੀਆ, ਨਿਊਜੀਲੈਂਡ ਆਦਿ ਦੇਸ਼ਾਂ ਵਿੱਚ ਭੇਜਣਾ ਸ਼ੁਰੂ ਕਰ ਦਿੱਤਾ। ਇਥੋਂ ਤੱਕ ਕਿ ਖਾਂਦੇ ਪੀਂਦੇ ਸਮਰੱਥ ਪਰਿਵਾਰ ਵੀ ਆਪਣੇ ਬੱਚਿਆਂ ਨੂੰ ਬਾਹਰ ਭੇਜਣ ਲੱਗ ਪਏ ਹਨ। ਅਲ੍ਹੜ ਉਮਰ ਦੇ ਲੜਕੇ ਅਤੇ ਲੜਕੀਆਂ ਨੂੰ ਵੀ ਬਾਹਰ ਭੇਜਣ ਲੱਗ ਪਏ ਜਦੋਂ ਕਿ ਉਨ੍ਹਾਂ ਨੂੰ ਅਜੇ ਜ਼ਿੰਦਗੀ ਵਿੱਚ ਅਡਜਸਟ ਕਰਨ ਦੀ ਸਮਝ ਹੀ ਨਹੀਂ ਹੁੰਦੀ। ਪਿਆਰੇ ਨੌਜਵਾਨੋ/ਵਿਦਿਆਰਥੀਓ/ਪੰਜਾਬੀਓ ਪੰਜਾਬ ਦੀ ਮਿੱਟੀ ਦੀ ਮਹਿਕ ਨੂੰ ਦਾਗ਼ ਨਾ ਲਗਾਓ। ਗੁਰੂਆਂ ਪੀਰਾਂ ਦੀ ਪਵਿਤਰ ਧਰਤੀ ਦੇ ਜਾਇਓ ਪਰਵਾਸ ਵਿੱਚ ਜਾ ਕੇ ਪੰਜਾਬੀਅਤ ਦਾ ਝੰਡਾ ਬਰਦਾਰ ਕਰਨ ਦੀ ਥਾਂ ਦਾਗ਼ਦਾਰ ਨਾ ਕਰੋ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਦਿੱਤੀ ਸਰਦਾਰੀ ਦੀ ਆਭਾ ਨੂੰ ਹੋਰ ਉਚਾ ਚੁੱਕ ਕੇ ਪੰਜਾਬੀਆਂ ਦਾ ਮਾਣ ਵਧਾਓ। ਸੰਸਾਰ ਤੁਹਾਡੀ ਕਿਰਤ ਕਰੋ, ਵੰਡ ਛਕੋ ਅਤੇ ਨਾਮ ਜਪੋ ਦੀ ਵਿਚਾਰਧਾਰਾ ਦੀ ਕਦਰ ਕਰਦਾ ਹੈ। ਇਸ ਵਿਚਾਰਧਾਰਾ 'ਤੇ ਪਹਿਰਾ ਦੇਣਾ ਤੁਹਾਡਾ ਫ਼ਰਜ਼ ਹੈ ਪ੍ਰੰਤੂ ਫ਼ਰਜ਼ਾਂ ਦੀ ਪਾਲਣਾ ਕਰਨ ਦੀ ਥਾਂ ਉਨ੍ਹਾਂ ਦੀ ਉਲੰਘਣਾ ਕਰ ਰਹੇ ਹੋ। ਪੰਜਾਬੀਆਂ ਦੀਆਂ ਨਸ਼ਿਆਂ ਦੇ ਵਿਓਪਾਰ ਨਾਲ ਸੰਬਧਤ ਖ਼ਬਰਾਂ ਨੇ ਸਮੁੱਚੇ ਪੰਜਾਬੀ ਭਾਈਚਾਰੇ ਨੂੰ ਕਟਹਿਰੇ ਵਿੱਚ ਖੜ੍ਹਾ ਕਰ ਦਿੱਤਾ ਹੈ। ਜਿਹੜੇ ਪੰਜਾਬੀ ਪਿਛਲੇ ਲੰਬੇ ਸਮੇਂ ਤੋਂ ਕੈਨੇਡਾ ਵਿਚ ਰਹਿ ਰਹੇ ਹਨ, ਉਨ੍ਹਾਂ ਨੂੰ ਸ਼ਰਮਿੰਦਗੀ ਮਹਿਸੂਸ ਹੋ ਰਹੀ ਹੈ। ਪੰਜਾਬ ਵਿੱਚ ਬੇਰੋਜ਼ਗਾਰੀ ਅਤੇ ਨਸ਼ਿਆਂ ਦੀ ਦਲਦਲ ਵਿੱਚ ਨੌਜਵਾਨੀ ਦੇ ਫਸ ਜਾਣ ਕਰਕੇ ਮਾਪੇ ਆਪਣੇ ਬੱਚਿਆਂ ਨੂੰ ਪਰਵਾਸ ਵਿੱਚ ਭੇਜਣ ਲਈ ਮਜ਼ਬੂਰ ਹਨ। ਇਥੋਂ ਤੱਕ ਕਿ 10+2 ਤੋਂ ਬਾਅਦ ਹੀ ਬੱਚਿਆਂ ਨੂੰ ਅਗਲੇਰੀ ਪੜ੍ਹਾਈ ਦੇ ਬਹਾਨੇ ਪਰਵਾਸ ਵਿੱਚ ਵਸਾਉਣ ਲਈ ਭੇਜ ਰਹੇ ਹਨ। ਸੰਸਾਰ ਦੇ ਸਾਰੇ ਦੇਸ਼ਾਂ ਨਾਲੋਂ ਕੈਨੇਡਾ ਵਿੱਚ ਪੰਜਾਬੀ ਜ਼ਿਆਦਾ ਹਨ, ਕਿਉਂਕਿ ਕੈਨੇਡਾ ਦੀਆਂ ਸਰਕਾਰਾਂ ਦੀਆਂ ਨੀਤੀਆਂ ਪੰਜਾਬੀ ਨੂੰ ਉਥੇ ਵਸਣ ਵਿੱਚ ਸਹਾਈ ਹੋ ਰਹੀਆਂ ਹਨ। ਪ੍ਰੰਤੂ ਦੁੱਖ ਦੀ ਗੱਲ ਹੈ ਕਿ ਜਿਹੜੇ ਕੁਝ ਪੰਜਾਬੀਆਂ ਦੇ ਮਾਪੇ ਪੰਜਾਬ ਵਿੱਚ ਆਪ ਨਸ਼ਿਆਂ ਦੇ ਕਾਰੋਬਾਰ ਵਿੱਚ ਗਲਤਾਨ ਹਨ ਅਤੇ ਜੋ ਭਰਿਸ਼ਟਾਚਾਰ ਰਾਹੀਂ ਇਕੱਤਰ ਕੀਤੀ ਕਮਾਈ ਕਰਕੇ ਸਰਦੇ ਪੁਜਦੇ ਬਣ ਗਏ ਹਨ, ਉਹ ਵੀ ਆਪਣੇ ਬੱਚਿਆਂ ਨੂੰ ਬਾਹਰ ਭੇਜੀ ਜਾ ਰਹੇ ਹਨ ਕਿਉਂਕਿ ਉਹ ਮਹਿਸੂਸ ਕਰਦੇ ਹਨ ਕਿ ਕਿਤੇ ਉਨ੍ਹਾਂ ਦੀ ਤਰ੍ਹਾਂ ਬੱਚੇ ਵੀ ਅਜਿਹੇ ਕਾਰੋਬਾਰ ਵਿੱਚ ਨਾ ਪੈ ਜਾਣ ਜਾਂ ਕਿਤੇ ਨਸ਼ਿਆਂ ਵਿਚ ਫਸ ਨਾ ਜਾਣ। ਅਜਿਹੇ ਪਰਿਵਾਰਾਂ ਦੇ ਬੱਚੇ ਬਾਹਰ ਜਾ ਕੇ ਵੀ ਮਿਹਨਤ ਨਹੀਂ ਕਰਨਾ ਚਾਹੁੰਦੇ ਕਿਉਂਕਿ ਉਨ੍ਹਾਂ ਪੰਜਾਬ ਵਿੱਚ ਆਪਣੇ ਮਾਪਿਆਂ ਦੇ ਸਿਰ 'ਤੇ ਮੌਜਾਂ ਮਾਣਦਿਆਂ ਗ਼ੈਰ ਸਮਾਜਿਕ ਗਤੀਵਿਧੀਆਂ ਕੀਤੀਆਂ ਹਨ। ਪੰਜਾਬ ਵਿੱਚ ਪੈਸੇ ਦੇ ਜ਼ੋਰ ਜਾਂ ਸਿਆਸੀ ਪ੍ਰਭਾਵ ਵਰਤਕੇ ਬਚਦੇ ਰਹੇ ਹਨ। ਪ੍ਰੰਤੂ ਪਰਵਾਸ ਵਿੱਚ ਕਿਸੇ ਤਰ੍ਹਾਂ ਵੀ ਬਚ ਨਹੀਂ ਸਕਦੇ ਕਿਉਂਕਿ ਤੁਸੀਂ ਤਾਂ ਜਿਹੜਾ ਲਾਹੌਰ ਬੁੱਧੂ ਉਹ ਪਿਸ਼ੌਰ ਬੁੱਧੂ ਦੀ ਕਹਾਵਤ ਅਨੁਸਾਰ ਚਲਦੇ ਹੋ।

ਨਿਊਯਾਰਕ
ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਉਜਾਗਰ ਸਿੰਘ
ਮੋਬਾਈਲ-94178 13072

ਪਰਵਾਸ ਵਿੱਚ ਕੰਮ ਕੀਤੇ ਬਿਨਾ ਗੁਜ਼ਾਰਾ ਨਹੀਂ। ਉਥੇ ਵਰਕ ਕਲਚਰ ਹੈ। ਮਿਹਨਤ ਕਰਨ ਦੀ ਥਾਂ ਅਲ੍ਹੜ ਉਮਰ ਦੇ ਇਹ ਬੱਚੇ ਸ਼ਾਰਟ ਕੱਟ ਮਾਰਕੇ ਅਮੀਰ ਬਣਨ ਦੇ ਸੁਪਨੇ ਸਿਰਜਣ ਲੱਗ ਜਾਂਦੇ ਹਨ। ਫਿਰ ਉਹ ਗੈਂਗਸਟਰਾਂ ਅਤੇ ਨਸ਼ਿਆਂ ਦੇ ਕਾਰੋਬਾਰੀਆਂ ਦੇ ਚੁੰਗਲ ਵਿੱਚ ਫਸ ਜਾਂਦੇ ਹਨ। ਪਿਛੇ ਜਹੇ ਕੈਨੇਡਾ ਦੇ ਟਰਾਂਟੋ ਸ਼ਹਿਰ ਦੇ ਇਲਾਕੇ ਵਿਚ 16 ਸ਼ੱਕੀ ਵਿਅਕਤੀਆਂ ਨੂੰ ਪੁਲਿਸ ਨੇ ਫੜ੍ਹਿਆ ਹੈ ਅਤੇ 140 ਮਾਮਲੇ ਦਰਜ ਕੀਤੇ ਹਨ, ਜਿਹੜੇ ਆਨ ਲਾਈਨ ਸਾਮਾਨ ਦੀ ਡਲਿਵਰੀ ਦਾ ਸਾਮਾਨ ਚੋਰੀ ਕਰਦੇ ਸਨ। ਉਹ ਸਾਰੇ ਹੀ ਪੰਜਾਬੀ ਹਨ, ਉਨ੍ਹਾਂ ਵਿੱਚ ਪਗੜੀਧਾਰੀ ਅਤੇ ਲੰਬੀਆਂ ਦਾੜੀਆਂ ਵਾਲੇ ਅਲੂੰਏਂ ਨੌਜਵਾਨ ਵੀ ਹਨ। ਇਕ ਲੜਕੀ ਵੀ ਹੈ, ਜਿਸਦੀ ਉਮਰ 25 ਸਾਲ ਹੈ। ਹੈਰਾਨੀ ਦੀ ਗੱਲ ਹੈ ਇਕ ਲੜਕਾ ਨਬਾਲਗ ਹੈ। ਅੱਧੇ 25 ਸਾਲ ਤੋਂ ਘੱਟ ਉਮਰ ਦੇ ਹਨ। ਡੇਢ ਮਹੀਨਾ ਜਾਂਚ ਚਲੀ, ਜਿਸ ਵਿੱਚ ਕੈਨੇਡਾ ਦਾ ਡਾਕ ਵਿਭਾਗ ਅਤੇ ਹੋਰ ਖੇਤਰੀ ਅਤੇ ਪ੍ਰਾਂਤਕ ਪੁਲਿਸ ਦੇ ਅਧਿਕਾਰੀ ਵੀ ਸ਼ਾਮਲ ਸਨ। ਸ਼ੱਕੀ ਵਿਅਕਤੀਆਂ ਕੋਲੋਂ ਚੋਰੀ ਦਾ ਸਾਮਾਨ, ਨਸ਼ੇ ਤੇ ਚੋਰੀ ਕੀਤੇ ਕਰੈਡਿਟ ਕਾਰਡ ਵਗੈਰਾ ਬਰਾਮਦ ਹੋਏ ਹਨ। ਪੁਲਿਸ ਨੂੰ ਮਿਸੀਸਾਗਾ, ਬਰੈਂਪਟਨ ਅਤੇ ਕੈਲੇਡਨ ਤੋਂ ਛੇ ਮਹੀਨੇ ਵਿੱਚ ਡਾਕ ਚੋਰੀ ਦੀਆਂ 100 ਸ਼ਿਕਾਇਤਾਂ ਮਿਲੀਆਂ ਹਨ। ਪੁਲਿਸ ਨੈ ਉਨ੍ਹਾਂ ਨੂੰ ਚਾਰਜ ਕਰ ਦਿੱਤਾ ਹੈ।

ਇਸ ਤੋਂ ਇਲਾਵਾ ਟਰਾਂਟੋ ਪੁਲਿਸ ਨੇ ਇਕ ਹੋਰ ਕੇਸ ਵਿੱਚ 1000 ਕਿਲੋ ਡਰੱਗ ਪਕੜੀ ਹੈ, ਜਿਸਦੀ ਕੀਮਤ 61 ਮਿਲੀਅਨ ਦੀ ਦੱਸੀ ਜਾਂਦੀ ਹੈ। ਨਵੰਬਰ 2020 ਤੋਂ ਮਈ 2021 ਤੱਕ ਚਲੇ ਇਸ ਓਪ੍ਰੇਸ਼ਨ ਵਿੱਚ 35 ਥਾਵਾਂ ਤੇ ਛਾਪੇ ਮਾਰਕੇ ਇਸ ਡਰੱਗ ਦੀ ਖੇਪ ਪਕੜੀ ਹੈ। ਇਸ ਖੇਪ ਵਿੱਚ 444 ਕਿਲੋ ਕੋਕੀਨ, 182 ਕਿਲੋ ਕ੍ਰਿਸਟਲ, 427 ਕਿਲੋ ਮੇਰੁਆਨਾ ਅਤੇ 300 ਨਸ਼ੀਲੀਆਂ ਗੋਲੀਆਂ ਹਨ। 20 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਨ੍ਹਾਂ ਵਿੱਚੋਂ 13 ਪੰਜਾਬੀ ਹਨ।

ਗ੍ਰਿਫ਼ਤਾਰ ਹੋਣ ਵਾਲਿਆਂ ਉਪਰ 182 ਚਾਰਜ ਲਗਾਏ ਗਏ ਹਨ। ਇਸ ਕੇਸ ਵਿੱਚ 18 ਵਿਅਕਤੀ ਪੁਲਿਸ ਨੇ ਪਕੜੇ ਹਨ ਜਿਨ੍ਹਾਂ ਵਿਚੋਂ ਅੱਧੇ ਪੰਜਾਬੀ ਹਨ। ਇਕ ਪੰਜਾਬੀ ਆਪਣੇ ਘਰ ਵਿੱਚ ਹੀ ਸ਼ਰਾਬ ਕੱਢ ਰਿਹਾ ਸੀ, ਉਸਦਾ ਬੁਆਇਲਰ ਫਟ ਗਿਆ ਜਿਸ ਦੇ ਸਿੱਟੇ ਵਜੋਂ ਘਰ ਦੇ ਤਿੰਨ ਜੀਅ ਜ਼ਖ਼ਮੀ ਹੋ ਗਏ। ਜੇਕਰ ਬੁਆਇਲਰ ਨਾ ਫਟਦਾ ਤਾਂ ਪਤਾ ਨਹੀਂ ਲੱਗਣਾ ਸੀ। ਜੇਕਰ ਪੰਜਾਬੀਆਂ ਨੇ ਕੈਨੇਡਾ ਦੇ ਕਾਨੂੰਨਾ ਦੀ ਪਾਲਣਾ ਨਹੀਂ ਕਰਨੀ ਤਾਂ ਉਨ੍ਹਾਂ ਨੂੰ ਉਥੇ ਜਾਣਾ ਹੀ ਨਹੀਂ ਚਾਹੀਦਾ। ਜੇ ਉਥੇ ਜਾਣਾ ਹੈ ਤਾਂ ਉਸ ਦੇਸ਼ ਦੇ ਨਿਯਮਾ ਦੀ ਪਾਲਣਾ ਕਰਨੀ ਪਵੇਗੀ। ਉਨ੍ਹਾਂ ਨੂੰ ਕਿਹੜਾ ਕੈਨੇਡਾ ਸਰਕਾਰ ਆਪ ਸੱਦਾ ਦਿੰਦੀ ਹੈ। ਉਹ ਤਾਂ ਖ਼ੁਦ ਆਪਣੇ ਸੁਨਹਿਰੇ ਭਵਿਖ ਲਈ ਪਰਵਾਸ ਵਿੱਚ ਜਾਂਦੇ ਹਨ ਪ੍ਰੰਤੂ ਜਲਦੀ ਅਮੀਰ ਬਣਨ ਲਈ ਗ਼ੈਰ ਕਾਨੂੰਨੀ ਸਾਧਨਾ ਦੀ ਵਰਤੋਂ ਕਰਕੇ, ਉਹ ਆਪਣਾ ਭਵਿਖ ਖ਼ੁਦ ਗੰਧਲਾ ਕਰ ਲੈਂਦੇ ਹਨ। ਇਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਕੈਨੇਡਾ ਦੀ ਪੁਲਿਸ ਐਵੇਂ ਨਹੀਂ ਕਿਸੇ ਦੋਸ਼ੀ ਨੂੰ ਪਕੜਦੀ, ਸੂਚਨਾ ਮਿਲਣ ਤੋਂ ਬਾਅਦ ਪੂਰੀ ਨਿਗਾਹ ਰੱਖਦੀ ਹੈ, ਜਦੋਂ ਉਨ੍ਹਾਂ ਕੋਲ ਪੂਰੇ ਸਬੂਤ ਹੁੰਦੇ ਹਨ ਫਿਰ ਉਨ੍ਹਾਂ ਨੂੰ ਪਕੜਦੀ ਹੈ। ਇਨ੍ਹਾਂ ਸਾਰਿਆਂ ਨੂੰ ਪੁਲਿਸ ਨੇ ਚਾਰਜ ਵੀ ਕਰ ਦਿੱਤਾ ਹੈ। ਪੁਲਿਸ ਕੋਲ ਭਾਵੇਂ ਸਬੂਤ ਹੁੰਦੇ ਹਨ ਪ੍ਰੰਤੂ ਜਿਤਨੀ ਦੇਰ ਸਜਾ ਨਹੀਂ ਹੋ ਜਾਂਦੀ, ਉਨ੍ਹਾਂ ਨੂੰ ਸ਼ੱਕੀ ਹੀ ਕਿਹਾ ਜਾਂਦਾ ਹੈ। ਇਹ ਲੋਕ ਆਪਣਾ ਨੁਕਸਾਨ ਤਾਂ ਕਰਨਗੇ ਹੀ ਪ੍ਰੰਤੂ ਜਿਹੜੇ ਪੰਜਾਬੀ ਕੈਨੇਡਾ ਜਾਣਾ ਚਾਹੁੰਦੇ ਹਨ, ਉਨ੍ਹਾਂ ਨੂੰ ਵੀ ਸ਼ੱਕੀ ਨਿਗਾਹ ਨਾਲ ਵੇਖਿਆ ਜਾਵੇਗਾ। ਹੋ ਸਕਦਾ ਕੈਨੇਡਾ ਸਰਕਾਰ ਪਰਵਾਸ ਵਿੱਚ ਸੈਟਲ ਹੋਣ ਲਈ ਕਾਨੂੰਨ ਹੋਰ ਸਖ਼ਤ ਕਰ ਦੇਵੇ। ਇਸਤੋਂ ਪਹਿਲਾਂ ਆਮ ਖ਼ਬਰਾਂ ਆਉਂਦੀਆਂ ਰਹੀਆਂ ਹਨ ਕਿ ਪੰਜਾਬੀ ਟਰਾਂਸਪੋਰਟ ਦੇ ਵਿਓਪਾਰ ਵਿੱਚ ਸ਼ਾਮਲ ਲੋਕ ਆਪਣੇ ਹੋਰ ਸਾਮਾਨ ਵਿਚ ਛੁਪਾਕੇ ਨਸ਼ੀਲੀਆਂ ਦਵਾਈਆਂ ਅਤੇ ਹੋਰ ਸਾਮਾਨ ਲਿਆਉਂਦੇ ਵੀ ਪਕੜੇ ਗਏ ਸਨ। ਕੈਨੇਡਾ ਵਿੱਚ ਪੜ੍ਹਨ ਗਏ ਵਿਦਿਆਰਥੀਆਂ ਦੀ ਹੁਲੜਬਾਜ਼ੀ ਅਤੇ ਲੜਾਈ ਝਗੜਿਆਂ ਦੇ ਕੇਸ ਵੀ ਹੁੰਦੇ ਰਹਿੰਦੇ ਹਨ। ਇਸ ਤੋਂ ਇਲਾਵਾ ਪੰਜਾਬੀਆਂ ਵੱਲੋਂ ਕੀਤੇ ਜਾ ਰਹੇ ਅਨੈਤਿਕ ਕੰਮਾ ਦੀਆਂ ਖ਼ਬਰਾਂ ਵੀ ਆ ਰਹੀਆਂ ਹਨ। ਪਰਵਾਸ ਵਿੱਚ ਆਜ਼ਾਦੀ ਦਾ ਭਾਵ ਅਨੈਤਿਕ ਕੰਮਾ ਦੀ ਪ੍ਰਵਾਨਗੀ ਨਹੀਂ। ਆਜ਼ਾਦੀ ਦੇ ਗ਼ਲਤ ਅਰਥ ਕੱਢਕੇ ਐਸ਼ ਆਰਾਮ ਦੀ ਜ਼ਿੰਦਗੀ ਵਿੱਚ ਗਲਤਾਨ ਹੋ ਰਹੇ ਹਨ। ਪੰਜਾਬੀ ਮਾਪਿਆਂ ਲਈ ਇਹ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਨੂੰ ਆਪਣੇ ਬੱਚਿਆਂ ਵਿੱਚ ਵਰਕ ਕਲਚਰ ਦੀ ਭਾਵਨਾ ਪੈਦਾ ਕਰਨੀ ਚਾਹੀਦੀ ਹੈ। ਬੱਚਿਆਂ ਨੂੰ ਆਪਣੀ ਕਮਾਈ ਕਰਕੇ ਆਪਣਾ ਗੁਜ਼ਾਰਾ ਕਰਨ ਲਈ ਵੀ ਤਿਆਰ ਕਰਨਾ ਚਾਹੀਦਾ ਹੈ। ਜੇਕਰ ਅਜੇ ਵੀ ਮਾਪੇ ਨਾ ਸਮਝੇ ਤਾਂ ਉਨ੍ਹਾਂ ਦੇ ਬੱਚਿਆਂ ਨੂੰ ਪਰਵਾਸ ਵਿੱਚ ਸਖ਼ਤ ਕਾਨੂੰਨਾ ਦਾ ਸਾਹਮਣਾ ਕਰਦੇ ਹੋਏ ਜੇਲ੍ਹਾਂ ਵਿਚ ਜੀਵਨ ਗੁਜ਼ਾਰਨਾ ਪਵੇਗਾ। ਪੰਜਾਬੀ ਭੈਣੋ ਅਤੇ ਭਰਾਵੋ, ਤੁਹਾਡੇ ਦੇਸ਼ ਦੇ ਲੋਕ ਆਪਣੀ ਮਿਹਨਤ ਕਰਕੇ ਕੈਨੇਡਾ ਦੀ ਫੈਡਰਲ ਸਰਕਾਰ ਵਿਚ ਮੰਤਰੀ, ਰਾਜ ਸਰਕਾਰਾਂ ਵਿੱਚ ਮੰਤਰੀ ਅਤੇ ਹੋਰ ਉਚ ਅਹੁਦਿਆਂ ਤੇ ਬਿਰਾਜਮਾਨ ਹਨ, ਉਨ੍ਹਾਂ ਤੋਂ ਪ੍ਰੇਰਨਾ ਲੈਣ ਦੀ ਥਾਂ ਤੁਸੀਂ ਉਨ੍ਹਾਂ ਦੇ ਕਿਰਦਾਰ ਵੀ ਸ਼ੱਕੀ ਬਣਾ ਰਹੇ ਹੋ। ਸੰਭਲ ਜਾਓ, ਜੇ ਨਾ ਸੰਭਲੇ ਤਾਂ ਕੈਨੇਡਾ ਸਰਕਾਰ ਨੇ ਮੱਖਣ 'ਚੋਂ ਵਾਲ ਦੀ ਤਰ੍ਹਾਂ ਕੱਢ ਕੇ ਵਾਪਸ ਭੇਜ ਦੇਣਾ ਹੈ।

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 324

Website: www.preetnama.com Email preetnamausa@gmail.com

10 OCT TO 16 OCT, 2025




# ਉਤਮ ਕਲਾ ਤੋਂ ਫਿਹਦੀ ਕਲਾ ਵੱਲ ਪੰਜਾਬੀ ਗਾਇਕੀ

ਸੰਗੀਤ ਮਨੁੱਖ ਦੀ ਮਹਾਨ ਖੋਜ ਤੇ ਉਤਮ ਕਲਾ ਹੈ ।ਇਹ ਜਿੰਦਗੀ ਦੇ ਸਭ ਰੰਗਾ (ਖੁਸ਼ੀ,ਵਿਛੋੜਾ,ਰੂਹਾਨੀ,ਵੈਰਾਗ,ਪ੍ਰੇਮ,ਦੁੱਖਾ ਦੇ ਭਾਂਵ ) ਨੂੰ ਸੁਰਾ ਦੇ ਆਲਾਪ ਨਾਲ ਰੂਹੀ ਅਨੰਦ ਬਖਸਦਾ ਹੈ । ਸੰਗੀਤ ਸਿਧਾਂਤਕਾਰ ਇਸ ਨੂੰ ਮਨੁੱਖੀ ਜੀਵਨ ਦਾ ਅਹਿਮ ਹਿੱਸਾ ਮੰਨਦੇ ਹਨ ।ਇਕ ਸੁਰਬੰਧ ਤੇ ਸਹਿਜ ਭਰਿਆ ਸੰਗੀਤ ਦਿਮਾਗੀ ਬੋਝ ਹਲਕਾ ਕਰਦਾ ਹੈ । ਇਸ ਰਾਹੀ ਅਸੀ ਆਪਣੀ ਮਨੋ ਭਾਵਨਾ ਨੂੰ ਬਿਨਾ ਬੋਲੇ ਉਜਾਗਰ ਕਰ ਸਕਦੇ ਹਾ । ਮਨੋਵਿਗਿਆਨੀਆ ਅਨੁਸਾਰ ਕੋਈ ਵੀ ਚੰਗੇ ਮਾੜੇ ਸਬਦ ਨੂੰ ਵਾਰ ਵਾਰ ਸੁਣਨ ਨਾਲ ਦਿਮਾਗੀ ਤਰੰਗਾ ਦਾ ਝਕਾਉ ਉਸ ਪਾਸੇ ਜਾਦਾ ਹੈ । ਅਜਿਹਾ ਪ੍ਰਭਾਵ ਬੱਚੇ ਤੇ ਨੌਜਵਾਨ ਜਲਦੀ ਕਬੂਲਦੇ ਹਨ । ਇਸੇ ਲਈ ਸੰਗੀਤ ਨਾਲ ਜੁੜਿਆ ਹਰ ਗਾਇਕ,ਗੀਤਕਾਰ, ਸਾਜੀ ,ਕੰਪਨੀ ਤੇ ਸਰੋਤੇ ਸਭ ਮਹੱਤਵਪੂਰਨ ਹਨ । ਜਿਹੜੇ ਦੁਨੀਆ ਵਿੱਚ ਆਪਣੇ ਸੱਭਿਆਚਾਰ ਜਾ ਕਲਾ ਨੂੰ ਪ੍ਰਫੁੱਲਤ ਕਰਦੇ ਹਨ । ਪਰ ਮੌਜੂਦਾ ਦੌਰ ਦਾ ਪੰਜਾਬੀ ਸੰਗੀਤ ਸਾਂਝ ,ਸਕੂੰਨ ਤੇ ਸੱਭਿਆਚਾਰ ਦੀ ਕਸਵੱਟੀ ਤੇ ਖਰਾ ਨਹੀ ਉਤਰ ਰਿਹਾ ।

ਡਿਜੀਟਲ ਦੁਨੀਆ ਤੇ ਦੌਲਤ ਦੀ ਦੌੜ ਨੇ ਇਸਦੇ ਮਕਸਦ ਬਦਲ ਦਿੱਤੇ । ਉਹ ਵੀ ਸਮਾ ਸੀ ਜਦੋ ਅਵਾਜ ਤੋ ਗਾਇਕ ਦੀ ਪਹਿਚਾਣ ਹੁੰਦੀ ਸੀ । ਉਹਨਾ ਦੇ ਗਾਣਿਆ ਨੂੰ ਸੁਣਨ ਲੋਕ ਮੀਲਾ ਦਾ ਪੈਂਡਾ ਪੈਦਲ ਹੀ ਤੈਅ ਕਰ ਲੈਂਦੇ ਸਨ । ਰੰਗ ਬਰੰਗੀ ਕਨਾਤਾ ,ਝੰਡੀਆ ਤੇ ਛਾਇਆਮਾਨ ਹੇਠ ਘੜੇ, ਚਿਮਟਾ, ਢੋਲਕੀ ਤੇ ਹਰਮੋਨੀਅਮ ਨਾਲ ਸਟੇਜ ਸਜਾਈ ਜਾਦੀ । ਆਸਾ ਸਿੰਘ ਮਸਤਾਨਾ ਵਰਗੇ ਸੁਰੀਲੇ ਗਾਇਕ

**"ਬੱਲੇ ਨੀ ਪੰਜਾਬ ਦੀਏ ਸੇਰ ਬੱਚੀਏ**
**ਚਰਖੀ ਦੇ ਸ਼ੌਕ ਕੱਤ ਲਈਆ ਪੂਣੀਆ "**

ਦੇ ਬੋਲਾ ਰਾਹੀ ਪੰਜਾਬੀ ਮੁਟਿਆਰ ਦੀ ਮੇਹਨਤ ,ਸੀਰਤ ਤੇ ਰਿਸਤੇ ਨਿਭਾਉਣ ਵਾਲੇ ਸੰਸਕਾਰਾ ਦੀ ਹਾਮੀ ਭਰਦੇ । ਪੁਰਾਣੇ ਵੇਲੇ ਦੇ ਗਇਕਾ ਦੇ ਸਾਦ-ਮੁਰਾਦੇ ਪਹਿਰਾਵੇ ਤੇ ਗਾਏ ਗੀਤ ਲੋਕੀ ਅੱਜ ਵੀ ਚੇਤੇ ਕਰਦੇ ਹਨ ।ਇਹ ਗੀਤ ਸੁਣਨ ਲੱਗਿਆ ਅਕਾਊ ਨਹੀ ਸਗੋ ਦਿਲ ਨੂੰ ਛੂਹਦੇ ਹਨ । ਅਜੋਕੀ ਪੀੜੀ ਦੇ ਸਿੰਗਰਾ ਵਾਗ ਦਿਖਾਵੇ ਲਈ ਸਾਜੀਆ ਦੀ ਡਾਰ ਨਹੀ ਸੀ ਹੁੰਦੀ । ਸਗੋ ਰਿਆਜ ਕਰ ਸੋਧੀ ਅਵਾਜ ਨਾਲ ਰਸੀਲੇ ਤੇ ਮਨੋਰੰਜਨਦਾਇਕ ਅਖਾੜੇ ਲਾਉਦੇ ਸਨ । ਸੀ .ਡੀ ਦੇ ਗਾਣੇ ਚਲਾ ਕੇ ਸੋਅ ਲਾਉਣੇ ਨਵਯੁੱਗ ਤੇ ਮੌਸਮੀ ਗਾਇਕਾ ਦੀ ਖੋਜ ਹੈ । ਲਾਲ ਚੰਦ ਯਮਲਾ ਤੂੰਬੀ ਨੂੰ ਸਾਜ ਵਜੋ ਮਾਨਤਾ ਦਵਾਉਣ ਵਾਲਾ ਗਇਕ ਸੀ । ਜੋ ਆਪਣੇ ਅਖਾੜੇ ਵਿੱਚ ਤੂੰਬੀ ਤੇ ਗਉਣ ਨਾਲ ਹੀ ਸਰੋਤਿਆ ਨੂੰ ਬੰਨੀ ਰੱਖਦਾ ਸੀ । ਲੋਈ ਦੀ ਬੁੱਕਲ ਮਾਰ ਤੂੰਬੀ ਦੀ ਤੁਣਕ-ਤੁਣਕ ਨਾਲ

**" ਤੇਰੇ ਹੀ ਕਰਾਰਾ ਮੈਨੂੰ ਪੱਟਿਆ**
**ਜਾ ਤੂੰ ਮੇਰੀ ਮੈ ਤੇਰਾ ਭੁਲ ਨਾ ਜਾਵੀ ਵੇਂ "**

ਵਰਗੇ ਗੀਤਾ ਦੀ ਝੜੀ ਦਿੰਦਾ । ਅਜਿਹੇ ਸੰਗੀਤਮਈ ਰੰਗ ਵਿੱਚ ਰੰਗੇ ਲੋਕੀ ਘਰ ਜਾਣਾ ਦੂਰ ਤੇ ਧੁੱਪਾ ਛਾਂਵਾ ਵੀ ਭੁੱਲ ਜਾਦੇ ਪੰਜਾਬੀ ਗਾਇਕੀ ਨੂੰ ਸੰਗੀਤ ਪ੍ਰੇਮੀ ਰੀਝ ਨਾਲ ਸੁਣਦੇ ਸਨ । ਉਂਜ ਸਾਇਦ ਹੀ ਕੋਈ ਦੂਜੀ ਖੇਤਰੀ ਭਾਸਾ ਜਾ ਰਾਜ ਹੋਵੇ । ਜਿਸ ਦੇ ਗਇਕ ਭਾਰਤ ਤੇ ਵਿਦੇਸਾ ਵਿੱਚ ਲਗਾਤਾਰ 7-8 ਦਹਾਕਿਆ ਤੋ ਅਖਾੜੇ ਲਾਉਦੇ ਹੋਵਣ । 70ਵਿਆ ਤੋ ਬਾਅਦ ਕੁਲਦੀਪ ਮਾਣਕ ,ਸੁਰਿੰਦਰ ਛਿੰਦਾ ,ਅਮਰ ਚਮਕੀਲਾ ਤੇ ਸਦੀਕ ਵਰਗੇ ਗਇਕਾ ਦਾ ਸੁਨਹਿਰੀ ਯੁੱਗ ਸੀ ।ਜਿਹੜੇ ਪਹਿਲੀ ਕਤਾਰ ਦੇ ਗਵਾਈਏ ਸਨ । ਜਿਹਨਾ ਨੂੰ ਲੋਕਾ ਨੇ ਖੂਭ ਸੁਣਿਆ ਤੇ ਸਲਾਹਿਆ । ਪਰ ਉਸ ਸਮੇ ਦੂਹਰੀ ਸਬਦਾਬਲੀ ਨੂੰ ਲੋਕੀ ਨਕਾਰਦੇ ਵੀ ਸੀ । ਇਸੇ ਲਈ ਕੁਝ ਗਾਇਕ ਦੇ ਗੀਤ ਟਰੱਕਾ ,ਮੋਟਰਾ,ਟ੍ਰੈਕਟਰਾ ਜਾ ਛੜਿਆ ਦੀਆ ਢਾਣੀਆ ਤੱਕ ਸੀਮਤ ਰਹੇ । ਇਹ ਜੁਅਰਤ ਅੱਜ ਦੇ ਸਰੋਤਿਆ ਵਿੱਚ ਘੱਟ ਹੈ । ਗਾਇਕਾ ਨੇ ਪੰਜਾਬੀਅਤ ਨਾਲ ਜੁੜੇ ਜੁਝਾਰੂ ਯੋਧਿਆ ਦੀਆ ਵਾਰਾਂ, ਕਿੱਸੇ , ਤੇ ਲੋਕ ਕਥਾਵਾਂ ਨੂੰ ਦੁਨੀਆ ਵਿੱਚ ਵੀ ਪਹੁਚਾਇਆ । ਫਿਰ ਭਾਂਵੇ ਉਹ ਸੁਰਿੰਦਰ ਛਿੰਦੇ ਦਾ ਗਾਇਆ ਦੁੱਲਾ ਭੱਟੀ ਜਾ ਲੰਮੀ ਹੇਕ ਨਾਲ ਮਾਣਕ ਦੀਆ ਗਾਈਆ ਕਲੀਆ ਜਾ ਬਾਬਾ ਬੰਦਾ ਸਿੰਘ ਬਹਾਦੁਰ ਦੀ ਵਾਰ

**"ਲੈ ਕੇ ਕਲਗੀਧਰ ਤੋ ਥਾਪੜਾ**
**ਦਿੱਤਾ ਚਰਨੀ ਸੀਸ ਨਿਵਾ "**

ਹੋਵੇ । ਇਹ ਅੱਜ ਵੀ ਸੁਣਨਾ ਪਸੰਦ ਕਰਦੇ ਹਨ । ਅਜਿਹਾ ਸੰਗੀਤ ਸਦੀਵੀ ਸਾਂਝ ਦੇ ਪ੍ਰਤੀਕ ਹੋ ਨਿਬੜਿਆ ।

ਉਸ ਦੌਰ ਦੀਆ ਗਾਇਕਾਵਾ ਨੇ ਆਪਣੇ ਚੋਖਾ ਯੋਗਦਾਨ ਪਾਇਆ । ਅੱਜ ਵੀ ਪ੍ਰਕਾਸ ਕੌਰ,ਸੁਰਿੰਦਰ ਕੌਰ,ਨਰਿੰਦਰ ਬੀਬਾ ਤੇ ਡੋਲ਼ੀ ਗਲੇਰੀਆ ਦੇ ਗੀਤ ਵਿਆਹ ਮੌਕੇ ਗੂ ਜਦੇ ਹਨ । ਜਿਨਾ ਵਿੱਚ ਦਿਉਰ,ਭਾਬੀਆ ,ਭੈਣਾ ਜਾ ਮਾਵਾਂ ਤੇ ਧੀਆ ਦੇ ਦੁੱਖ ਸੁੱਖ ਦੀਆ ਬਾਤ ਪਾਉਦੇ ਗੀਤ ਸਮਿਲ ਹਨ। ਵਿਹੜੇ ਦੀ ਰੌਣਕ ਧੀ ਦੇ ਵਿਆਹ ਦੀ ਵਿਦਾਇਗੀ ਸਮੇ ਦਾ ਨਰਿੰਦਰ ਬੀਬਾ ਨੇ ਆਪਣੇ ਗੀਤ

" ਆਹ ਲੈ ਮਾਏ ਸਾਭ ਕੁੰਜੀਆ ,
ਧੀਆ ਕਰ ਚੱਲੀਆ ਸਰਦਾਰੀ "

ਅਤੇ ਪ੍ਰਕਾਸ ਕੌਰ ਨੇ "ਮਾਵਾਂ ਤੇ ਧੀਆ ਰਲ ਬੈਠੀਆ ਨੀ ਮਾਏ " ਵਿੱਚ ਨਿੱਘੇ ਰਿਸਤਿਆ ਦਾ ਬਖੂਬੀ ਦ੍ਰਿਸ ਚਿਤਰਿਆ ਹੈ । ਹੁਣ ਤਾ ਹੋਛੀ ਗੀਤਕਾਰੀ ਨੂੰ ਫੈਲਾਉਣ ਵਿੱਚ ਨਵੀਆ ਗਾਇਕਾਵਾ ਵੀ ਚੜਦੀ ਉਮਰੇ ਪਟਾਕੇ ਪਾਉਣ ਜਾ ਅੱਠ ਪਰਚਿਆ ਦੀ ਗਿਣਤੀ ਵਿੱਚ ਉਲਝਕੇ ਰਿਹ ਗਈਆ ਹਨ ।

90ਵੇਂ ਤੋ ਬਾਅਦ ਪੰਜਾਬੀ ਸੰਗੀਤ ਦਾ ਮੁੰਬਈ ਫਿਲਮ ਇੰਡਸਟਰੀ ਵਿੱਚ ਵੀ ਖੂਭ ਬੋਲ ਬੋਲਾ ਰਿਹਾ । ਸੁਖਵਿੰਦਰ ਸੁੱਖੀ ,ਦਲੇਰ ਮਹਿੰਦੀ, ਗੁਰਦਾਸ ਮਾਨ ,ਹੰਸ ਰਾਜ ,ਸਰਦੂਲ ਸਿਕੰਦਰ ,ਜਸਵੀਰ ਜੱਸੀ ਨੇ ਵੀ ਹਿੰਦੀ ਫਿਲਮਾ ਵਿਚ ਚੰਗਾ ਜਸ ਖੱਟਿਆ । ਹਿੰਦੀ ਫਿਲਮਸਾਜ ਪੰਜਾਬੀ ਗਾਣਾ ਫਿਲਮ ਵਿਚ ਪਾਉਣਾ ਜਰੂਰੀ ਸਮਝਣ ਲੱਗੇ । ਅੱਜ ਵੀ ਦਲਜੀਤ ਦੁਸਾਝ ,ਜੱਸੀ ਗਿੱਲ ਤੇ ਕੁਝ ਹੋਰ ਪੰਜਾਬੀ ਗਇਕ ਵੀ ਚੰਗਾ ਕੰਮ ਕਰ ਰਹੇ ਹਨ । ਪਰ ਪੰਜਾਬੀ ਗਾਉਣ ਵੇਲੇ ਤਾ ਮਹਿੰਗੀਆ ਕਾਰਾ ,ਨਸੇ ,ਗੈਗਵਾਰ ਤੇ ਹਥਿਆਰ ਹੀ ਨਜਰ ਆਉਦੇ ਹਨ । ਜਿਸ ਨੂੰ ਰੋਕਣ ਲਈ ਅਦਾਲਤਾ ਦਾ ਸਹਾਰਾ ਲੈਣਾ ਪੈ ਰਿਹਾ ਹੈ । ਉਂਜ ਗੁਰਦਾਸ ਮਾਨ ਦੇ ਗਾਏ "ਘੱਗਰੇ ਵੀ ਗਏ " ਤੇ " ਮਾਣਕ ਹੱਦ ਮੁਕਾ ਗਿਆ ਨਵੀਆ ਕਲੀਆ ਦੀ " ਗਾਣੇ ਬਾਕਿਆ ਹੀ ਕਲੀਆ ਤੇ ਰਵਾਇਤੀ ਪੁਸ਼ਕਾ ਦਾ ਅੰਤਿਮ ਦੌਰ ਹੋ ਗਿਆ । ਮਾਨ ਭਰਾਵਾ ਦੀ ਸਤਰੰਗੀ ਪੀਘ ਨੇ ਜਰੂਰ ਕੁਝ ਕਵੀਸਰੀ ਵਾਲੇ ਸੰਗੀਤਕ ਹੁਲਾਰੇ ਦਿੱਤੇ । ਫਿਰ ਕਾਲਜੀਏਟ ਲਾਈਫ ,ਅੱਲੜ ਉਮਰੇ ਦੇ ਪ੍ਰੇਮ ਤੇ ਵਿਆਹ ਦੇ ਵਿਛੋੜੇ ਵਾਲੇ ਗੀਤਾ ਨੇ ਵੀ ਕਈਆ ਨੂੰ ਸਟਾਰ ਬਣਾਇਆ । ਜੋ ਮਨੋਰੰਜਨ ਤੱਕ ਹੀ ਸੀਮਤ ਰਹੇ । ਪਰ ਲੋਕਾ ਦੇ ਦਿਲ ਵਿੱਚ ਨਾ ਵਸ ਸਕੇ । ਵਿਰਸੇ ਦੇ ਮੁਰੀਦ ਗਾਇਕ ਪੰਮੀ ਬਾਈ,ਵਾਰਿਸ ਭਰਾ ,ਹਰਭਜਨ ਮਾਨ ,ਸਰਭਜੀਤ ਚੀਮਾ,ਬਿੰਦਰੱਖੀਆ, ਮਲਕੀਤ, ਸੁਰਜੀਤ ਖਾਨ ਨੇ ਨਿਰੋਈ ਗਾਇਕੀ ਦੀ ਪੱਲਾ ਨਹੀ ਛੱਡਿਆ । ਜਿੰਨਾ ਗਾਇਕੀ ਦੇ ਜੰਕਸਨ ਤੇ ਪੰਜਾਬੀ ਬੋਲੀ,ਪਹਿਰਾਵਾ ,ਗਿੱਧਾ ,ਭੰਗੜੇ ਵਰਗੇ ਵਿਰਸੇ ਦੇ ਪਹਿਲੂਆ ਨੂੰ ਦੁਨੀਆ ਵਿੱਚ ਪਹੁਚਾਇਆ ।

ਪਿਛਲੇ ਦਹਾਕੇ ਤੋ ਪੰਜਾਬੀ ਗਾਇਕੀ ਤੇ ਗੀਤਕਾਰੀ ਵਿੱਚ ਆਈ ਗਿਰਾਵਟ ਨਾਲ ਪੰਜਾਬੀਅਤ ਦਾ ਚਿਹਰਾ ਵੀ ਧੁੰਦਲਾ ਹੋਇਆ । ਬਾਕੀ ਕਸਰ ਸ਼ੋਰ ਨੁਮਾ ਸੰਗੀਤ ਤੇ ਅੰਗਰੇਜੀ ਰੈਂਪ ਨੇ ਕੱਢ ਦਿੱਤੀ । ਗਾਣਿਆ ਵਿੱਚ ਮਹਿੰਗੀਆ ਗੱਡੀਆ ਦੇ ਨਾਲ ਔਰਤ ਮਾਡਲ ਨੂੰ ਨੁਮਾਇਸ ਦੀ ਵਸਤੂ ਵਾਂਗ ਪੇਸ ਕੀਤਾ ਜਾਣ ਲੱਗਾ । ਗੀਤ ਦੇ ਫਿਲਮਾਕਣ ਵਿੱਚ ਹਥਿਆਰ ਤੇ ਨਸ਼ੇ ਗਾਇਕ ਨਾਲੋ ਵੱਧ ਸਮੇ ਦਿਖਾਈ ਦਿੰਦੇ ਹਨ । ਗੀਤਕਾਰੀ ਅਸਲੀਅਤ ਤੋ ਕੋਹਾ ਦੂਰ ਹੈ । ਕਰਜੇ ਤੇ ਖੇਤੀ ਮੰਦਹਾਲੀ ਕਾਰਨ ਕਿਸਾਨ ਜਮੀਨਹੀਣ ਹੋ ਰਹੇ ਹਨ । ਗੀਤਕਾਰ ਉਹਨਾ ਨੂੰ ਦੇਸੀ ਬਾਣੇ ਪਹਿਨਾ ਕਲੱਬਾ, ਲਗਜਰੀ ਗੱਡੀਆ ਤੇ ਗੈਗਸਟਰ ਬਣਾਕੇ ਦਿਖਾਉਣ ਵਿੱਚ ਮਸਰੂਫ ਹੈ । ਬੇਰੁਜਗਾਰੀ ਦੇ ਝੰਬੇ ਨੌਜਵਾਨ ਇਸਨੂੰ ਸਸਤੀ ਸੋਹਰਤ ਤੇ ਘੱਟ ਮੇਹਨਤ ਦਾ ਕੰਮ ਸਮਝ ਲੱਗੇ ਹੋਏ । "ਲਿਖਣ ਤੋ ਪਹਿਲਾ ਪੜਨਾ (ਘੋਖਣਾ) , ਗਾਉਣ ਤੋ ਪਹਿਲਾ ਸਮਝਣਾ" ਵਰਗੇ ਸਹਾਈ ਤੱਥ ਬੀਤੇ ਦੀਆ ਗੱਲਾ ਰਹਿ ਗਈਆ । ਕਲਾਕਾਰਾ ਨੂੰ ਲੋਕਾ ਦੀ ਆਵਾਜ ਆਖਦੇ ਹਨ । ਜਿਸ ਵਿੱਚ ਆਪਣੀ ਲੋਕਾਈ ਦੀਆ ਖੁਸੀਆ,ਗਮੀਆ ਤੇ ਸਮਾਜਿਕ ਸਾਰੋਕਾਰ ਦਾ ਤਰਜਮਾ ਕਰਦੇ ਹਨ । ਸਭਿਆਚਾਰ ਸਮਾਜ ਦਾ ਸੀਸਾ ਹੁੰਦਾ ਹੈ । ਕੀ ਅਸੀ ਆਪਣੇ ਬੱਚਿਆ ਲਈ ਅਜਿਹਾ ਸ਼ੱਭਿਆਚਾਰ ਛੱਡ ਕੇ ਜਾਵੇਗੇ । ਜੋ ਉਹਨਾ ਨੂੰ ਟੋਚਨਾ, ਨਸ਼ੇ ਤੇ ਹਥਿਆਰਾ ਦੇ ਸ਼ੌਕ ਬਾਰੇ ਦੱਸੇਗਾ । ਜਿਹੜੀ ਧਰਤੀ ਗੁਰੂਆ,ਪੀਰੀ .ਊਧਮ ਸਿੰਘ ਤੇ ਭਗਤ ਸਿੰਘ ਵਰਗਿਆ ਯੋਧਿਆ ਦੀ ਹੈ । ਲੋਕ ਪੰਜਾਬੀ ਹੋਣ ਦਾ ਮਾਣ ਕਰਦੇ ਹਨ । ਪਰ ਗਾਇਕੀ ਪ੍ਰਦੂਸਣ ਦੇ ਕਾਰਨ ਇਸਦਾ ਉਲਟਾ ਪ੍ਰਭਾਵ ਪੈ ਰਿਹਾ ਹੈ । ਇਸ ਡੰਗ ਟਪਾਊ ਤੇ ਘੱਟ ਉਮਰੀ ਗਾਇਕੀ ਤੋ ਕਿਨਾਰਾ ਕਰਨਾ ਜਰੂਰੀ ਹੈ । ਸਤਿੰਦਰ ਸਰਤਾਜ,ਪ੍ਰਭ ਗਿੱਲ ਤੇ ਉਹਨਾ ਗਾਇਕਾ ਤੇ ਗੀਤਕਾਰਾ ਨੂੰ ਸਜਦਾ ਹੈ ਜੋ ਸਮਾਜਿਕ ਮਰਿਆਦਾ ਵਿਚ ਰਿਹ ਕੇ ਆਪਣੀ ਅਵਾਜ ਬੁਲੰਦ ਕਰ ਰਹੇ ਹਨ । ਆਉ ਸਭ ਮਿਲਕੇ ਦੁਵਾਰਾ ਗਾਇਕੀ ਦੇ ਸੁਨਹਿਰੀ ਯੁੱਗ ਲਈ ਹੰਬਲਾ ਮਾਰੀਏ । ਦੌਲਤ ਦੇ ਅੰਬਾਰ ਵਿੱਚ ਗੁਵਾਚੀ ਗਇਕੀ ਮੁੜ ਪੰਜਾਬੀਆ ਦੀ ਆਨ,ਬਾਨ ਤੇ ਸਾਨ ਬਹਾਲ ਕਰ ਸਕੇ । ਕੀ ਗਾਇਕੀ ਦੇ ਬਾਬਾ ਬੋਹੜ ਗੁਰਦਾਸ ਮਾਨ ਆਪਣਿਆ ਨੂੰ ਸਮਝਾਉਣ ਲਈ

**" ਪੰਜਾਬੀਏ ਜੁਬਾਨੇ ਨੀ ਰੁਕਾਨੇ ਮੇਰੇ ਦੇਸ ਦੀਏ,**
**ਫਿੱਕੀ ਪੈਅ ਗੀ ਚਿਹਰੇ ਦੀ**
**ਨੁਹਾਰ "**

ਵਰਗੇ ਨਸੀਹਤ ਨੁਮਾ ਗੀਤ ਦੁਵਾਰਾ ਰਚਣ ਦੀ ਲੋੜ ਪਵੇਗੀ ?



ਐਡਵੋਕੇਟ ਰਵਿੰਦਰ ਸਿੰਘ ਧਾਲੀਵਾਲ
ਮੋ 78374 90309

# ਕਿੰਨੇ ਕੁ ਕਾਰਗਰ ਹਨ ਨਵੇਂ ਪ੍ਰਦੂਸ਼ਣ ਕੰਟਰੋਲ ਕਾਨੂੰਨ



ਪ੍ਰਦੂਸ਼ਣ ਮੌਜੂਦਾ ਸਮੇਂ ਦੀ ਇੱਕ ਬਹੁਤ ਵੱਡੀ ਸਮੱਸਿਆ ਬਣ ਚੁਕਿਆ ਹੈ। ਪ੍ਰਦੂਸ਼ਣ ਦੀਆਂ ਵੱਖ ਵੱਖ ਕਿਸਮਾਂ ਵਿੱਚੋਂ ਹਵਾ ਪ੍ਰਦੂਸ਼ਣ ਸਭ ਤੋਂ ਵੱਧ ਘਾਤਕ ਸਾਬਿਤ ਹੋ ਰਿਹਾ ਹੈ। ਮੌਜੂਦਾ ਦਿਨਾਂ ਵਿੱਚ ਦਿੱਲੀ ਐੱਨ ਸੀ ਆਰ ਵਿੱਚ ਹਵਾ ਪ੍ਰਦੂਸ਼ਣ ਦਾ ਪੱਧਰ ਏਨਾ ਜਿਆਦਾ ਵੱਧ ਗਿਆ ਹੈ ਕਿ, ਹਰ ਪ੍ਰਾਣੀ ਮਾਤਰ ਦਾ ਹਵਾ ਵਿੱਚ ਸਾਹ ਲੈਣਾ ਮੁਸ਼ਕਿਲ ਹੋ ਚੁੱਕਾ ਹੈ। ਸਿੱਧੇ ਅਸਿੱਧੇ ਤੌਰ ਤੇ ਕੇਂਦਰ ਸਰਕਾਰ ਇਸ ਵੱਧ ਰਹੇ ਪ੍ਰਦੂਸ਼ਣ ਦਾ ਕਾਰਣ ਕਿਸਾਨਾਂ ਦੁਆਰਾ ਪਰਾਲੀ ਨੂੰ ਲਗਾਈਆਂ ਜਾ ਰਹੀਆਂ ਅੱਗਾ ਨੂੰ ਮੰਨ ਰਹੀ ਹੈ। ਇਸੇ ਅਲਾਮਤ ਨਾਲ ਨਜਿੱਠਣ ਲਈ ਕੇਂਦਰ ਸਰਕਾਰ ਨੇ ਇੱਕ ਵਾਰ ਫਿਰ ਤੋਂ ਆਰਡੀਨੈਂਸ ਦੇ ਰੂਪ ਵਿੱਚ ਇੱਕ ਨਵਾਂ ਕਾਨੂੰਨ ਜਾਰੀ ਕੀਤਾ ਹੈ । ਕਾਨੂੰਨ ਦੀ ਉਲੰਘਣਾ ਕਰਨ ਵਾਲੇ ਨੂੰ ਪੰਜ ਸਾਲ ਤੱਕ ਦੀ ਕੈਦ ਅਤੇ ਇੱਕ ਕਰੋੜ ਰੁਪਏ ਤੱਕ ਜੁਰਮਾਨੇ ਦੀ ਵਿਵਸਥਾ ਕੀਤੀ ਗਈ ਹੈ। ਇਸ ਕਾਨੂੰਨ ਤਹਿਤ ਨਿਆਂ ਮੰਤਰਾਲੇ ਦੁਆਰਾ ਵਾਤਾਵਰਣ ਪ੍ਰਦੂਸ਼ਣ ਰੋਕ ਅਥਾਰਿਟੀ ਨੂੰ ਭੰਗ ਕਰਕੇ ਇਸ ਦੀ ਜਗ੍ਹਾ 20 ਮੈਂਬਰੀ ਕਮਿਸ਼ਨ ਗਠਿਤ ਕੀਤਾ ਗਿਆ ਹੈ। ਇਸ ਕਾਨੂੰਨ ਨੂੰ ਖਾਸ ਕਰ ਪੰਜਾਬ, ਹਰਿਆਣਾ, ਰਾਜਸਥਾਨ, ਯੂ ਪੀ, ਦਿੱਲੀ ਵਿੱਚ ਜਲਦ ਤੋਂ ਜਲਦ ਲਾਗੂ ਕਰਨ ਦੇ ਆਦੇਸ਼ ਜਾਰੀ ਹੋਏ ਹਨ। ਇਸ ਤੋਂ ਇਲਾਵਾ ਇਸ ਕਾਨੂੰਨ ਵਿੱਚ ਸਾਫ ਸਾਫ ਲਿਖਿਆ ਗਿਆ ਹੈ ਕਿ ਜਿੰਨਾ ਫੈਕਟਰੀਆਂ ਨਾਲ ਵਾਤਾਵਰਣ ਦੂਸ਼ਿਤ ਹੋਣ ਦਾ ਸ਼ੰਕਾ ਪੈਦਾ ਹੁੰਦਾ ਹੈ, ਉਹਨਾਂ ਫੈਕਟਰੀਆਂ ਨੂੰ ਬੰਦ ਕਰ ਦਿੱਤਾ ਜਾਵੇ।

ਇਸ ਸਾਰੀ ਖਬਰ ਨੂੰ ਬਹੁਤ ਗਹਿਰਾਈ ਨਾਲ ਵਿਚਾਰਨ ਤੋਂ ਬਾਅਦ ਮੈਂ ਇਸ ਨਤੀਜੇ ਤੇ ਪਹੁੰਚੀ ਅਤੇ ਸਭ ਤੋਂ ਪਹਿਲਾਂ ਇਹ ਸੋਚਿਆ ਕਿ ਕਾਨੂੰਨ ਤਾਂ ਭਾਰਤ ਵਿੱਚ ਹੋਰ ਵੀ ਬਹੁਤ ਸਾਰੇ ਬਣਾਏ ਹੋਏ ਹਨ ? ਪਰ ਕੀ ਇਕੱਲੇ ਕਾਨੂੰਨ ਬਣਾਉਣ ਨਾਲ ਕੋਈ ਹੱਲ ਨਿਕਲ ਸਕਦਾ ਹੈ। ਕਾਨੂੰਨ ਤਾਂ ਭਾਰਤ ਵਿੱਚ ਕਤਲ ਦੇ ਵੀ ਬਣੇ ਹੋਏ ਨੇ, ਬਲਾਤਕਾਰੀਆਂ ਲਈ ਵੀ ਬਣੇ ਹੋਏ ਹਨ ਪਰ ਕੀ ਉਹਨਾਂ ਕਾਨੂੰਨਾ ਤਹਿਤ ਕਿਸੇ ਨੂੰ ਸਜ਼ਾ ਮਿਲਦੀ ਹੈ ? ਭਾਰਤੀ ਸਿਸਟਮ ਦੀ ਇਹ ਕਮੀ ਰਹੀ ਹੈ ਕਿ ਇੱਥੇ ਲਿਖਤੀ ਰੂਪ ਵਿੱਚ ਕਾਪੀਆਂ ਜਿੰਨੀਆਂ ਮਰਜ਼ੀ ਕਾਲੀਆਂ ਕਰਵਾ ਲਵੋ, ਪਰ ਉਸ ਨੂੰ ਅਮਲੀ ਰੂਪ ਦੇਣ ਵਾਲਾ ਅਤੇ ਮੁਸ਼ਕਿਲ ਦਾ ਠੋਸ ਹੱਲ ਕੱਢਣ ਵਾਲਾ ਕੋਈ ਵੀ ਨਹੀ ਹੈ। ਜੇਕਰ ਕੇਂਦਰ ਸਰਕਾਰ ਨੂੰ ਲੱਗਦਾ ਹੈ ਕਿ ਖੇਤੀ ਪ੍ਰਧਾਨ ਸੂਬੇ ਜਿਵੇਂ ਕਿ ਪੰਜਾਬ, ਹਰਿਆਣਾ, ਯੂ ਪੀ ਆਦਿ ਕਾਰਣ ਦਿੱਲੀ ਵਿੱਚ ਪ੍ਰਦੂਸ਼ਣ ਵੱਧ ਰਿਹਾ ਹੈਂ ਤਾਂ, ਸਰਕਾਰ ਨੂੰ ਚੰਗੀ ਤਰ੍ਹਾਂ ਬਰੀਕੀ ਨਾਲ ਸੋਚ ਕੇ ਇਹ ਫੋਕੇ ਕਾਨੂੰਨ ਬਣਾਉਣ ਦੀ ਬਜਾਇ ਅਜਿਹੇ ਤਰੀਕਿਆਂ ਨੂੰ ਲੱਭਣ ਦਾ ਯਤਨ ਕਰਨਾ ਚਾਹੀਦਾ ਸੀ ਕਿ ਜਿੰਨਾ ਨਾਲ ਕਿਸਾਨ ਵੀਰ ਬਿਨਾ ਵਾਤਾਵਰਣ ਨੂੰ ਕੋਈ ਨੁਕਸਾਨ ਪ੍ਹੁਚਾਏ ਪਰਾਲੀ ਨੂੰ ਸੰਭਾਲ ਸਕਣ। ਜੇਕਰ ਦੇਖਿਆ ਜਾਵੇ ਤਾਂ ਦੋਗਲੀ ਨੀਤੀ ਵਾਲੀਆਂ ਸਰਕਾਰਾਂ ਪਹਿਲਾਂ ਹੀ ਕਿਸਾਨਾਂ ਨਾਲ ਕਾਫੀ ਵਧੀਕੀਆਂ ਕਰ ਚੁੱਕੀ ਹੈ, ਤੇ ਜੇਕਰ ਇਸ ਕਾਨੂੰਨ ਤਹਿਤ ਕਿਸੇ ਵੀ ਰਾਜ ਦੇ ਕਿਸਾਨ ਨੂੰ ਕੋਈ ਜੁਰਮਾਨਾ ਭਰਨਾ ਪੈਂਦਾ ਹੈ ਜਾਂ ਸਜ਼ਾ ਕੱਟਣੀ ਪੈਂਦੀ ਹੈ ਤਾਂ ਇਹ ਸਰਾਸਰ ਬੇਇਨਸਾਫ਼ੀ ਹੋਵੇਗੀ। ਕੁਝ ਦਿਨ ਪਹਿਲਾਂ ਜਦ ਪ੍ਰਦੂਸ਼ਣ ਬਾਰੇ ਵਿਚਾਰ ਚਰਚਾ ਕੀਤੀ ਤਾਂ ਬਹੁਤ ਸਾਰੇ ਕਿਸਾਨ ਵੀਰਾਂ ਦੇ ਸੁਝਾਅ ਸਨ ਕਿ ਹਰ ਕਿਸਾਨ ਇਸ ਗੱਲ ਤੋਂ ਚੰਗੀ ਤਰ੍ਹਾਂ ਜਾਣੂ ਹੈ ਕਿ ਪਰਾਲੀ ਨੂੰ ਅੱਗ ਲਗਾਉਣ ਨਾਲ ਵਾਤਾਵਰਣ ਦੂਸ਼ਿਤ ਹੁੰਦਾ ਹੈ, ਪਰ ਅਸੀਂ ਕਿਸਾਨ ਮਜਬੂਰ ਹਾਂ ਕਿਉਂਕਿ ਸਾਡੇ ਕੋਲ ਅੱਗ ਲਗਾਉਣ ਤੋਂ ਇਲਾਵਾ ਹੋਰ ਕੋਈ ਰਾਸਤਾ ਨਹੀਂ ਬੱਚਦਾ। ਕਿਉਂਕਿ ਪੰਜਾਬ ਦੇ ਕਿਸਾਨਾਂ ਕੋਲ ਨਾ ਤਾਂ ਏਨੀ ਪੂੰਜੀ ਹੈ ਕਿ ਉਹ ਅਧੁਨਿਕ ਤਕਨੀਕੀ ਯੰਤਰਾਂ ਨੂੰ ਖਰੀਦ ਕੇ ਪਰਾਲੀ ਨੂੰ ਸੰਭਾਲ ਸਕਣ ਅਤੇ ਨਾ ਹੀ ਅਜਿਹੇ ਹੋਰ ਸਸਤੇ ਸਾਧਨ ਜਿੰਨਾ ਨਾਲ ਵਾਤਾਵਰਣ ਨੂੰ ਘੱਟ ਨੁਕਸਾਨ ਪ੍ਹੁਚ ਸਕੇ। ਮੈਂ ਹੈਰਾਨ ਹਾਂ ਕਾਨੂੰਨ ਬਣਾਉਣ ਵਾਲਿਆਂ ਤੇ ਕਿ ਏਨਾ ਵੱਡਾ ਜੁਰਮਾਨਾ ਲਗਾਉਣ ਤੋਂ ਪਹਿਲਾਂ ਨਿਆਂ ਕਾਰਕੁੰਨਾਂ ਨੇ ਇੱਕ ਵਾਰ ਇਹ ਦੇਖਣ ਦਾ ਯਤਨ ਨਹੀਂ ਕੀਤਾ ਕਿ ਕਿਸਾਨਾਂ ਕੋਲ ਤਾਂ ਆਪਣੀ ਜ਼ਮੀਨ ਵਿੱਚ ਉਗਾਉਣ ਲਈ ਬੀਜ ਖਾਦ ਆਦਿ ਲਈ ਤਾਂ ਪੈਸੇ ਨਹੀਂ ਹਨ ਤਾਂ ਜੁਰਮਾਨੇ ਦੀਆਂ ਏਨੀਆਂ ਵੱਡੀਆਂ ਰਕਮਾਂ ਕਿਵੇ ਚੁਕਾਵੇਗਾ। ਇੱਕ ਗੱਲ ਹੋਰ ਵਿਚਾਰ ਹਿੱਤ ਲਿਆਉਣ ਵਾਲੀ ਹੈ ਕਿ ਸਾਡੇ ਦੇਸ਼ ਦੀ 70% ਤੋਂ ਵੱਧ ਅਬਾਦੀ ਖੇਤੀਬਾੜੀ ਉੱਪਰ ਸਿੱਧੇ ਅਤੇ ਅਸਿੱਧੇ ਤੌਰ ਤੇ ਨਿਰਭਰ ਹੈ।ਜਿਸ ਨੂੰ ਮੱਦੇਨਜ਼ਰ ਰੱਖਦੇ ਹੋਏ ਸਰਕਾਰਾਂ ਦਾ ਫਰਜ਼ ਬਣਦਾ ਹੈ ਕਿ ਉਹ ਕੁਝ ਅਜਿਹੇ ਕਾਨੂੰਨ ਬਣਾਏ ਜਾਣ ਜਿਸ ਨਾਲ ਕਿਸਾਨਾਂ ਨੂੰ ਮਦਦ ਮਿਲ ਸਕੇ ਪਰ ਸਾਡੇ ਦੇਸ਼ ਵਿੱਚ ਬਿਲਕੁਲ ਇਸ ਦੇ ਉਲਟ ਹੋ ਰਿਹਾ ਹੈ। ਮੁਕਦੀ ਗੱਲ ਪਰਾਲੀ ਦੀ ਤਾਂ ਅਸੀਂ ਸਾਰੇ ਜਾਣਦੇ ਹਾਂ ਕਿ ਸਾਡੇ ਕਿਸਾਨ ਏਨੇ ਅਮੀਰ ਤਾਂ ਹੈ ਨਹੀ ਕਿ ਉਹ ਮਹਿੰਗੀ ਮਹਿੰਗੀ ਮਸ਼ੀਨਰੀ ਖਰੀਦ ਸਕਣ। ਇਸ ਸਮੱਸਿਆ ਦੇ ਹੱਲ ਸਰਕਾਰ ਨੂੰ ਚਾਹੀਦਾ ਹੈ ਕਿ ਕੁਝ ਵਾਜਿਬ ਹੱਲ ਕੱਢੇ ਜਾਣ। ਪਿਛਲੇ ਕੁਝ ਸਮੇਂ ਵਿੱਚ ਸਰਕਾਰ ਵੱਲੋਂ ਬਠਿੰਡੇ ਵਿਖੇ ਸਥਿੱਤ ਥਰਮਲ ਪਲਾਂਟ ਨੂੰ ਕੋਲੇ ਦੀ ਜਗ੍ਹਾ ਤੇ ਪਰਾਲੀ ਨਾਲ ਚਲਾਉਣ ਦੀ ਯੋਜਨਾ ਬਣਾਈ ਗਈ ਸੀ, ਪਰ ਉਹ ਯੋਜਨਾ ਕੇਵਲ ਯੋਜਨਾ ਬਣ ਕੇ ਹੀ ਰਹਿ ਗਈ। ਜੇਕਰ ਕਿਤੇ ਉਸ ਯੋਜਨਾ ਨੂੰ ਅਮਲੀ ਰੂਪ ਦਿੱਤਾ ਹੁੰਦਾ ਤਾਂ ਪਰਾਲੀ ਨੂੰ ਸਾਂਭਣ ਵਿੱਚ ਆ ਰਹੀ ਔਕੜ ਨਾਲ ਅਰਾਮ ਨਾਲ ਨਜਿੱਠਿਆ ਜਾ ਸਕਦਾ ਸੀ।

ਅੰਤ ਵਿੱਚ ਇਹੀ ਕਹਿ ਸਕਦੇ ਹਾਂ ਕਿ ਸਰਕਾਰਾਂ ਨੂੰ ਚਾਹੀਦਾ ਹੈ ਕਿ ਹਰ ਵਾਰ ਕਿਸਾਨਾਂ ਦੀ ਪਿੱਠ ਵਿੱਚ ਹੀ ਛੁਰਾ ਨਾ ਖੁਭਾਇਆ ਜਾਵੇ, ਬਲਕਿ ਕਿਸਾਨਾਂ ਦੇ ਹਮਦਰਦ ਬਣ ਕਿਸਾਨਾਂ ਦੇ ਹੱਕ ਵਿੱਚ ਕਾਨੂੰਨ ਬਣਾਏ ਜਾਣ।

**ਹਰਕੀਰਤ ਕੌਰ ਸਭਰਾ**
9779118066

## ਭਰੂਣ ਹੱਤਿਆ

ਕਰਤਾਰ ਸਿੰਘ ਚੰਗੀ ਜ਼ਮੀਨ ਜਾਇਦਾਦ ਦਾ ਮਾਲਕ ਰੱਜਿਆ ਪੁੱਜਿਆ ਆਦਮੀ ਸੀ। ਪਤਨੀਹਰਜੀਤ ਕੌਰ ਵੀ ਸੁਚੱਜੀ ਔਰਤ ਸੀ। ਘਰ ਵਿੱਚ ਬੱਸ ਇੱਕ ਹੀ ਕਮੀ ਸੀ ਕਿ ਦੋ ਧੀਆਂ ਹੀ ਸਨ। ਦੋਵੇਂ ਜੀਅ ਲੜਕੇ ਵਾਸਤੇ ਤਰਸੇ ਪਏ ਸਨ। ਕੋਈ ਧਾਰਮਿਕ ਸਥਾਨ ਨਹੀਂ ਸੀ ਛੱਡਿਆ ਜਿੱਥੇ ਮੱਥਾ ਨਾ ਰਗੜਿਆ ਹੋਵੇ। ਅਖੀਰ ੧੨ ਸਾਲਾਂ ਬਾਅਦ ਰੂੜੀ ਦੀ ਵੀ ਸੁਣੀ ਜਾਣ ਵਾਂਗਰੱਬ ਨੇ ਉਨ੍ਹਾਂ ਦੀ ਸੁਣ ਲਈ। ਚਾਹੇ ਤਰਸਾ ਕੇਹੀ, ਚੰਨ ਵਰਗਾ ਪੁੱਤਰ ਬਖਸ਼ ਦਿੱਤਾ। ਦੋਵੇਂ ਨਿਹਾਲ ਹੋ ਗਏ, ਮਸਾਂ ਮਸਾਂ ਖਾਨਦਾਨ ਦੀ ਵੇਲ ਅੱਗੇ ਵਧੀ ਹੋਣ ਕਾਰਨ ਲੜਕੇ ਦਾ ਨਾਮ ਰਵੇਲ ਸਿੰਘ ਰੱਖਿਆ ਗਿਆ। ਰਵੇਲ ਪੜ੍ਹਨ ਲਿਖਣ ਵਿੱਚ ਹੁਸ਼ਿਆਰ ਸੀ। ਉੱਚ ਵਿਦਿਆ ਪ੍ਰਾਪਤ ਕਰਕੇ ਚੰਗੀ ਨੌਕਰੀ 'ਤੇ ਲੱਗ ਗਿਆ।ਰਿਸ਼ਤੇ ਵਾਲਿਆਂ ਨੇ ਗੇੜੇ ਮਾਰ ਮਾਰ ਕੇ ਦਰਵਾਜੇ ਨੀਵੇਂ ਕਰ ਦਿੱਤੇ। ਅਖੀਰ ਬਰਾਬਰ ਦੀ ਅਫਸਰ ਗੁਰਜੋਤ ਕੌਰ ਨੂੰਹ ਬਣ ਕੇ ਘਰ ਵਿੱਚ ਆ ਗਈ।ਕੁਝ ਸਾਲਾਂ ਵਿੱਚ ਰਵੇਲ ਵੀ ਧੀਆਂ ਪੁੱਤਰਾਂ ਵਾਲਾ ਹੋ ਗਿਆ। ਉਸ ਨੇ ਪਿੰਡ ਛੱਡ ਕੇ ਸ਼ਹਿਰ ਕੋਠੀ ਪਾ ਲਈ ਤੇ ਹੌਲੀ ਹੌਲੀ ਕਰਤਾਰ ਅਤੇ ਹਰਜੀਤ ਨੂੰ ਵੀ ਸ਼ਹਿਰ ਲੈ ਗਿਆ। ਕੁਝ ਪਿੰਡ ਦਾ ਉਦਰੇਵਾਂ ਅਤੇ ਕੁਝ ਉਮਰ ਦਾ ਤਕਾਜ਼ਾ, ਦੋਵਾਂ ਦੀ ਸਿਹਤ ਕਿਰਨ ਲੱਗੀ। ਹੌਲੀ ਹੌਲੀ ਰਵੇਲ ਨੇ ਮਿੱਠਾ ਪਿਆਰਾ ਬਣ ਕੇ ਸਾਰੀ ਜ਼ਮੀਨ ਆਪਣੇ ਨਾਮ 'ਤੇ ਕਰਵਾ ਲਈ।ਕਿਸਾਨ ਦੀ ਵੁੱਕਤ ਜ਼ਮੀਨ ਨਾਲ ਹੀ ਹੁੰਦੀ ਹੈ। ਬੇਜ਼ਮੀਨੇ ਕਰਤਾਰ ਤੋਂ ਰਵੇਲ ਅਤੇ ਉਸ ਦੀ ਪਤਨੀ ਨੂੰ ਮੁਸ਼ਕ ਆਉਣ ਲੱਗਾ। ਸ਼ਹਿਰ ਦੇ ਜੰਮੇ ਪਲੇ ਪੋਤਰਾ ਪੋਤਰੀਤਾਂ ਪਹਿਲਾਂ ਹੀ ਦਾਦੇ ਦਾਦੀ ਦੇ ਆਉਣ ਤੋਂ ਦੁਖੀ ਸਨ। ਅਖੀਰ ਉਹ ਦਿਨ ਵੀ ਆ ਗਿਆ। ਨਿਰਮੋਹੀ ਹੋ ਚੁੱਕੇ ਰਵੇਲ ਨੇ ਮਾਂ- ਬਾਪ ਨੂੰ ਬਿਰਧਘਰ ਛੱਡਣ ਦਾ ਫੈਸਲਾ ਕਰ ਲਿਆ। ਨੂੰਹ ਅਤੇ ਪੋਤਰੇ-ਪੋਤਰੀ ਨੇ ਚਾਈਂ ਚਾਈਂ ਦਾਦੇ-ਦਾਦੀ ਦਾ ਸਮਾਨ ਗੱਡੀ ਵਿੱਚ ਸੁੱਟਿਆ। ਰਵੇਲ ਨੇ ਗੱਡੀ ਤੋਰ ਲਈ ਤਾਂ ਗੁਰਜੋਤ ਨੇ ਕਮਰੇ ਨੂੰ ਚੰਗੀ ਤਰਾਂ ਧੁਆ ਕੇ ਡੈਟੋਲ ਨਾਲ ਪੋਚਾ ਮਰਵਾਇਆ ਤਾਂ ਜੋ ਕਿਤੇ ਕੋਈ ਜਰਾਸੀਮ ਪਿੱਛੇ ਨਾ ਰਹਿ ਜਾਵੇ। ਕਰਤਾਰ ਤੇ ਹਰਜੀਤ ਨੂੰ ਬਿਰਧਘਰ ਪਹੁੰਚ ਕੇ ਪਤਾ ਚੱਲਿਆ ਕਿ ਕੀ ਭਾਣਾ ਵਾਪਰ ਗਿਆ ਹੈ। ਉਹ ਤਾਂ ਆਪਣੀ ਜਾਚੇ ਧੀ ਨੂੰ ਮਿਲਣ ਜਾ ਰਹੇ ਸਨ। ਜਦੋਂ ਰਵੇਲ ਮਾਂ ਬਾਪ ਨੂੰ ਸਧਾਰਨ ਜਿਹੇ ਕਮਰੇ ਵਿੱਚ ਛੱਡ ਕੇ ਬੇਸ਼ਰਮਾਂ ਵਾਂਗ ਤੁਰਨ ਲੱਗਾ ਤਾਂ ਹਰਜੀਤ ਦੀਆਂ ਡਾਡਾਂ ਨਿਕਲ ਗਈਆਂ। ਉਹ ਰਵੇਲ ਨੂੰ ਕੋਸਣ ਲੱਗੀ ਕਿ ਤੂੰ ਜੰਮਦਾ ਕਿਉਂ ਨਾ ਮਰ ਗਿਆ। ਕਰਤਾਰ ਨੇ ਹੌਂਸਲਾ ਰੱਖਿਆ। ਅਸਲ ਵਿੱਚ ਉਸ ਨੂੰ ਪਹਿਲਾਂ ਹੀ ਖੁੜਕ ਗਈ ਸੀ ਕਿ ਇਹ ਭਾਣਾ ਵਾਪਰਨ ਵਾਲਾ ਹੈ। ਉਸ ਨੇ ਤੁਰੇ ਜਾਂਦੇ ਰਵੇਲ ਨੂੰ ਅਵਾਜ਼ ਮਾਰ ਕੇ ਬੁਲਾਇਆ। ਰਵੇਲ ਬੁੜ ਬੁੜ ਕਰਦਾ ਵਾਪਸ ਆਇਆ ਕਿ ਪਤਾ ਨਹੀਂ ਹੁਣ ਬੁੱਢੇ ਬੁੱਢੜੀ ਨੇ ਕੀ ਖੇਖਣ ਕਰਨੇ ਹਨ। ਕਰਤਾਰ ਨੇ ਬਹੁਤ ਹੀ ਪਿਆਰ ਨਾਲ ਰਵੇਲ ਦੇ ਮੋਢੇ 'ਤੇ ਹੱਥ ਧਰ ਕੇ ਕਿਹਾ, "ਪੁੱਤਰਾ, ਐਵੇਂ ਦਿਲ 'ਤੇ ਨਾ ਲਾਈਂ ਕੋਈ ਗੱਲ। ਤੂੰ ਸਾਡੇ ਨਾਲ ਬਿਲਕੁਲ ਠੀਕ ਕੀਤਾ ਹੈ। ਅਸੀਂ ਇਸੇ ਦੇ ਹੱਕਦਾਰ ਹਾਂ। ਤੈਨੂੰ ਜੰਮਣ ਦੀ ਚਾਹ ਵਿੱਚ ਅਸੀਂ ਤਿੰਨ ਮਾਸੂਮ ਧੀਆਂ ਕੁੱਖ ਵਿੱਚ ਕਤਲ ਕਰਾਈਆਂ ਸਨ। ਕਾਨੂੰਨ ਨੂੰਤਾਂ ਧੋਖਾ ਦੇ ਦਿੱਤਾ,ਪਰ ਰੱਬ ਤਾਂ ਵੇਖਦਾ ਹੈ।ਸਾਨੂੰ ਉਸੇ ਪਾਪ ਦੀ ਸਜ਼ਾ ਮਿਲੀ ਹੈ। ਇਸ ਵਿੱਚ ਤੇਰਾ ਕੋਈ ਕਸੂਰ ਨਹੀਂ।" ਸੁਣ ਕੇ ਰਵੇਲ ਦੇ ਕਦਮ ਮਣ ਮਣ ਪੱਕੇ ਦੇ ਹੋ ਗਏ। ਉਸ ਨੂੰ ਆਪਣਾ ਭਵਿੱਖ ਵੀ ਧੁੰਦਲਾ ਦਿਖਾਈ ਦੇਣ ਲੱਗਾ।

**ਬਲਰਾਜ ਸਿੰਘ ਸਿੱਧੂ ਐਸ.ਪੀ.**
**ਪੰਡੋਰੀ ਸਿੱਧਵਾਂ 9501100062**



# ਆਤਮ-ਹੱਤਿਆ ਕਿਉਂ ....



ਛਿੰਦਾ ਧਾਲੀਵਾਲ ਕੁਰਾਈ ਵਾਲਾ
ਫੋਨ ਨੰ : 75082-54006

ਅੱਜ ਸਾਡੇ ਸਮਾਜ ਦੀ ਸਭ ਤੋ ਗੰਭੀਰ ਸਮੱਸਿਆ ਏ ਦਿਨੋਂ ਦਿਨ ਵਧ ਰਹੀਆਂ ਆਤਮ ਹੱਤਿਆਂਵਾ, ਨਿਊਜ਼ ਪੇਪਰਾਂ ਦੇ ਹਰ ਪੰਨੇ ਉਤੇ ਅਨੇਕਾਂ ਅਜਿਹੀਆਂ ਖਬਰਾਂ ਦੇਖਣ ਨੂੰ ਮਿਲਦੀਆਂ ਹਨ, ਆਪਣੇ ਪਰਿਵਾਰ ਨੂੰ ਮਾਰਨ ਤੋਂ ਬਾਅਦ ਆਪ ਨੇ ਕੀਤੀ ਆਤਮ-ਹੱਤਿਆ, ਕਿਸਾਨ ਨੇ ਕਰਜ਼ੇ ਤੋਂ ਤੰਗ ਆ ਕੇ ਕੀਤੀ ਆਤਮ-ਹੱਤਿਆ, ਪਤਨੀ ਦੇ ਨਜਾਇਜ਼ ਸਬੰਧਾਂ ਤੋਂ ਤੰਗ ਆ ਕੇ ਪਤੀ ਨੇ ਕੀਤੀ ਆਤਮ-ਹੱਤਿਆ, ਪੜ੍ਹਾਈ ਵਿੱਚ ਘੱਟ ਨੰਬਰ ਆਉਣ ਤੇ ਵਿਦਿਆਰਥੀ ਨੇ ਕੀਤੀ ਆਤਮ-ਹੱਤਿਆ, ਅਜਿਹੀਆਂ ਪਤਾ ਨਹੀ ਕਿਨੀਆਂ ਹੀ ਖਬਰਾ ਦੇਖਣ ਨੂੰ ਮਿਲਦੀਆਂ ਹਨ,

ਆਤਮ ਹੱਤਿਆ ਕਿਸੇ ਮਸਲੇ ਦਾ ਹੱਲ ਨਹੀਂ ਕਿਉਂਕਿ ਜ਼ਿੰਦਗੀ ਵਿੱਚ ਉਤਾਰ ਚੜਾਅ ਆਉਂਦੇ ਰਹਿੰਦੇ ਹਨ ਸੋ ਜੀਵਨ ਚ ਦਰਪੇਸ਼ ਚੁਣੌਤੀਆਂ ਨੂੰ ਖਿੜੇ ਮੱਥੇ ਪ੍ਰਵਾਨ ਕਰਨਾ ਚਾਹੀਦਾ ਹੈ ਅਤੇ ਸਕਰਾਤਮਕਤਾ ਨਾਲ ਜੂਝਨਾ ਚਾਹੀਦਾ ਹੈ। ਮਨ ਦੀ ਨਕਰਾਤਮਕਤਾ ਨੂੰ ਸਕਰਾਤਮਕਤਾ ਵਿੱਚ ਬਦਲ ਕੇ ਆਤਮ ਹੱਤਿਆ ਤੋਂ ਬਚਿਆ ਜਾ ਸਕਦਾ ਹੈ।ਕੁਦਰਤ ਨੇ ਮਨੁੱਖੀ ਜੀਵਨ ਰੂਪੀ ਅਨਮੋਲ ਦਾਤ ਬਖਸ਼ੀ ਹੈ ਅਤੇ ਇਸ ਨੂੰ ਆਪਣੇ ਹੱਥੀਂ ਆਤਮ ਹੱਤਿਆ ਕਰਕੇ ਨਾਸ਼ ਕਰਨਾ ਜ਼ਿੰਦਗੀ ਨਾਲ ਬੇਇਨਸਾਫ਼ੀ ਹੈ।

ਸਰੀਰਕ ਬਿਮਾਰੀਆਂ ਜਿਵੇਂ ਜਿਗਰ, ਦਿਲ ਜਾਂ ਗੁਰਦੇ ਦੇ ਰੋਗ ਕਿਸੇ ਵਿਅਕਤੀ ਨੂੰ ਵੀ ਅਸਰ ਪਾਉਂਦੀਆਂ ਹਨ ਜਾਂ ਉਹਦੇ ਘਰਦਿਆਂ ਨੂੰ। ਪਰ ਮਾਨਸਿਕ ਰੋਗ ਸਾਰੇ ਸਮਾਜ ਅਤੇ ਦੂਜਿਆਂ ਦੇ ਘਰਾਂ ਨੂੰ ਅਸਰ ਕਰਦੇ ਹਨ। ਮਾਨਸਿਕ ਰੋਗ ਵਾਲੇ ਮੁੰਡੇ ਜਾਂ ਕੁੜੀ ਜਦੋਂ ਵਿਆਹ ਮਗਰੋਂ ਡਿਪਰੈਸ਼ਨ ਕਾਰਨ ਆਤਮ ਹੱਤਿਆ ਕਰਦੇ ਹਨ ਤਾਂ ਸ਼ੱਕ ਦੇ ਘੇਰੇ ਵਿਚ ਆਉਂਦੇ ਹਨ ਉਨ੍ਹਾਂ ਦੇ ਮਾਪੇ ਜਾਂ ਸਹੁਰੇ, ਦੋਸਤ ਜਾਂ ਉਸ ਨਾਲ ਕੰਮ ਕਰਨ ਵਾਲੇ ਵਿਅਕਤੀ। ਇਹੋ ਜਿਹੇ ਸ਼ੱਕ ਦੇ ਘੇਰੇ ਵਿਚ ਆਏ ਵਿਅਕਤੀਆਂ ਲਈ ਆਪਣੇ ਬਚਾਅ ਦਾ ਕੋਈ ਰਸਤਾ ਨਹੀਂ ਹੁੰਦਾ ਕਿਉਂਕਿ ਉਨ੍ਹਾਂ ਕੋਲ ਮਰਨ ਵਾਲੇ ਵਿਅਕਤੀ ਦਾ ਮਾਨਸਿਕ ਰੋਗੀ ਹੋਣ ਦਾ ਕੋਈ ਸਬੂਤ ਨਹੀਂ ਹੁੰਦਾ। ਕੋਈ ਵੀ ਪੋਸਟਮਾਰਟਮ ਇਹ ਨਹੀਂ ਦਸ ਸਕਦਾ ਕਿ ਮਰਨ ਵਾਲੇ ਵਿਚ ਕੋਈ ਮਾਨਸਿਕ ਰੋਗ ਸੀ। ਨਤੀਜਾ, ਕਿੰਨੇ ਹੀ ਬੇਕਸੂਰ ਟੱਬਰ ਕਚਹਿਰੀਆਂ ਭੁਗਤ ਰਹੇ ਹਨ ਜਾਂ ਜੇਲ੍ਹਾਂ ਵਿਚ ਪਏ ਹਨ। ਕਾਨੂੰਨ ਵੀ ਕੋਈ ਮਦਦ ਨਹੀਂ ਕਰ ਸਕਦਾ ਕਿਉਂਕਿ ਅਦਾਲਤਾਂ ਸਬੂਤ ਮੰਗਦੀਆਂ ਹਨ।

ਆਤਮ ਹੱਤਿਆ ਦੀ ਪ੍ਰਵਿਰਤੀ ਨੂੰ ਰੋਕਿਆ ਜਾ ਸਕਦਾ ਹੈ ਆਤਮ ਹੱਤਿਆ ਪਿੱਛੇ ਮਨੋਵਿਗਿਆਨਿਕ, ਸਮਾਜਿਕ, ਆਰਥਿਕ, ਪਰਿਵਾਰਿਕ ਅਤੇ ਵਿਅਕਤੀਗਤ ਕਾਰਨ ਹੋ ਸਕਦੇ ਹਨ। ਜੇਕਰ ਕਿਸੇ ਨੂੰ ਆਤਮ ਹੱਤਿਆ ਦੇ ਵਿਚਾਰ ਆ ਰਹੇ ਹਨ ਤਾਂ ਆਪਣੇ ਕਿਸੇ ਕਰੀਬੀ ਨਾਲ ਗੱਲ ਸਾਂਝੀ ਕਰਨੀ ਚਾਹੀਦੀ ਹੈ ਅਤੇ ਮਾਨਸਿਕ ਪ੍ਰੇਸ਼ਾਨੀ ਲਈ ਕਿਸੇ ਯੋਗ ਮਨੋਵਿਗਿਆਨਿਕ ਤੋਂ ਕਾਊਂਸਲਿੰਗ ਕਰਵਾਈ ਜਾ ਸਕਦੀ ਹੈ।

ਆਤਮ ਹੱਤਿਆ ਕਿਸੇ ਮਸਲੇ ਦਾ ਹੱਲ ਨਹੀਂ ਕਿਉਂਕਿ ਜ਼ਿੰਦਗੀ ਵਿੱਚ ਉਤਾਰ ਚੜਾਅ ਆਉਂਦੇ ਰਹਿੰਦੇ ਹਨ ਸੋ ਜੀਵਨ ਚ ਦਰਪੇਸ਼ ਚੁਣੌਤੀਆਂ ਨੂੰ ਖਿੜੇ ਮੱਥੇ ਪ੍ਰਵਾਨ ਕਰਨਾ ਚਾਹੀਦਾ ਹੈ ਅਤੇ ਸਕਰਾਤਮਕਤਾ ਨਾਲ ਜੂਝਨਾ ਚਾਹੀਦਾ ਹੈ। ਮਨ ਦੀ ਨਕਰਾਤਮਕਤਾ ਨੂੰ ਸਕਰਾਤਮਕਤਾ ਵਿੱਚ ਬਦਲ ਕੇ ਆਤਮ ਹੱਤਿਆ ਤੋਂ ਬਚਿਆ ਜਾ ਸਕਦਾ ਹੈ।ਅੱਜ ਸਮੇਂ ਦੀ ਮੰਗ ਹੈ ਕਿ ਵਿਆਹ ਤੋਂ ਪਹਿਲਾ ਟੇਵਾ ਮਿਲਾਉਣ ਦੀ ਥਾਂ ਮੁੰਡੇ-ਕੁੜੀ ਵਿਚ ਮਾਨਸਿਕ ਰੋਗ ਹੋਣ ਬਾਰੇ ਡੂੰਘੀ ਜਾਣਕਾਰੀ ਪ੍ਰਾਪਤ ਕੀਤੀ ਜਾਵੇ। ਸਰਕਾਰੀ ਨੌਕਰੀਆਂ 'ਤੇ ਰੱਖੇ ਜਾਣ ਤੋਂ ਪਹਿਲਾਂ ਅਤੇ ਡਰਾਈਵਿੰਗ ਲਾਇਸੈਂਸ ਦੇਣ ਤੋਂ ਪਹਿਲਾਂ ਮਾਨਸਿਕ ਰੋਗ ਦੀ ਪੂਰੀ ਜਾਣਕਾਰੀ ਹੋਣੀ ਚਾਹੀਦੀ ਹੈ। ਸਾਡੇ ਦੇਸ਼ ਵਿਚ ਡਾਕਟਰ ਵਿਦਿਆ ਸਾਗਰ ਮਾਨਸਿਕ ਰੋਗ ਹਸਪਤਾਲ, ਅੰਮ੍ਰਿਤਸਰ ਵਰਗੇ ਹਸਪਤਾਲਾਂ ਦੀ ਬਹੁਤ ਘਾਟ ਹੈ ਜਦੋਂਕਿ ਦੂਜੀਆਂ ਸਰੀਰਕ ਬਿਮਾਰੀਆਂ ਦੇ ਹਸਪਤਾਲ ਹਰ ਥਾਂ ਵੱਧ ਤੋਂ ਵੱਧ ਖੁੱਲ੍ਹ ਰਹੇ ਹਨ। ਪੁਲੀਸ ਤੇ ਜਾਂਚ ਅਧਿਕਾਰੀਆਂ ਨੂੰ ਵੀ ਮਾਨਸਿਕ ਸਿਹਤ ਬਾਰੇ ਪੂਰੀ ਜਾਣਕਾਰੀ ਦਿੱਤੀ ਜਾਵੇ ਤਾਂ ਜੋ ਬੇਕਸੂਰ ਜੇਲ੍ਹਾਂ ਵਿਚ ਨਾ ਸੜਦੇ ਰਹਿਣ। ਸਾਡਾ ਸਮਾਜ ਇਕ ਸਿਹਤਮੰਦ ਸਮਾਜ ਤਦ ਹੀ ਹੋ ਸਕਦਾ ਹੈ ਜਦੋਂ ਇਸ ਦੇ ਵਸਨੀਕਾਂ ਦੀ ਮਾਨਸਿਕ ਸਿਹਤ ਪੂਰੀ ਤਰ੍ਹਾਂ ਠੀਕ ਹੋਵੇਗੀ। ਦੇਸ਼ ਵਿਚ ਹਰ ਸੂਬਾ ਆਪਣੀ ਮਾਨਸਿਕ ਸਿਹਤ ਪਾਲਿਸੀ ਬਣਾਏ ਅਤੇ ਮਾਨਸਿਕ ਸਿਹਤ ਵਿਸ਼ੇ ਨੂੰ ਸਰੀਰਕ ਸਿਹਤ ਤੋਂ ਵੱਖ ਰੱਖਿਆ ਜਾਵੇ। ਮਾਨਸਿਕ ਸਿਹਤ ਬਾਰੇ ਘਰ-ਘਰ ਸਰਵੇ ਕੀਤੇ ਜਾਣ ਅਤੇ ਪਛਾਣੇ ਗਏ ਰੋਗੀਆਂ ਦਾ ਪੂਰਾ ਇਲਾਜ ਹੋਵੇ ਤਾਂ ਜੋ ਉਹ ਸਮਾਜ ਲਈ ਖ਼ਤਰਾ ਨਾ ਬਣਨ ਅਤੇ ਜਵਾਨੀ ਉਮਰੇ ਆਤਮ ਹੱਤਿਆ ਵੀ ਨਾ ਕਰਨ। ਇਹੋ ਜਿਹੀਆਂ ਮੌਤਾਂ ਨਾਲ ਸਾਡੇ ਦੇਸ਼ ਦਾ ਵੱਡਾ ਨੁਕਸਾਨ ਹੁੰਦਾ ਹੈ। ਆਤਮ ਹੱਤਿਆ ਦੇ ਹੋਰ ਵੀ ਕਈ ਕਾਰਨ ਹਨ। ਜਿਵੇਂ; ਵਪਾਰ ਵਿਚ ਘਾਟਾ, ਇਮਤਿਹਾਨ ਵਿਚ ਫੇਲ੍ਹ ਹੋਣਾ, ਕੋਈ ਲੰਬੀ ਬਿਮਾਰੀ ਅਤੇ ਪ੍ਰੀਤਮ ਦੀ ਜੁਦਾਈ ਜਾਂ ਪਿਆਰ ਵਿਚ ਧੋਖਾ। ਇਹੋ ਜਿਹੇ ਵਿਅਕਤੀ ਭਾਵੇਂ ਚੰਗੀ ਮਾਨਸਿਕ ਸਿਹਤ ਰੱਖਦੇ ਹੋਣ ਪਰ ਕੁਝ ਦੇਰ ਵਾਸਤੇ ਆਪਣੇ-ਆਪ 'ਤੇ ਕਾਬੂ ਨਹੀਂ ਪਾ ਸਕਦੇ ਜਦੋਂ ਵੀ ਦੁੱਖ ਸਹਿਣ ਦੀ ਸ਼ਕਤੀ ਤੋਂ ਬਹੁਤ ਵਧੇਰੇ ਹੁੰਦਾ ਹੈ ਤਾਂ ਬਹੁਤੇ ਸਾਰੇ ਵਿਅਕਤੀ ਆਤਮ ਹੱਤਿਆ ਦਾ ਸੋਚਦੇ ਹਨ। ਸੁਖ-ਦੁੱਖ ਆਉਂਦੇ-ਜਾਂਦੇ ਰਹਿੰਦੇ ਹਨ। ਮੁਸੀਬਤਾਂ ਟਲ ਜਾਂਦੀਆਂ ਹਨ ਅਤੇ ਵਕਤ ਦਾ ਮਰਹਮ ਚੰਗੇ-ਚੰਗੇ ਜ਼ਖ਼ਮ ਭਰ ਦਿੰਦਾ ਹੈ ਪਰ ਆਤਮ ਹੱਤਿਆ ਸੋਚਣ ਵਾਲਾ ਬੰਦਾ ਭੁੱਲ ਜਾਂਦਾ ਹੈ ਕਿ ਆਤਮ ਹੱਤਿਆ ਅਸਥਾਈ ਸਮੱਸਿਆ ਦਾ ਸਥਾਈ ਹੱਲ ਹੈ, ਜਿਸ ਤੋਂ ਪਿੱਛੋਂ ਪੈਰ ਨਹੀਂ ਪੁੱਟਿਆ ਜਾ ਸਕਦਾ। ਇਹੋ ਜਿਹੇ ਬੰਦਿਆਂ ਨੂੰ ਨਾਜ਼ੁਕ ਘੜੀ ਵਿਚ ਮਾਨਸਿਕ ਸਹਾਰਾ, ਹਮਦਰਦੀ ਅਤੇ ਸਾਥ ਮਿਲ ਜਾਵੇ ਤਾਂ ਕਈ ਆਤਮ ਹੱਤਿਆਵਾਂ ਟਾਲੀਆਂ ਜਾ ਸਕਦੀਆਂ ਹਨ। ਜਦੋਂ ਵੀ ਪਤਾ ਲੱਗੇ ਕਿ ਕੋਈ ਵਿਅਕਤੀ ਆਤਮ ਹੱਤਿਆ ਕਰਨ ਦੀ ਸੋਚ ਰਿਹਾ ਹੈ ਜਾਂ ਬਹੁਤ ਉਦਾਸ ਹੈ, ਇਕੱਲਾ ਹੈ ਅਤੇ ਬੈਠੇ-ਬੈਠੇ ਬਿਨਾਂ ਕਿਸੇ ਕਾਰਨ ਰੋਣ ਲੱਗ ਜਾਂਦਾ ਹੈ ਜਾਂ ਆਪਣੇ ਨੇੜੇ-ਤੇੜੇ ਬੰਦਿਆਂ ਤੋਂ ਹਮੇਸ਼ਾ ਲਈ ਜਾਣ ਦੀ ਆਗਿਆ ਮੰਗਣ ਲੱਗ ਜਾਂਦਾ ਹੈ ਜਾਂ ਆਪਣਾ ਸਮਾਂ ਬਗੈਰ ਕਿਸੇ ਕਾਰਨ ਵੰਡਣਾ ਸ਼ੁਰੂ ਕਰ ਦਿੰਦਾ ਹੈ। ਇਹੋ ਜਿਹਾ ਵਿਅਕਤੀ ਕਦੇ ਵੀ ਆਤਮ ਹੱਤਿਆ ਕਰ ਸਕਦਾ ਹੈ। ਉਸ ਨੂੰ ਇਕੱਲਾ ਨਾ ਛੱਡਿਆ ਜਾਵੇ। ਉਸ ਦੀ ਗੱਲ ਸੁਣੀ ਜਾਵੇ, ਸਹਾਰਾ ਦਿੱਤਾ ਜਾਵੇ ਅਤੇ ਉਸ ਦਾ ਧਿਆਨ ਧਾਰਮਿਕ ਪਾਸੇ ਜਾਂ ਯੋਗ ਦੇ ਰਸਤੇ ਜਾਂ ਸਾਧਨਾ ਦੀ ਰਾਹ 'ਤੇ ਪਾਇਆ ਜਾਵੇ ਅਤੇ ਉਸ ਨੂੰ ਮਨੋਵਿਗਿਆਨ ਮਾਹਿਰ ਜਾਂ ਕਿਸੇ ਡਾਕਟਰ ਨੂੰ ਵਿਖਾਇਆ ਜਾਵੇ। ਜੇ ਲੋੜ ਪਵੇ ਤਾਂ ਹਸਪਤਾਲ ਵਿਚ ਵੀ ਦਾਖਲ ਕਰਾਇਆ ਜਾਵੇ। ਸਾਡੀਆਂ ਧਾਰਮਿਕ, ਸਮਾਜਿਕ ਤੇ ਵਿਦਿਅਕ ਸੰਸਥਾਵਾਂ ਆਤਮ ਹੱਤਿਆ ਦੇ ਵਿਸ਼ੇ 'ਤੇ ਖੁੱਲ੍ਹ ਕੇ ਗੱਲ ਕਰਨ ਅਤੇ ਨਵੀਂ ਪੀੜ੍ਹੀ ਨੂੰ ਵਾਰ-ਵਾਰ ਇਹ ਯਾਦ ਕਰਾਇਆ ਜਾਵੇ ਕਿ ਇਹ ਜੀਵਨ ਅਨਮੋਲ ਹੈ, ਇਸ ਨੂੰ ਗੰਵਾਇਆ ਨਾ ਜਾਵੇ। ਸਾਡੇ ਦੇਸ਼ ਦਾ ਨਾਂ ਸਭ ਤੋਂ ਵਧੇਰੇ ਆਤਮ ਹੱਤਿਆਵਾਂ ਕਰਨ ਵਾਲੇ ਦੇਸ਼ਾਂ ਵਿਚ ਆਉਂਦਾ ਹੈ। ਇਹ ਗੰਭੀਰਤਾ ਦਾ ਵਿਸ਼ਾ ਹੈ। ਸਾਡੇ ਦੇਸ਼ ਦੇ ਨੌਜਵਾਨ ਬੱਚੇ-ਬੱਚੀਆਂ ਦੇਸ਼ ਦਾ ਵੱਡਾ ਧਨ ਹੈ। ਅਸੀਂ ਇਸ ਧਨ ਨੂੰ ਗੰਵਾਉਣ ਵਿੱਚ ਅਸਮਰੱਥ ਹਾਂ।

# ਪੰਜਾਬੀ ਕੁੜੀਆਂ ਦੀ ਨਿਧੜਕ ਆਵਾਜ਼ ਅਨਾਮਿਕਾ ਸੰਧੂ

ਸ਼੍ਰੀ ਗੁਰੂ ਗੋਬਿੰਦ ਸਿੰਘ ਨੇ ਕਿਹਾ ਹੈ ਕਿ ਜ਼ੁਲਮ ਕਰਨਾ ਪਾਪ ਹੈ ਤਾਂ ਜ਼ੁਲਮ ਸਹਿਣਾ ਇਸ ਤੋਂ ਵੀ ਵੱਡਾ ਪਾਪ ਹੈ। ਮੇਰੀ ਕਲਮ ਦੀ ਅਵਾਜ਼ ਵਿਚ ਕਿਹਾ ਜਾਵੇ ਤਾਂ" ਉਦੋਂ ਤੱਕ ਆਵਾਜ਼ ਚੁੱਕੋ ਜਦੋਂ ਤੱਕ ਤੁਹਾਡੀ ਦਰਦ ਦੀ ਚੀਕ ਇਕ ਇਕ ਇਨਸਾਨ ਦੇ ਕੰਨਾਂ ਵਿਚ ਨਾ ਪੈ ਜਾਵੇ। " ਸਮਾਜ ਵਿਚ ਵੱਖ ਵੱਖ ਤਰ੍ਹਾਂ ਦੇ ਲੋਕ ਹੁੰਦੇ ਹਨ। ਕੁਝ ਡਰ ਜਾਂਦੇ ਹਨ। ਪਰ ਇਹ ਵੀ ਸੱਚ ਹੈ ਚਾਹੇ ਤਾਂ ਉਹ ਘੁੱਟ ਘੁੱਟ ਕੇ ਜੀਅ ਲੈਂਦੇ ਹਨ। ਚਾਹੇ ਫੇਰ ਉਹ ਮਰ ਜਾਂਦੇ ਹਨ। ਪਰ ਇਕ ਅਸਧਾਰਨ ਇਨਸਾਨ ਜੋਂ ਕੁਝ ਕਰਨਾ ਚਾਹੁੰਦਾ , ਜ਼ਿੰਦਗੀ ਆਪਣੀ ਕੋਈ ਪਹਿਚਾਣ ਬਣਾਉਣਾ ਚਾਹੁੰਦਾ ਉਹ ਬੇਸ਼ੱਕ ਹੀ ਜ਼ੁਲਮਾਂ ਨੂੰ ਸਹਿਣ ਕਰਨਾ ਪਸੰਦ ਨਹੀਂ ਕਰੇਗਾ। ਹਰ ਔਰਤ ਦਾ ਇਜ਼ੱਤ ਸਨਮਾਨ ਪਾਉਣਾ ਇਕ ਅਧਿਕਾਰ ਪਰ ਜੇਕਰ ਉਸ ਉੱਤੇ ਜ਼ੁਲਮ ਕੀਤੇ ਜਾਣ ਤਾਂ ਉਸ ਤੇ ਆਵਾਜ਼ ਉਠਾਉਣੀ ਬਣਦੀ ਹੈ। ਇਹ ਗੱਲ ਪੱਕੀ ਹੈ ਜਿਥੇ ਔਰਤ ਔਰਤ ਦੀ ਦੁਸ਼ਮਣ ਹੁੰਦੀ ਹੈ, ਉਥੇ ਅਣਹੋਣੀਆਂ ਘਟਨਾਵਾਂ ਹੋਣ ਤੇ ਦੇਰ ਨਹੀਂ ਲੱਗਦੀ ਤੇ ਜਿੱਥੇ ਔਰਤ ਔਰਤ ਦੀ ਸਾਥੀ ਹੋਵੇ ,ਉਥੇ ਕੁਝ ਗਲਤ ਵਾਪਰ ਹੀ ਨਹੀਂ ਸਕਦਾ। ਉਹਨਾਂ ਵਿਚੋਂ ਇੱਕ ਪੰਜਾਬ ਦੀ ਤੇ ਹਰ ਕੁੜੀ ਦੀ ਨਿੱਧੜਕ ਆਵਾਜ਼ ਬਣ ਕੇ ਸਾਹਮਣੇ ਆਏ ਅਨਾਮਿਕਾ ਸੰਧੂ ।ਜੀ ਹਾਂ ਉਹ ਨਾਮ ਜਿਸਨੇ ਜ਼ਿੰਦਗੀ ਵਿਚ ਘੱਟ ਤਸੀਹੇ ਨਹੀਂ ਝੱਲੇ ।ਆਉ ਜਾਣਦੇ ਇਹਨਾਂ ਦੀ ਜ਼ਿੰਦਗੀ ਵਿਚ ਕੁਝ ਸਘੰਰਸ਼ ਬਾਰੇ-

ਅਨਾਮਿਕਾ ਸੰਧੂ ਜਦੋਂ ਛੋਟੇ ਸਨ ਤਾਂ ਉਨ੍ਹਾਂ ਦੇ ਪਿਤਾ ਵਲੋਂ ਉਹਨਾਂ ਦਾ ਸ਼ੋਸਣ ਕੀਤਾ ਗਿਆ। ਉਹਨਾਂ ਨੇ ਇਹ ਗੱਲ ਆਪਣੇ ਮਾਤਾ ਜੀ ਨੂੰ ਦੱਸੀ । ਕਾਫ਼ੀ ਸੰਘਰਸ਼ ਤੋਂ ਉਹ ਬਰਨਾਲੇ ਆ ਗ ? ਤੇ ਉਥੇ ਰਹਿਣ ਲੱਗ ਪਏ। ਉਹਨਾਂ ਦਾ ਸੁਪਨਾ ਸੀ ਕਿ ਉਹ ਡਾਕਟਰ ਬਨਣ ਪਰ ਉਹਨਾਂ ਦਾ ਵਿਆਹ ਸਾਢੇ ਸਤਾਰਾਂ ਸਾਲ ਦੀ ਉਮਰ ਵਿਚ ਇਕ ਅਜਿਹੇ ਇਨਸਾਨ ਨਾਲ ਕਰ ਦਿੱਤਾ ਗਿਆ ਜੋਂ ਉਹਨਾਂ ਨੂੰ ਪੈਰ ਦੀ ਜੁੱਤੀ ਸਮਝਦਾ ਸੀ। ਉਹਨਾਂ ਨੂੰ ਸਰੀਰਕ ਤੇ ਮਾਨਸਿਕ ਤੌਰ ਤੇ ਪ੍ਰਤਾੜਿਤ ਕੀਤਾ ਜਾਂਦਾ ਸੀ । ਜਦੋਂ ਉਹਨਾਂ ਇਸ ਵਿਰੁੱਧ ਆਵਾਜ਼ ਉਠਾਉਣ ਦੀ ਸੋਚੀ ਤਾਂ ਉਹਨਾਂ ਨੇ ਸੋਚਿਆ ਕਿ ਉਹਨਾਂ ਦੇ ਪੇਕੇ ਦੋ ਹੋਰ ਭੈਣਾਂ ਕਵਾਰੀਆਂ ਹਨ ਜੇਕਰ ਉਹ ਘਰ ਚਲੇ ਗ ? ਤਾਂ ਛੋਟੀਆਂ ਭੈਣਾਂ ਨਾਲ ਵਿਆਹ ਨਹੀਂ ਹੋਣਾ ?।ਇਸ ਲਈ ਚੁੱਪ ਰਹੇ । ਜਦੋਂ ਉਹਨਾਂ ਦੀ ਭੈਣਾਂ ਦਾ ਵਿਆਹ ਹੋ ਗਿਆ ਤਾਂ ਉਹ ਐਨਾ ਕੁਝ ਜ਼ੁਲਮ ਬਰਦਾਸ਼ਤ ਨਹੀਂ ਕਰ ਸਕੇ ਇਸ ਲ ?ੀ ਆਪਣੇ ਦਸ ਸਾਲ ਦੇ ਪੁੱਤਰ ਨੂੰ ਲੈ ਕੇ ਘਰੇ ਵਾਪਸ ਆ ਗ ?। ਤੇ ਉਹਨਾਂ ਨੇ ਉਹਨਾਂ ਦੇ ਪਤੀ ਦੇ ਜ਼ੁਲਮਾਂ ਵਿਰੋਧ ਲੰਬੀ ਲੜਾਈ ਲੜੀ। 2016 ਸਾਲ ਵਿਚ ਹੀ ਉਹਨਾਂ ਨੇ "ਬੇਟੀ ਬਚਾਓ, ਬੇਟੀ ਪੜ੍ਹਾਓ ਤੇ ਬੇਟੀ ਨੂੰ ਸ਼ੋਸਣ ਤੋਂ ਬਚਾਓ" ਮੁਹਿੰਮ ਦੀ ਸ਼ੁਰੂਆਤ ਕੀਤੀ ਤੇ ਇਸ ਤਹਿਤ ਹੁਣ ਉਹ ਪੰਜਾਬ ਦੇ ਵੱਖ-ਵੱਖ ਸਕੂਲਾਂ ਵਿਚ ਜਾ ਕੇ ਬੱਚੀਆਂ ਨੂੰ ਚੰਗੇ ਤੇ ਮਾੜੇ ਸਪੱਰਸ਼ ਬਾਰੇ ਜਾਣਕਾਰੀ ਦਿੰਦੇ ਰਹੇ ਤੇ ਅਤੇ ਕਾਲਜ਼ਾਂ ਦੇ ਵਿੱਚ ਉਹ ਇਕ ਮੋਟੀਵੇਸਨਲ ਸਪੀਕਰ ਬਣ ਕੇ ਸਾਹਮਣੇ ਆਏ ਹਨ। ਮੈਂ ਤੇ ਪੰਜਾਬ ਦਾ ਹਰ ਚੰਗਾ ਇਨਸਾਨ ਉਹਨਾਂ ਦੀ ਪ੍ਰੇਰਨਾ ਤੇ ਸਘੰਰਸ਼ ਨੂੰ ਵਾਰ ਵਾਰ ਸਲਾਮ ਕਰਦਾ ਰਹੇਗਾ ਕਿਉਂਕਿ



ਇਸ ਸਮੇਂ ਅਜਿਹੇ ਸ਼ਖ਼ਸੀਅਤਾਂ ਦੀ ਸਾਡੇ ਸਮਾਜ ਨੂੰ ਸਖ਼ਤ ਜ਼ਰੂਰਤ ਹੈ ,ਜਦ ਮਨੀਸ਼ਾ ਵਰਗੀਆਂ ਲੱਖਾਂ ਰੂਹਾਂ ਨਾਲ ਬਲਾਤਕਾਰ ਵਰਗੀਆਂ ਅਣਹੋਣੀਆਂ ਘਟਨਾਵਾਂ ਹੋ ਰਹੀਆਂ ਹਨ।

ਲੇਖਕ-ਪੂਜਾ ਪੁੰਡਰਕ
ਸੰਪਰਕ-7401000274

# ਸਰਧਾਂਜਲੀ ਛੋਟੀ ਕਹਾਣੀ

ਸਰਦਾਰ ਅਜਮੇਰ ਸਿੰਘ ਇੱਕਲਾ ਅੱਸੀਆਂ ਕਿਲਿਆ ਦਾ ਮਾਲਕ ਸੀ ?ਆਪਣੀ ਪੂਰੀ ਵਾਹੀ ਖੁਦ ਕਰਦਾ ਸੀ ?ਪਿੰਡ ਵਿੱਚ ਕਦੇ ਕਿਸੇ ਨੂੰ ਮਹਿਸੂਸ ਨਹੀਂ ਹੋਣ ਦਿੰਦਾ ਦੀ ਕਿ ਮੈ ਤੁਹਾਡੇ ਨਾਲੋਂ ਅਮੀਰ ਹਾਂ ?ਬਸ ਸਾਦੇ ਜਿਹੇ ਕਪੜੇ ਪਾ ਕੇ ਸਾਰਾ ਦਿਨ ਸੀਰੀਆ ਨਾਲ ਕੰਮ ਵਿੱਚ ਰੁੱਝਿਆ ਰਹਿੰਦਾ ਸੀ ?ਕਦੇ ਕਿਸੇ ਦੀ ਵੱਧ ਘੱਟ ਨਹੀਂ ਕਰਦਾ ਸੀ ?ਬੇਸ਼ਕ ਆਪ ਇੱਕਲਾ ਸੀ ਪਰ ਅਗੇ ਉਸ ਦੇ ਦੋ ਪੁੱਤਰ ਹੋਏ ?ਵੱਡਾ ਮੁੰਡਾ ਪੜ੍ਹਿਆ ਤਾਂ ਘਟ ਸੀ ਪਰ ਸਿਆਣਾ ਬਹੁਤ ਨਿੱਕਲਿਆ ?ਛੋਟਾ ਮੁੰਡਾ ਕਾਲਜ਼ ਪੜ੍ਹਨ ਲਗ ਗਿਆ ?ਥੋੜ੍ਹਾ ਚਿਰ ਮਾਪਿਆਂ ਦੇ ਕਹਿਣ ਅਨੁਸਾਰ ਚਲਦਾ ਰਿਹਾ ?ਪਰ ਜਦੋ ਸੰਗਤ ਦਾ ਰੰਗ ਚੜ੍ਹ ਗਿਆ, ਫਿਰ ਤੂੰ ਕੌਣ ਤੇ ਮੈ ਕੌਣ ਵਾਲੀ ਗੱਲ ਹੋ ਗਈ ?ਕਈ ਕਈ ਮਹੀਨੇ ਪਿੰਡ ਹੀ ਨਾ ਆਉਣਾ ਬਸ ਖਰਚਾ ਬੈਂਕ ਰਾਹੀਂ ਮੰਗਵਾਉਂਦਾ ਰਿਹਾ ?ਐਨਾ ਕੁ ਨਸ਼ੇ ਦਾ ਆਦੀ ਹੋ ਗਿਆ ਕਿ ਇਕ ਦਿਨ ਵੀ ਨਸ਼ੇ ਬਿਨਾਂ ਨਹੀਂ ਸੀ ਰਹਿ ਸਕਦਾ ?ਅਖ਼ੀਰ ਇਕ ਦਿਨ ਉਹ ਵੀ ਆ ਗਿਆ ਜੋ ਨਸੇੜੀਆ ਤੇ ਆਉਂਦਾ ਹੈ ?ਪਿੰਡ ਆਇਆ ਸੀ ਤੇ ਟੀਕਾ ਬਾਂਹ ਵਿੱਚ ਲੱਗਾ ਹੀ ਰਹਿ ਗਿਆ ?ਮੁੰਡੇ ਦੇ ਭੋਗ ਤੇ ਬਹੁਤ ਇਕੱਠ ਹੋਇਆ ?ਅੰਤਿਮ ਅਰਦਾਸ ਤੋਂ ਬਾਹਦ ਸ਼ਰਧਾਂਜਲੀਆਂ ਦਾ ਸਿਲਸਿਲਾ ਸ਼ੁਰੂ ਹੋਇਆ ?ਬਿਨਾਂ ਵਜ੍ਹਾ ਲੋਕਾਂ ਨੇ ਮੁੰਡੇ ਦੀ ਬੇਵਕਤੀ ਮੌਤ ਦੇ ਅਫਸੋਸ ਦੇ ਨਾਲ ਨਾਲ ਸਿਫਤਾਂ ਦੇ ਪੁਲ ਵੀ ਬੰਨਦੇ ਰਹੇ ?ਜਦੋ ਲੋਕ ਬੋਲਣੋ ਚੁੱਪ ਨਹੀਂ ਹੋ ਰਹੇ ਸੀ ?ਅਖੀਰ ਵਿਚ ਅਜਮੇਰ ਸਿੰਘ ਖੁੱਦ ਮਾਇਕ ਫੜ੍ਹ ਕੇ ਕਹਿਣ ਲੱਗਾ ?ਭਰਾਵੋ ਤੁਹਾਡਾ ਧੰਨਵਾਦ ਜੋ ਤੁਸੀਂ ਮੇਰੇ ਦੁੱਖ ਵਿੱਚ ਸਰੀਕ ਹੋਏ ?ਮੈਨੂੰ ਵੀ ਮੇਰੇ ਮੁੰਡੇ ਮਰਨ ਦਾ ਬਹੁਤ ਘਾਟਾ ਪਿਆ ਹੈ ਜੋ ਕਦੇ ਪੂਰਾ ਨਹੀਂ ਹੋ ਸਕਦਾ ?ਤੁਹਾਨੂੰ ਉਸ ਦੀ ਸਿਫ਼ਤ ਕਰਨ ਦੀ ਬਜਾਏ ਇਹ ਕਹਿਣਾ ਚਾਹੀਦਾ ਹੈ ? ਕਿ ਜਿਹੋ ਜਿਹਾ ਮੇਰਾ ਪੁੱਤਰ ਨਸ਼ੇੜੀ ਨਿਕਲਿਆ ਹੈ ?ਉਹੋ ਜਿਹਾ ਕਿਸੇ ਹੋਰ ਦਾ ਪੁੱਤਰ ਨਸ਼ੇੜੀ ਨਾ ਨਿਕਲੇ ?ਤੁਹਾਡੀ ਇਹੋ ਹੀ ਸੱਚੀ ਸਰਧਾਂਜਲੀ ਹੋਵੇਗੀ ?



ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ ਮਮਦੋਟ
ਫਿਰੋਜ਼ਪੁਰ ਸੰਪਰਕ 7589155501

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 324

Website: www.preetnama.com Email preetnamausa@gmail.com

10 OCT TO 16 OCT, 2025


# ਮੇਰੇ ਕੋਲ ਤੇਰੀਆਂ ਨਗਨ ਫੋਟੋਆਂ ਹਨ, ਉਹ ਸਭ ਜੋ ਤੇਰੀ ਜ਼ਿੰਦਗੀ ਬਰਬਾਦ ਕਰਨ ਲਈ ਚਾਹੀਦਾ ਹੈ', ਕਿਸ਼ੋਰਾਂ ਨੂੰ ਕਿਵੇਂ ਨਿਸ਼ਾਨਾ ਬਣਾ ਰਹੇ ਸਾਈਬਰ ਅਪਰਾਧੀ




ਮੇਰੇ ਕੋਲ ਤੇਰੀਆਂ ਨਗਨ ਫੋਟੋਆਂ ਹਨ ਅਤੇ ਉਹ ਸਭ ਕੁਝ ਹੈ ਜੋ ਮੈਨੂੰ ਤੇਰੀ ਜ਼ਿੰਦਗੀ ਬਰਬਾਦ ਕਰਨ ਲਈ ਚਾਹੀਦਾ ਹੈ। ਇਹ ਡਰਾ ਦੇਣ ਵਾਲਾ ਸੁਨੇਹਾ ਇੱਕ ਅਮਰੀਕੀ ਕਿਸ਼ੋਰ ਈਵਾਨ ਬੋਏਟਲਰ ਨੂੰ ਸੋਸ਼ਲ ਮੀਡੀਆ 'ਤੇ ਭੇਜਿਆ ਗਿਆ ਸੀ। ਸ਼ੁਰੂ ਵਿੱਚ ਈਵਾਨ ਸੁਨੇਹਾ ਭੇਜਣ ਵਾਲੇ ਨੂੰ ਇੱਕ ਛੋਟੀ ਉਮਰ ਦੀ ਕੁੜੀ ਸਮਝ ਰਿਹਾ ਸੀ, ਪਰ ਅਸਲ ਵਿੱਚ ਉਹ ਇੱਕ ਸਾਈਬਰ ਸਕੈਮ ਕਰਨ ਵਾਲਾ ਵਿਅਕਤੀ ਸੀ। ਅਜਿਹਾ ਪਹਿਲਾ ਸੁਨੇਹਾ ਮਿਲਣ ਤੋਂ ਸਿਰਫ਼ 90 ਮਿੰਟ ਬਾਅਦ, 16 ਸਾਲਾ ਈਵਾਨ ਨੇ ਖੁਦਕੁਸ਼ੀ ਕਰ ਲਈ। ਸੈਕਸਟੋਰਸ਼ਨ, ਜਿਨਸੀ ਜ਼ਬਰਦਸਤੀ, ਸਭ ਤੋਂ ਤੇਜ਼ੀ ਨਾਲ ਵਧ ਰਹੇ ਔਨਲਾਈਨ ਅਪਰਾਧਾਂ ਵਿੱਚੋਂ ਇੱਕ ਹੈ। ਪੀੜਤਾਂ (ਅਕਸਰ ਅਮਰੀਕਾ ਅਤੇ ਯੂਰਪ ਦੇ ਜਵਾਨ ਬੱਚਿਆਂ) ਨੂੰ ਨਿੱਜੀ ਫੋਟੋਆਂ ਜਾਂ ਵੀਡੀਓ ਦੇ ਨਾਮ 'ਤੇ ਡਰਾਇਆ ਜਾਂਦਾ ਹੈ। ਘੁਟਾਲੇਬਾਜ਼ ਪੀੜਤਾਂ ਨੂੰ ਅਜਿਹੀਆਂ ਤਸਵੀਰਾਂ ਤੇ ਵੀਡੀਓ ਜਨਤਕ ਕਰਨ ਜਾਂ ਕਿਸੇ ਹੋਰ ਨੂੰ ਭੇਜਣ ਦੀ ਉਦੋਂ ਤੱਕ ਧਮਕੀ ਦਿੰਦੇ ਹਨ, ਜਦੋਂ ਤੱਕ ਪੀੜਤ ਉਨ੍ਹਾਂ ਨੂੰ ਪੈਸੇ ਨਹੀਂ ਦੇ ਦਿੰਦੇ। ਈਵਾਨ ਦੀ ਮਾਂ ਕਾਰੀ ਕਹਿੰਦੇ ਹਨ, ÷ਜਦੋਂ ਉਸ ਰਾਤ ਉਨ੍ਹਾਂ ਨੇ ਅੰਤ ਵਿੱਚ ਸਾਨੂੰ ਦੱਸਿਆ ਕਿ ਉਹ ਨਹੀਂ ਰਿਹਾ, ਤਾਂ ਇਹ ਸਮਝ ਹੀ ਨਹੀਂ ਆਇਆ। ਮੈਨੂੰ ਸਮਝ ਨਹੀਂ ਆ ਰਿਹਾ ਕਿ ਸਾਡੇ ਪਰਿਵਾਰ ਨਾਲ ਅਜਿਹਾ ਕਿਵੇਂ ਹੋ ਸਕਦਾ ਹੈ। ਈਵਾਨ ਦੇ ਮਾਤਾ-ਪਿਤਾ ਕਾਰੀ ਅਤੇ ਬ੍ਰੈਡ ਮਿਸੂਰੀ ਦੇ ਆਪਣੇ ਘਰ ਵਿੱਚ ਰਹਿੰਦੇ ਹਨ। ਕਾਰੀ ਕਹਿੰਦੇ ਹਨ ਕਿ ਉਨ੍ਹਾਂ ਦਾ ਪੁੱਤਰ ਇੱਕ ਹੁਸ਼ਿਆਰ ਅਤੇ ਮਜ਼ਾਕੀਆ ਸੁਭਾਅ ਵਾਲਾ ਮੁੰਡਾ ਸੀ, ਜਿਸਨੂੰ ਮੱਛੀਆਂ ਫੜ੍ਹਨਾ, ਖੇਡਾਂ ਖੇਡਣਾ ਅਤੇ ਸ਼ਿਕਾਰ ਕਰਨਾ ਬਹੁਤ ਪਸੰਦ ਸੀ। ਉਨ੍ਹਾਂ ਮੈਨੂੰ ਦੱਸਿਆ ਕਿ ਕਿਵੇਂ ਜਨਵਰੀ 2024 ਦੇ ਸ਼ੁਰੂ ਵਿੱਚ ਇੱਕ ਠੰਢੀ ਦੁਪਹਿਰ ਨੂੰ ਈਵਾਨ ਨਾਲ ਸਨੈਪਚੈਟ 'ਤੇ ਕਿਸੇ ਵਿਅਕਤੀ ਨੇ ਸੰਪਰਕ ਕੀਤਾ, ਜਿਸ ਨੂੰ ਉਹ ਜੈਨੀਟੀ60 ਨਾਮ ਦੀ ਕੁੜੀ ਸਮਝਦਾ ਸੀ। ਪਰ ਉਹ ਕੁੜੀ ਨਹੀਂ ਸੀ। ਮਿੰਟਾਂ ਵਿੱਚ ਹੀ ÷ਜੈਨੀ÷ ਨੇ ਉਸ ਨੂੰ ਆਪਣੀਆਂ ਨਗਨ ਫੋਟੋਆਂ ਸਾਂਝੀਆਂ ਕਰਨ ਲਈ ਮਨਾ ਲਿਆ ਅਤੇ ਤੁਰੰਤ ਉਸ ਨੂੰ ਬੇਰਹਿਮੀ ਨਾਲ ਬਲੈਕਮੇਲ ਕਰਨਾ ਸ਼ੁਰੂ ਕਰ ਦਿੱਤਾ।ਲਗਭਗ ਦੋ ਸਾਲ ਬਾਅਦ, ਬੋਏਟਲਰ ਦਾ ਦੁੱਖ ਅਜੇ ਵੀ ਤਾਜ਼ਾ ਹੈ ਅਤੇ ਜਵਾਬਾਂ ਦੀ ਖੋਜ ਹੁਣ ਨਿਰਾਸ਼ਾ ਦੇ ਰੂਪ ਵਿੱਚ ਖ਼ਤਮ ਹੋ ਗਈ ਹੈ। ਮੈਟਾ ਵਰਗੇ ਸੋਸ਼ਲ ਮੀਡੀਆ ਪਲੇਟਫਾਰਮ ਅਦਾਲਤ ਦੇ ਹੁਕਮ ਤੋਂ ਬਿਨਾਂ ਜਾਣਕਾਰੀ ਸਾਂਝੀ ਕਰਨ ਤੋਂ ਇਨਕਾਰ ਕਰਦੇ ਹਨ ਜੋ ਕਿ ਪਰਿਵਾਰ ਕੋਲ ਅਜੇ ਵੀ ਨਹੀਂ ਹੈ, ਭਾਵੇਂ ਐੱਫਬੀਆਈ ਦੁਆਰਾ ਕਾਰਵਾਈ ਲਈ ਦਬਾਅ ਪਾਇਆ ਗਿਆ ਹੋਵੇ। ਈਵਾਨ ਦੀ ਮੌਤ ਤੋਂ ਬਾਅਦ ਦੇ ਸਾਲਾਂ ਵਿੱਚ ਕਾਨੂੰਨ ਲਾਗੂ ਕਰਨ ਵਾਲੇ ਬਹੁਤ ਘੱਟ ਅੱਗੇ ਵਧ ਸਕੇ ਹਨ। ਹਾਲਾਂਕਿ, ਇੱਕ ਮਹੱਤਵਪੂਰਨ ਸੁਰਾਗ ਸਾਹਮਣੇ ਆਇਆ, ਇੱਕ ਮੌਕਾ ਅਜਿਹਾ ਸੀ ਜਦੋਂ ਘੁਟਾਲੇਬਾਜ਼ਾਂ ਨੇ ਈਵਾਨ ਦਾ ਫੇਸਬੁੱਕ ਲੌਗਇਨ ਮੰਗਿਆ ਸੀ ਅਤੇ ਜਦੋਂ ਉਨ੍ਹਾਂ ਨੇ ਇਸ ਦੀ ਵਰਤੋਂ ਕੀਤੀ ਤਾਂ ਉਨ੍ਹਾਂ ਦਾ ਆਈਪੀ ਪਤਾ ਦਰਜ ਹੋ ਗਿਆ ਸੀ। ਉਸ ਡਿਜੀਟਲ ਫੁਟਪ੍ਰਿੰਟ ਰਾਹੀਂ ਮੀਆਂ ਨਾਈਜੀਰੀਆ ਦੇ ਕਈ ਸਥਾਨਾਂ 'ਤੇ ਜਾ ਪਹੁੰਚਿਆ, ਖ਼ਾਸ ਕਰਕੇ ਲਾਗੋਸ, ਇੱਥੋਂ ਦਾ ਸਭ ਤੋਂ ਵੱਧ ਆਬਾਦੀ ਵਾਲਾ ਸ਼ਹਿਰ, ਜਿੱਥੇ ਮੈਨੂੰ ਉਮੀਦ ਸੀ ਕਿ ਮੈਂ ਇਹ ਪਤਾ ਲਗਾ ਲਵਾਂਗਾ ਕਿ ਇਸ ਘੁਟਾਲੇ ਦੇ ਪਿੱਛੇ ਕੌਣ ਹੈ।

**ਯਾਹੂ ਬੁਆਇਜ਼**

ਮੇਰੀ ਪਹਿਲੀ ਮੁਲਾਕਾਤ ਮੈਨੂੰ ਉਨ੍ਹਾਂ ਗਲੀਆਂ ਵਿੱਚ ਲੈ ਗਈ ਜਿੱਥੇ ਸ਼ਹਿਰ ਦੇ ਬਹੁਤ ਸਾਰੇ ਧੋਖੇਬਾਜ਼, ਰਹਿੰਦੇ ਹਨ। ਉਨ੍ਹਾਂ ਨੂੰ ਯਾਹੂ ਬੁਆਇਜ਼÷ ਵਜੋਂ ਜਾਣਿਆ ਜਾਂਦਾ ਹੈ। ਇਹ ਨਾਮ ਉਨ੍ਹਾਂ ਨੇ ਈਮੇਲ ਪਤੇ ਤੋਂ ਲਿਆ ਗਿਆ ਹੈ ਜੋ ਉਹ 2000 ਦੇ ਦਹਾਕੇ ਦੇ ਸ਼ੁਰੂ ਵਿੱਚ ਔਨਲਾਈਨ ਘੁਟਾਲਿਆਂ ਨੂੰ ਅੰਜਾਮ ਦੇਣ ਲਈ ਵਰਤਦੇ ਸਨ। ਇਹ ਨੌਜਵਾਨ ਅਕਸਰ ਆਪਣੇ 20ਵਿਆਂ ਵਿੱਚ ਗਰੀਬੀ ਦੇ ਹਾਲਤ 'ਚ ਰਹਿੰਦੇ ਹਨ ਪਰ ਤੇਜ਼ ਕਾਰਾਂ ਅਤੇ ਤੇਜ਼ੀ ਨਾਲ ਆਉਂਦੇ ਪੈਸੇ ਦੇ ਸੁਪਨੇ ਦੇਖਦੇ ਹਨ। ਇਹ ਉਹ ਥਾਂ ਹੈ ਜਿੱਥੇ ਮੈਂ ਓਲਾ ਨੂੰ ਮਿਲਿਆ। ਉਨ੍ਹਾਂ ਨੇ ਸੈਕਸਟੋਰਸ਼ਨ ਦੀ ਪੂਰੀ ਪ੍ਰਕਿਰਿਆ ਨੂੰ ਆਸਾਨੀ ਨਾਲ ਸਮਝਾਇਆ। ਉਨ੍ਹਾਂ ਦੱਸਿਆ, ÷ਤੁਸੀਂ ਨਕਲੀ ਨਾਵਾਂ ਦੀ ਵਰਤੋਂ ਕਰ ਕੇ ਜਾਅਲੀ ਜਨਰੇਟਰਾਂ ਰਾਹੀਂ ਇੱਕ ਔਰਤਾਂ ਦੇ ਨਾਮ ਵਾਲਾ ਖਾਤਾ ਬਣਾਉਂਦੇ ਹੋ। ਇਹ ਇੱਕ ਅਜਿਹੀ ਸਾਈਟ ਹੈ ਜਿੱਥੇ ਤੁਹਾਨੂੰ ਉਸ ਦੇਸ਼ ਦੇ ਲੋਕਾਂ ਦੇ ਨਾਮ ਮਿਲਦੇ ਹਨ, ਜਿੱਥੇ ਤੁਸੀਂ ਜਾਣਾ ਚਾਹੁੰਦੇ ਹੋ। ਇੱਕ ਵਾਰ ਪ੍ਰੋਫਾਈਲ ਸੈੱਟ ਹੋ ਜਾਣ ਤੋਂ ਬਾਅਦ, ਲੋਕਾਂ ਨੂੰ ਨਿਸ਼ਾਨਾ ਨੂੰ ਬਣਾਇਆ ਜਾਂਦਾ ਹੈ। ਸਕ੍ਰੀਨ ਦੇ ਦੂਜੇ ਪਾਸੇ ਮੌਜੂਦ ਮੁੰਡੇ (ਪੀੜਤ) ਮਹਿਜ਼ ਇੱਕ ਨਾਮ ਦੀ ਅਹਿਮੀਅਤ ਰੱਖਦੇ ਹਨ ਅਤੇ ਰੋਜ਼ਾਨਾ ਅਜਿਹੇ ਸੈਂਕੜੇ ਮੁੰਡਿਆਂ ਨੂੰ ਸੁਨੇਹਾ ਭੇਜੇ ਜਾਂਦੇ ਹਨ ਤੇ ਉਮੀਦ ਕੀਤੀ ਜਾਂਦੀ ਹੈ ਕਿ ਕੋਈ ਉਨ੍ਹਾਂ ਨੂੰ ਪੈਸੇ ਭੇਜੇਗਾ। ਮੈਂ ਉਨ੍ਹਾਂ ਨੂੰ ਦੱਸਿਆ ਕਿ ਇਹ ਬੇਰਹਿਮੀ ਹੈ ਅਤੇ ਕਿਸੇ ਦੀ ਜ਼ਿੰਦਗੀ ਬਰਬਾਦ ਕਰ ਸਕਦੀ ਹੈ। ਉਨ੍ਹਾਂ ਜਵਾਬ ਦਿੱਤਾ, ÷ਮੈਨੂੰ ਕੋਈ ਇਤਰਾਜ਼ ਨਹੀਂ ਹੈ ਕਿਉਂਕਿ ਮੈਨੂੰ ਪੈਸੇ ਦੀ ਲੋੜ ਹੈ। ਓਲਾ ਲਈ ਇਹ ਵਿਸ਼ਵਾਸ ਕਰਨਾ ਵੀ ਅਸੰਭਵ ਸੀ ਕਿ ਇੱਕ ਬ੍ਰਿਟਿਸ਼ ਜਾਂ ਅਮਰੀਕੀ ਕਿਸ਼ੋਰ ਪੈਸੇ ਨਹੀਂ ਦੇਵੇਗਾ। ਉਸ ਦੇ ਮਨ ਵਿੱਚ ਪੱਛਮ ਵਿੱਚ ਪੈਦਾ ਹੋਣਾ ਆਪਣੇ ਆਪ ਵਿੱਚ ਇੱਕ ਸਨਮਾਨ ਸੀ। ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਉਨ੍ਹਾਂ ਨੇ ਉਨ੍ਹਾਂ (ਮੁੰਡਿਆਂ) ਨੂੰ ਨਿਸ਼ਾਨਾ ਕਿਉਂ ਬਣਾਇਆ ਤਾਂ ਉਨ੍ਹਾਂ ਦਾ ਜਵਾਬ ਵੀ ਓਨਾ ਹੀ ਭਿਆਨਕ ਸੀ। ਉਨ੍ਹਾਂ ਕਿਹਾ, ਕਿਉਂਕਿ ਉਨ੍ਹਾਂ ਦੀਆਂ ਜਿਨਸੀ ਇੱਛਾਵਾਂ ਬਹੁਤ ਜ਼ਿਆਦਾ ਹਨ ਅਤੇ ਨੌਜਵਾਨ ਮੁੰਡੇ ਡਰਦੇ ਹਨ ਕਿ ਉਨ੍ਹਾਂ ਦੀਆਂ ਫੋਟੋਆਂ ਉਨ੍ਹਾਂ ਦੇ ਕਲਾਸ ਦੇ ਸਾਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਦੋਸਤਾਂ ਨੂੰ ਨਾ ਦਿਖਾ ਦਿੱਤੀਆਂ ਜਾਣ। ਓਲਾ ਇਕੱਲਾ ਹੀ ਕੰਮ ਕਰਦਾ ਸੀ, ਪਰ ਹੋਰ ਮਾਮਲੇ ਦਰਸਾਉਂਦੇ ਹਨ ਕਿ ਲਾਗੋਸ ਵਿੱਚ ਜਿਨਸੀ ਸ਼ੋਸ਼ਣ ਇੱਕ ਹੋਰ ਸੰਗਠਿਤ ਨੈਟਵਰਕ ਵਿੱਚ ਕਿਵੇਂ ਵਿਕਸਤ ਹੋਇਆ ਹੈ। ਪੂਰੇ ਦੇ ਪੂਰੇ ਗੈਂਗ ਹਨ ਜਿਨ੍ਹਾਂ ਦੇ ਲੀਡਰ ਹਨ, ਸੀਨੀਅਰ ਤੋਂ ਲੈ ਕੇ ਜੂਨੀਅਰ ਮੈਂਬਰ ਹਨ ਅਤੇ ਉਹ ਸਾਂਝੇ ਸਰੋਤਾਂ ਦੇ ਨਾਲ ਆਪਣੇ ਕੰਮ ਨੂੰ ਅੰਜਾਮ ਦਿੰਦੇ ਹਨ, ਜਿਸ ਦਾ ਉਦੇਸ਼ ਵੱਧ ਤੋਂ ਵੱਧ ਮੁਨਾਫ਼ਾ ਕਮਾਉਣਾ ਹੈ।

**ਹਸਲ ਕਿੰਗਡਮ**

ਅੰਤ ਵਿੱਚ ਮੈਂ ਮਕੋਕੋ ਦੇ ਜਲ ਮਾਰਗਾਂ ਵੱਲ ਪਹੁੰਚ ਗਿਆ, ਜੋ ਕਿ ਸ਼ਹਿਰ ਦੇ ਸਭ ਤੋਂ ਗਰੀਬ ਇਲਾਕਿਆਂ ਵਿੱਚੋਂ ਇੱਕ ਹੈ, ਜਿੱਥੇ ਲਾਗੋਸ ਲਗੂਨ ਦੇ ਕੰਢਿਆਂ 'ਤੇ ਲੱਕੜ ਦੇ ਘਰ ਲੱਕੜ ਦੇ ਖੰਭਿਆਂ 'ਤੇ ਖੜ੍ਹੇ ਹਨ। ਉੱਥੇ ਕੈਮਰਾ 'ਤੇ ਰਿਕਾਰਡਿੰਗ ਕਰਨ ਲਈ ਸਾਨੂੰ ਪਹਿਲਾਂ ਕਮਿਊਨਿਟੀ ਲੀਡਰ ਤੋਂ ਇਜਾਜ਼ਤ ਲੈਣੀ ਪੈਂਦੀ ਸੀ ਅਤੇ ਸਥਾਨਕ ਫਿਕਸਰਾਂ ਦੀ ਇੱਕ ਟੀਮ ਸਾਨੂੰ ਮਾਰਗਦਰਸ਼ਨ ਦਿੰਦੀ ਸੀ, ਜੋ ਇਸ ਉਲਝਣ ਭਰੇ ਇਲਾਕੇ ਤੋਂ ਜਾਣੂ ਸਨ। ਮੈਨੂੰ ਹਸਲ ਕਿੰਗਡਮ ਨਾਮਕ ਗਤੀਵਿਧੀਆਂ ਬਾਰੇ ਦੱਸਿਆ ਗਿਆ ਸੀ। ਉਹ ਕਮਰੇ ਜਿੱਥੇ ਨੌਜਵਾਨਾਂ ਦੇ ਗਿਰੋਹ ਫ਼ੋਨ ਘੁਟਾਲਿਆਂ ਵਿੱਚ ਸ਼ਾਮਲ ਹੁੰਦੇ ਹਨ। ਇਨ੍ਹਾਂ ਨੂੰ ਸ਼ਾਇਦ ਹੀ ਕਦੇ ਫਿਲਮਾਇਆ ਗਿਆ ਹੋਵੇ। ਪਰ ਕਾਫੀ ਗੱਲਬਾਤ ਤੋਂ ਬਾਅਦ ਮੈਨੂੰ ਇਜਾਜ਼ਤ ਦੇ ਦਿੱਤੀ ਗਈ। ਇਹ ਹਸਲ ਕਿੰਗਡਮ ਇੱਕ ਛੋਟੀ ਜਿਹੀ ਇਮਾਰਤ ਦੀ ਦੂਜੀ ਮੰਜ਼ਿਲ 'ਤੇ ਸਥਿਤ ਸੀ। ਉਸ ਛੋਟੇ ਜਿਹੇ ਕਮਰੇ ਦੇ ਅੰਦਰ ਇੱਕ ਦਰਜਨ ਨੌਜਵਾਨ ਆਪਣੇ ਪੱਟਾਂ 'ਤੇ ਲੈਪਟਾਪ ਲੈ ਕੇ ਬੈਠੇ ਸਨ, ਉਨ੍ਹਾਂ ਦੇ ਫੋਨ ਲਗਾਤਾਰ ਵੱਜ ਰਹੇ ਸਨ, ਸ਼ਾਇਦ ਸੰਭਾਵੀ ਪੀੜਤਾਂ ਦੇ ਮੈਸੇਜ ਆ ਰਹੇ ਸਨ। ਮਾਹੌਲ ਇੱਕ ਕਾਲ ਸੈਂਟਰ ਵਰਗਾ ਸੀ। ਉਨ੍ਹਾਂ ਨੇ ਜਾਅਲੀ ਪ੍ਰੋਫਾਈਲ ਬਦਲੇ, ਸਕ੍ਰਿਪਟਾਂ ਦਾ ਆਦਾਨ-ਪ੍ਰਦਾਨ ਕੀਤਾ ਅਤੇ ਨਵੇਂ ਪੀੜਤਾਂ ਦੇ ਨਾਮ ਦਿੱਤੇ। ਹਰੇਕ ਨੌਜਵਾਨ ਨੇ ਆਪਣੀ ਭੂਮਿਕਾ ਨਿਭਾਈ, ਪਰ ਸਾਰਾ ਪੈਸਾ ਉਨ੍ਹਾਂ ਦੇ ਮੁਖੀ ਕੋਲ ਗਿਆ, ਜਿਸਨੂੰ ਘੋਸਟ (ਭੂਤ) ਕਿਹਾ ਜਾਂਦਾ ਹੈ। ਉੱਥੇ ਧੋਖਾਧੜੀ 'ਚ ਤਜਰਬੇਕਾਰ ਨਵੇਂ ਬੰਦਿਆ ਨੂੰ ਸਿਖਲਾਈ ਦਿੰਦੇ ਹਨ। ਲਾਲਚ, ਤੇਜ਼ ਪੈਸੇ ਦਾ, ਪਰ ਉਨ੍ਹਾਂ ਦੀ ਇਸ ਤਰ੍ਹਾਂ ਨਿਡਰ ਹੋਣ ਪਿੱਛੇ ਕੁਝ ਹੋਰ ਵੀ ਭਿਆਨਕ ਸੀ। ਦਰਅਸਲ ਇਨ੍ਹਾਂ ਮੁੰਡਿਆਂ ਨੂੰ ਕਿਸ਼ੋਰ ਅਵਸਥਾ ਤੋਂ ਹੀ ਅਪਰਾਧ ਲਈ ਤਿਆਰ ਕੀਤਾ ਗਿਆ ਸੀ। ਪੁਰਾਣੇ ÷ਲੀਡਰ÷ ਸਫ਼ਲਤਾ ਦੀਆਂ ਕਹਾਣੀਆਂ ਅਤੇ ਸਮਾਜਿਕ ਰੁਤਬੇ ਦਾ ਦਿਖਾਵਾ ਕਰਦੇ ਹਨ, ਨਾਲ ਹੀ ਕਰਜ਼ੇ ਦੀ ਪੇਸ਼ਕਸ਼ ਕਰਦੇ ਹਨ ਜਾਂ ਹਰੇਕ ਘੁਟਾਲੇ ਵਿੱਚ ਹਿੱਸਾ ਲੈਂਦੇ ਹਨ ਅਤੇ ਇੱਕ ਅਜਿਹਾ ਚੱਕਰਵਿਊ ਰਚਦੇ ਹਨ ਜਿਸ ਤੋਂ ਨਿਕਲਣਾ ਮੁਸ਼ਕਲ ਹੋ ਜਾਂਦਾ ਹੈ। ਇਨ੍ਹਾਂ ਲੋਕਾਂ ਨੂੰ ਕੰਮ ਕਰਦੇ ਦੇਖ ਕੇ ਮੈਨੂੰ ਅਹਿਸਾਸ ਹੋਇਆ ਕਿ ਇਹ ਉਨ੍ਹਾਂ ਘੁਟਾਲੇਬਾਜ਼ਾਂ ਤੋਂ ਕਿੰਨਾ ਵੱਖਰਾ ਸੀ ਜੋ ਇੱਕਲੇ ਕੰਮ ਕਰਦੇ ਹਨ। ਇਹ ਸੰਗਠਿਤ, ਕੁਸ਼ਲ ਅਤੇ ਬੇਰਹਿਮ ਸਨ, ਇੱਕ ਸਿਸਟਮ ਜੋ ਵੱਧ ਤੋਂ ਵੱਧ ਪੈਸਾ ਕੱਢਣ ਲਈ ਤਿਆਰ ਕੀਤਾ ਗਿਆ ਸੀ।

**ਰੱਬ ਤੋਂ ਡਰਨ ਵਾਲਾ ਆਦਮੀ**

ਕੀ ਈਵਾਨ ਦਾ ਘੁਟਾਲਾ ਕਰਨ ਵਾਲਾ ਵੀ ਹਸਲ ਕਿੰਗਡਮ ਦਾ ਹਿੱਸਾ ਹੋ ਸਕਦਾ ਸੀ, ਜਾਂ ਫਿਰ ਉਹ ਇਕੱਲਾ ਕੰਮ ਕਰਦਾ ਸੀ ? ਮੁਖੀ ਘੋਸਟ ਨੇ ਕਿਹਾ ਕਿ ਉਹ ਮੁੱਖ ਤੌਰ 'ਤੇ ਵਿੱਤੀ ਘੁਟਾਲੇ ਚਲਾ ਰਹੇ ਸਨ, ਜ਼ਿਆਦਾਤਰ ਰੋਮਾਂਸ ਨਾਲ ਜੁੜੇ ਘੁਟਾਲੇ ਸ਼ਾਮਲ ਸਨ ਪਰ ਸੈਕਸਟੋਰਸ਼ਨ ਨਹੀਂ, ਕਿਉਂਕਿ ਉਹ ਇੱਕ ਰੱਬ ਤੋਂ ਡਰਨ ਵਾਲਾ ਆਦਮੀ ਸੀ। ਉਸਨੇ ਕਿਹਾ ਕਿ ਸਿਰਫ ਬੁਰੇ ਦਿਲਾਂ ਵਾਲੇ ਲੋਕ ਹੀ ਅਜਿਹਾ ਕਰਦੇ ਹਨ। ਇਸ ਹਸਲ ਕਿੰਗਡਮ ਵਿੱਚ ਸੈਕਸਟੋਰਸ਼ਨ ਨੂੰ ਸ਼ਰਮਨਾਕ ਮੰਨਿਆ ਜਾਂਦਾ ਹੈ। ਇਨ੍ਹਾਂ ਘੁਟਾਲੇਬਾਜ਼ਾਂ ਨੇ ਮੈਨੂੰ ਦੱਸਿਆ ਕਿ ਬਹੁਤ ਸਾਰੇ ਯਾਹੂ ਉਪਭੋਗਤਾ ਯਾਹੂ ਪਲੱਸ ਵੱਲ ਜਾ ਰਹੇ ਹਨ। ਇਸ ਵਿੱਚ ਸਥਾਨਕ ਪੁਜਾਰੀਆਂ ਵੱਲੋਂ ਘੁਟਾਲੇਬਾਜ਼ਾਂ ਨੂੰ ਅਸ਼ੀਰਵਾਦ ਦੇਣਾ ਅਤੇ ਜਾਪ ਕਰਨਾ ਵੀ ਸ਼ਾਮਲ ਸੀ ਕਿਉਂਕਿ ਉਨ੍ਹਾਂ ਦਾ ਮੰਨਣਾ ਸੀ ਕਿ ਇਹ ਚੀਜ਼ ਪੀੜਤਾਂ ਨੂੰ ਵਧੇਰੇ ਆਗਿਆਕਾਰੀ ਬਣਾਵੇਗੀ ਜਾਂ ਘੁਟਾਲੇਬਾਜ਼ਾਂ ਨੂੰ ਫੜੇ ਜਾਣ ਤੋਂ ਬਚਾਵੇਗੀ। ਰਵਾਇਤੀ ਇਲਾਜ ਕਰਨ ਵਾਲੇ ਲੰਬੇ ਸਮੇਂ ਤੋਂ ਨਾਈਜੀਰੀਆਈ ਸੱਭਿਆਚਾਰ ਵਿੱਚ ਰਚੇ ਹੋਏ ਹਨ ਅਤੇ ਕੁਝ ਲੋਕਾਂ ਲਈ ਉਨ੍ਹਾਂ ਵੱਲ ਰੁਖ਼ ਕਰਨਾ ਇਸੇ ਤਰ੍ਹਾਂ ਸੁਭਾਵਿਕ ਸੀ ਜਿਵੇਂ ਇੱਕ ਨਵਾਂ ਸਿਮ ਕਾਰਡ ਖਰੀਦਣਾ। ਮੈਂ ਐਡੇ ਨੂੰ ਮਿਲਿਆ, ਇੱਕ 20 ਸਾਲਾ ਔਰਤ ਜਿਸ ਨੇ ਹਾਲ ਹੀ ਵਿੱਚ ਮਰਦਾਂ ਦਾ ਜਿਨਸੀ ਸ਼ੋਸ਼ਣ ਕਰਨਾ ਸ਼ੁਰੂ ਕੀਤਾ ਸੀ। ਉਹ ਮੈਨੂੰ ਇੱਕ ਅਖੌਤੀ ਸਾਈਬਰ-ਅਧਿਆਤਮਵਾਦੀ ਨੂੰ ਮਿਲਣ ਦੇਣ ਲਈ ਸਹਿਮਤ ਹੋ ਗਈ। ਇਹ ਕੋਈ ਅਜਿਹਾ ਵਿਅਕਤੀ ਸੀ, ਜਿਸਨੂੰ ਉਹ ਮੰਡੀ ਸੀ ਕਿ ਉਹ ਉਸ ਨੂੰ ਹੋਰ ਪੈਸੇ ਕਮਾਉਣ ਵਿੱਚ ਮਦਦ ਕਰ ਸਕਦਾ ਹੈ। ਉਸ ਵਿਅਕਤੀ ਦਾ ਪ੍ਰਾਰਥਨਾ ਸਥਾਨ ਸ਼ਹਿਰ ਦੇ ਬਾਹਰਵਾਰ ਇੱਕ ਗਲ਼ੀ ਵਿੱਚ ਸਥਿਤ ਸੀ, ਇੱਕ ਨੀਵੀਂ ਛੱਤ ਵਾਲਾ ਕਮਰਾ ਜੋ ਉੱਕਰੀਆਂ ਹੋਈਆਂ ਮੂਰਤੀਆਂ ਨਾਲ ਭਰਿਆ ਹੋਇਆ ਸੀ। ਉਸ ਕੋਲ ਇੱਕ ਚਿੱਟੇ ਪੰਛੀ ਨੂੰ ਲਿਆਂਦਾ ਗਿਆ ਅਤੇ ਉਸ ਦੀ ਬਲੀ ਦਿੱਤੀ ਗਈ, ਉਸ ਦਾ ਖ਼ੂਨ ਜ਼ਮੀਨ 'ਤੇ ਟਪਕ ਰਿਹਾ ਸੀ। ਐਡੇ ਨੂੰ ਬਲੀਦਾਨ ਦਾ ਇੱਕ ਹਿੱਸਾ ਖਾਣ ਲਈ ਕਿਹਾ ਗਿਆ। ਉਸ ਵਿਅਕਤੀ ਨੇ ਕਿਹਾ ਕਿ ਇਸ ਰਸਮ ਨੂੰ ਕਰਨ ਨਾਲ ਐਡੇ ਨੂੰ ਦੌਲਤ ਅਤੇ ਸੁਰੱਖਿਆ ਮਿਲੇਗੀ। ਜਦੋਂ ਮੈਂ ਪੁੱਛਿਆ ਕਿ ਇਹ ਸਭ ਕਿੰਨਾ ਆਮ ਸੀ ਤਾਂ ਉਸ ਵਿਅਕਤੀ ਨੇ ਮੈਨੂੰ ਦੱਸਿਆ ਕਿ ਉਸ ਕੋਲ ਰੋਜ਼ਾਨਾ ਛੇ ਜਾਂ ਸੱਤ ਯਾਹੂ ਬੁਆਇਜ਼ ਆਉਂਦੇ ਹਨ। ਐਡੇ ਲਈ ਇਹ ਅੰਧਵਿਸ਼ਵਾਸ ਨਹੀਂ ਸੀ ਪਰ ਇੱਕ ਵਪਾਰਕ ਖਰਚਾ ਸੀ। ਜਿਸ ਚੀਜ਼ ਨੇ ਮੈਨੂੰ ਸਭ ਤੋਂ ਵੱਧ ਪ੍ਰਭਾਵਿਤ ਕੀਤਾ ਉਹ ਸੀ ਪੁਰਾਣੇ ਅਤੇ ਨਵੇਂ ਵਿਚਕਾਰ ਅੰਤਰ। ਇੱਕ ਪਲ, ਮੈਂ ਇੱਕ 20 ਸਾਲਾ ਆਦਮੀ ਨੂੰ ਸਦੀਆਂ ਪੁਰਾਣੇ ਵਿਸ਼ਵਾਸਾਂ 'ਤੇ ਅਧਾਰਤ ਇੱਕ ਰਸਮ ਵਿੱਚ ਹਿੱਸਾ ਲੈਂਦੇ ਦੇਖ ਰਿਹਾ ਸੀ। ਅਗਲੇ ਪਲ ? ਮੈਨੂੰ ਡਿਜੀਟਲ ਯੁੱਗ ਦੇ ਟੂਲ ਦਿਖਾਏ ਜਾ ਰਹੇ ਸਨ। ਬਾਅਦ ਵਿੱਚ ਮੈਨੂੰ ਇੱਕ ਅਜਿਹਾ ਘੁਟਾਲੇਬਾਜ਼ ਵੀ ਮਿਲਿਆ ਜੋ 21ਵੀਂ ਸਦੀ ਦੀ ਡੀਪਫੇਕ ਤਕਨਾਲੋਜੀ ਦੀ ਵਰਤੋਂ ਕਰ ਰਿਹਾ ਸੀ ਅਤੇ ਉਸ ਨੇ ਘੁਟਾਲੇ ਦਾ ਚਿਹਰਾ ਬਣਨ ਲਈ ਇੱਕ ਔਰਤ, ਰੇਚਲ ਨੂੰ ਨੌਕਰੀ 'ਤੇ ਰੱਖਿਆ ਸੀ। ਉਸਨੇ ਮੈਨੂੰ ਆਪਣੇ ਲੈਪਟਾਪ 'ਤੇ ਐਪ ਦਿਖਾਈ, ਇੱਕ ਪੇਸ਼ੇਵਰ-ਗ੍ਰੇਡ ਫੇਸ-ਸਵੈਪਿੰਗ ਟੂਲ ਜਿਸ ਦੀ ਕੀਮਤ ਉਸਨੂੰ 3,500 ਡਾਲਰ ਦੇ ਕਰੀਬ ਪਈ ਸੀ। ਉਸਨੇ ਕਿਹਾ ਕਿ ਇਹ ਵਾਕਈ ਇੰਨੇ ਪੈਸੇ ਲਗਾਉਣ ਲਾਇਕ ਸੀ। ਅਮਰੀਕਾ ਵਿੱਚ, ਐਫਬੀਆਈ ਦੁਆਰਾ ਹਾਸਲ ਸੈਕਸਟੋਰਸ਼ਨ ਰਿਪੋਰਟਾਂ ਪਿਛਲੇ ਤਿੰਨ ਸਾਲਾਂ ਵਿੱਚ ਦੁੱਗਣੀਆਂ ਤੋਂ ਵੱਧ ਹੋ ਗਈਆਂ ਹਨ, ਜੋ ਕਿ 2024 ਵਿੱਚ 55,000 ਦੇ ਸਿਖਰ 'ਤੇ ਪਹੁੰਚ ਗਈਆਂ ਹਨ। ਯੂਕੇ ਵਿੱਚ, ਰਾਸ਼ਟਰੀ ਅਪਰਾਧ ਏਜੰਸੀ ਨੂੰ ਹਰ ਮਹੀਨੇ 110 ਰਿਪੋਰਟਾਂ ਮਿਲਦੀਆਂ ਹਨ। ਸੋਸ਼ਲ ਮੀਡੀਆ ਕੰਪਨੀਆਂ ਦਾ ਕਹਿਣਾ ਹੈ ਕਿ ਉਹ ਕਾਰਵਾਈ ਕਰ ਰਹੀਆਂ ਹਨ, ਪਰ ਉਨ੍ਹਾਂ ਦੇ ਆਲੋਚਕਾਂ ਦਾ ਤਰਕ ਹੈ ਕਿ ਉਹ ਇਸ ਤੋਂ ਕੀਤੇ ਜ਼ਿਆਦਾ ਚੰਗੇ ਢੰਗ ਨਾਲ ਦਖਲ ਦੇ ਸਕਦੇ ਹਨ ਅਤੇ ਅਜਿਹੇ ਅਪਰਾਧਾਂ 'ਤੇ ਨਕੇਲ ਕੱਸਣ 'ਚ ਮਦਦ ਕਰ ਸਕਦੇ ਹਨ। ਦੱਖਣੀ ਕੈਰੋਲੀਨਾ ਵਿੱਚ ਮੈਂ ਬ੍ਰੈਂਡਨ ਗੁਫੀ ਨੂੰ ਮਿਲਿਆ। ਉਹ ਇੱਕ ਸੂਬਾ ਪ੍ਰਤੀਨਿਧੀ ਹਨ ਜਿਨ੍ਹਾਂ ਦੇ ਪੁੱਤਰ ਗੈਵਿਨ ਨੇ 2022 ਵਿੱਚ ਇੰਸਟਾਗ੍ਰਾਮ 'ਤੇ ਨਿਸ਼ਾਨਾ ਬਣਨ ਤੋਂ ਬਾਅਦ ਖੁਦਕੁਸ਼ੀ ਕਰ ਲਈ ਸੀ। ਉਸ ਵੇਲੇ ਮੁੰਡਾ 17 ਸਾਲ ਦਾ ਸੀ। ਆਪਣੇ ਪੁੱਤਰ ਦੀ ਮੌਤ ਤੋਂ ਪਹਿਲਾਂ ਬ੍ਰੈਂਡਨ ਮੇਟਾ ਵਿਰੁੱਧ ਇਹ ਦਲੀਲ ਦਿੰਦੇ ਹੋਏ ਕਿ ਕੰਪਨੀ ਉਨ੍ਹਾਂ ਨੂੰ ਅਪਰਾਧੀਆਂ ਤੋਂ ਬਚਾਉਣ ਵਿੱਚ ਅਸਫ਼ਲ ਰਹੀ ਹੈ, ਮੁਕੱਦਮਾ ਦਾਇਰ ਕਰਨ ਦੀ ਤਿਆਰੀ ਕਰ ਰਹੇ ਸਨ। ਉਨ੍ਹਾਂ ਨੂੰ ਬਲੈਕਮੇਲ ਕਰਨ ਲਈ ਵਰਤਿਆ ਜਾਣ ਵਾਲਾ ਇੱਕ ਖਾਤਾ ਆਖ਼ਰਕਾਰ ਡਿਲੀਟ ਕਰ ਦਿੱਤਾ ਗਿਆ, ਪਰ ਬਾਕੀ ਉਸੇ ਤਰ੍ਹਾਂ ਚੱਲਦੇ ਰਹੇ। ਬ੍ਰੈਂਡਨ ਲਈ ਇਹ ਜਾਣਕਾਰੀ ਬਹੁਤ ਹੈਰਾਨ ਕਰਨ ਵਾਲੀ ਸੀ।



# ਮਾਨਸਿਕ ਸਿਹਤ ਦੇ ਸੰਦਰਭ ਵਿਚ ਇੱਕ ਅਣਗੌਲਿਆ ਸੱਚ

**ਸਰੀਰ ਅਤੇ ਮਨ ਦੀ ਹਰ ਅਵਸਥਾ ਤਾਕਤ (ਸ਼ਕਤੀ) 'ਤੇ ਅਧਾਰਤ ਹੁੰਦੀ ਹੈ ਜ਼ਿੰਦਗੀ ਵਿਚ ਜਿਹੜੀਆਂ ਸਰੀਰਕ ਅਤੇ ਮਨੋਵਿਗਿਆਨਕ ਸਥਿਤੀਆਂ ਵਿਚੋਂ ਅਸੀਂ ਲੰਘਦੇ ਹਾਂ ਉਨ੍ਹਾਂ ਵਿਚ ਇਕ ਅਧਾਰ ਤਾਕਤ ਹੁੰਦੀ ਹੈ। ਉਨ੍ਹਾਂ ਦਾ ਰਸਾਇਣਕ ਆਧਾਰ ਵੀ ਹੁੰਦਾ ਹੈ। ਆਧੁਨਿਕ ਅੰਗਰੇਜ਼ੀ ਦਵਾਈਆਂ ਇਕ ਤਰ੍ਹਾਂ ਨਾਲ ਰਸਾਇਣ ਹਨ। ਸਾਡੇ ਸਰੀਰ ਵਿੱਚ ਕੋਈ ਸਮੱਸਿਆ ਆਈ ਤੇ ਉਸਦੇ ਇਲਾਜ ਵਜੋਂ ਅਸੀਂ ਕੋਈ ਦਵਾਈ ਲਈ ਭਾਵ, ਅਸੀਂ ਇਕ ਰਸਾਇਣ ਲੈ ਕੇ ਆਪਣੇ ਅੰਦਰ ਸੰਤੁਲਨ ਪੈਦਾ ਕਰਦੇ ਹਾਂ। ਜਦੋਂ ਅਸੀਂ ਕਿਸੇ ਪ੍ਰਭਾਵ ਨੂੰ ਘਟਾਉਣ ਜਾਂ ਵਧਾਉਣ ਲਈ ਕਿਸੇ ਰਸਾਇਣ ਦੀ ਵਰਤੋਂ ਕਰਦੇ ਹਾਂ, ਤਾਂ ਇਸਦਾ ਇਕ ਪਲਟਵਾਂ ਪ੍ਰਭਾਵ ਵੀ ਹੁੰਦਾ ਹੈ ਜਿਸ ਨੂੰ ਅਸੀਂ ਆਮ ਤੌਰ 'ਤੇ ਇਸ ਦੇ 'ਮਾੜੇ ਪ੍ਰਭਾਵ' (ਸਾਈਡ ਐਫਕਟ) ਕਹਿੰਦੇ ਹਾਂ।**

ਵਿਚਾਰਾਂ ਦੀ ਵੱਖਰਤਾ ਦੁਨੀਆਂ ਦਾ ਅਹਿਮ ਸਚ ਹੈ ,ਇਸਨੂੰ ਮੰਨੋ ਜਾਂ ਨਾ ਮੰਨੋ । ਜੇ ਮੰਨ ਲਵਾਂਗੇ ਤਾਂ ਜਿੰਦਗੀ ਸੁਖਾਲੀ ਹੋ ਜਾਵੇਗੀ, ਨਹੀਂ ਤਾਂ ਸਾਹਮਣੇ ਵਾਲੇ ਦੇ ਲੱਖ ਗੁਣ ਵੀ ਖਾਮੀਆਂ ਨਜਰ ਆਉਣਗੇ।

ਅਸੀਂ ਆਪਣੇ ਆਪ ਨੂੰ ਬਹੁਤ ਸਿਆਣਾ ਸਮਝਣ ਲੱਗੇ ਹਾਂ ਤੇ ਦੁਨੀਆਂ ਕਮਲੀ ਲਗਣ ਲੱਗੀ ਹੈ । ਹਰ ਕੰਮ ਦੀ ਕਾਹਲੀ ਰਹਿੰਦੀ ਹੈ । ਅਸੀਂ ਨਿੱਕੀ-ਨਿੱਕੀ ਗੱਲ 'ਤੇ ਖਿੱਝਣ ਲੱਗਦੇ ਹਾਂ। ਜਦੋਂ ਤੱਕ ਅਸੀਂ ਕਿਸੇ ਕੰਮ ਨੂੰ ਕਰ ਨਹੀਂ ਲੈਂਦੇ ਅੱਚਵੀ ਵਿਚ ਰਹਿੰਦੇ ਹਾਂ। ਘਰ ਵਿੱਚ ਬੱਚਿਆਂ ਦਾ ਸ਼ੋਰ ਸਹਿਣ ਨਹੀਂ ਹੁੰਦਾ। ਸਾਡੇ ਬੱਚੇ ਦੇ 99%ਅੰਕ ਆ ਗਏ ਪਰ ਸਾਨੂੰ ਲੱਗਦਾ ਹੈ ਕਿ 100% ਕਿਉਂ ਨਹੀਂ ਆਏ, ਇੱਕਲੇ ਬੈਠੇ ਆਪਣੇ ਆਪ ਨਾਲ ਹੀ ਗੱਲਾਂ ਕਰਦੇ ਰਹਿੰਦੇ ਹੋ। ਦੂਜਿਆਂ ਨੂੰ ਖੁਸ਼ ਦੇਖ ਕੇ ਮਨ ਦੁਖੀ ਹੋਣ ਲਗਦਾ ਹੈ। ਦੋਸਤ ਨੇ ਵੱਡੀ ਗੱਡੀ ਲੈ ਲਈ ਆਦਿ ਗੱਲਾਂ ਮਹਿਸੂਸ ਹੋਣ ਲੱਗਣ ਤਾਂ ਸਾਨੂੰ ਸਮਝ ਲੈਣਾ ਚਾਹੀਦਾ ਹੈ ਕਿ ਸਾਡੀ ਜਿੰਦਗੀ ਨਵਾਂ ਮੋੜ ਲੈ ਰਹੀ ਹੈ। ਜਿਸਦਾ ਰਸਤਾ ਡਾਕਟਰ ਵੱਲ ਨੂੰ ਜਾਂਦਾ ਹੈ। ਦੁਨੀਆਂ ਦਾ ਵੱਡਾ ਸੱਚ ਹੈ ਕਿ ਇਨਸਾਨ ਦੀ ਸ਼ਕਲ ਭਾਵੇਂ ਕਿਸੇ ਨਾਲ ਮਿਲ ਜਾਵੇ ਪਰ ਭਾਵਨਾਵਾਂ ਅਤੇ ਵਿਚਾਰ ਨਹੀਂ ਮਿਲਦੇ। ਅਸੀਂ ਇਸ ਗੱਲ ਤੋਂ ਮੁਨਕਰ ਨਹੀਂ ਹੋ ਸਕਦੇ ਕਿ ਪਰਿਵਾਰ ਵਿਚ ਜਦੋਂ ਵੀ ਕੋਈ ਸਾਡੀ ਗੱਲ ਨਾਲ ਸਹਿਮਤ ਨਹੀਂ ਹੁੰਦਾ ਤਾ ਸਾਨੂੰ ਬੁਰਾ ਲਗਦਾ ਹੈ । ਅਸੀਂ ਦੁਨੀਆਂ ਦੇ ਤਕਰੀਬਨ ਹਰ ਸੱਚ ਨੂੰ ਮੰਨਦੇ ਹਾਂ ਪਰ ਇਸ ਗੱਲ ਨੂੰ ਨਹੀਂ ਮੰਨ ਪਾਉਂਦੇ ਕਿ ਸਾਹਮਣੇ ਵਾਲੇ ਦੇ ਵਿਚਾਰ ਸਾਡੇ ਤੋਂ ਵੱਖਰੇ ਵੀ ਹੋ ਸਕਦੇ ਹਨ । ਵਿਚਾਰਾਂ ਦੀ ਵੱਖਰਤਾ ਇਸ ਭੱਜ-ਦੌੜ ਵਾਲੀ ਜ਼ਿੰਦਗੀ ਵਿਚ ਲੋਕ ਆਮ ਤੌਰ 'ਤੇ ਆਪਣੀ ਸਰੀਰਕ ਸਿਹਤ ਤੇ ਮਾਨਸਿਕ ਸਿਹਤ ਵੱਲ ਬਹੁਤਾ ਧਿਆਨ ਨਹੀਂ ਦਿੰਦੇ। ਅਸੀਂ ਲੋਕ ਬਹੁਤ ਸਾਰੀਆਂ ਚੀਜ਼ਾਂ ਨੂੰ ਨਜ਼ਰ-ਅੰਦਾਜ਼ ਕਰਦੇ ਹਾਂ। ਇਸ ਲਈ ਹੱਥਲੇ ਲੇਖ ਵਿਚ ਅਸੀਂ ਸਿਹਤ ਅਤੇ ਖਾਸ ਤੌਰ 'ਤੇ ਮਾਨਸਿਕ ਸਹਿਤ ਬਾਰੇ ਗੱਲ ਕਰਾਂਗੇ ।

ਪਰ ਉਸ ਤੋਂ ਪਹਿਲਾਂ ਇਕ ਚੈਨਲ ਵਲੋਂ ਪੁੱਛੇ ਗਏ ਇਹਨਾਂ ਦਸ ਸਵਾਲਾਂ ਨੂੰ ਜ਼ਰੂਰ ਵਿਚਾਰਨਾ ਬਣਦਾ ਹੈ ਜੇ ਇਨ੍ਹਾਂ 10 ਸਵਾਲਾਂ ਦੇ ਜਵਾਬ ਹਾਂ ਹਨ, ਤਾਂ ਸਾਨੂੰ ਆਪਣੇ ਆਪ ਦੀ ਸੰਭਾਲ ਕਰਨੀ ਬਣਦੀ ਹੈ।

1. ਕੀ ਸਾਡੇ ਕੋਲ ਲੋਕਾਂ ਨੂੰ ਅਤੇ ਆਪਣੇ ਸ਼ੌਂਕ ਸਮਾਂ ਦੇਣ ਦਾ ਸਮਾਂ ਨਹੀਂ ਰਿਹਾ ? ਭਾਵ ਅਸੀਂ ਆਪਣੇ ਆਪ ਨੂੰ ਰੁੱਝਿਆ ਹੋਇਆ ਮਹਿਸੂਸ ਕਰਦੇ ਹਾਂ ?

2. ਕੀ ਸਾਡੀ ਨੀਂਦ, ਭੁੱਖ ਅਤੇ ਸੋਚਣ ਦਾ ਤਰੀਕਾ ਬਦਲ ਗਿਆ ਹੈ ?

3. ਕੀ ਅਸੀਂ ਭਵਿੱਖ ਬਾਰੇ ਨਾ ਉਮੀਦੀ ਅਤੇ ਨਿਰਾਸ਼ਾਵਾਦੀ ਹੋ ਗਏ ਹਾਂ ?

4. ਕੀ ਸਾਨੂੰ ਲਗਦਾ ਹੈ ਕਿ ਸਾਡੀ ਪੁਰਾਣੀ ਨੌਕਰੀ ਹੁਣ ਮੁਸ਼ਕਲਾਂ ਨਾਲ ਭਰੀ ਹੋਈ ਹੈ ? ਕੀ ਸਾਡਾ ਕੰਮ ਕਰਨ ਨੂੰ ਦਿਲ ਨਹੀਂ ਕਰਦਾ ?

5. ਕੀ ਅਸੀਂ ਦੇਖਿਆ ਹੈ ਕਿ ਸਾਡਾ ਚਿੱਤ ਕਈ ਵਾਰ ਬਹੁਤ ਜਿਆਦਾ ਖੁਸ਼ ਅਤੇ ਕਈ ਵਾਰ ਬਹੁਤ ਉਦਾਸ ਹੋ ਜਾਂਦਾ ਹੈ ?

6. ਕੀ ਸਾਨੂੰ ਅਚਾਨਕ ਆਪਣੀ ਇਕਾਗਰਤਾ ਬਣਾਉਣ ਵਿਚ ਔਖਾਈ ਮਹਿਸੂਸ ਹੋਣ ਲੱਗੀ ਹੈ ? ਕੀ ਅਸੀਂ ਹੁਣ ਪਹਿਲਾਂ ਵਾਂਗ ਕਿਸੇ ਵੀ ਚੀਜ 'ਤੇ ਧਿਆਨ ਨਹੀਂ ਦੇ ਪਾ ਰਹੇ ?

7. ਕੀ ਸਾਨੂੰ ਲਗਦਾ ਹੈ ਕਿ ਸਾਡੀ ਯਾਦ ਸ਼ਕਤੀ ਕਮਜ਼ੋਰ ਹੈ ਜਾਂ ਸਾਨੂੰ ਕੁਝ ਸਮਝਣ ਵਿੱਚ ਮੁਸ਼ਕਲ ਆ ਰਹੀ ਹੈ ?

8. ਕੀ ਅਸੀਂ ਅਚਾਨਕ ਬਹੁਤ ਘਬਰਾਉਂਦੇ ਹਾਂ, ਕੀ ਸਾਨੂੰ ਸਾਹ ਦੀ ਗਤੀ ਵਿਚ ਕੋਈ ਬਦਲਾਅ ਮਹਿਸੂਸ ਹੁੰਦਾ ਹੈ ?

9. ਕੀ ਸਾਡਾ ਵਿਵਹਾਰ ਪਹਿਲਾਂ ਨਾਲੋਂ ਬਦਲ ਗਿਆ ਹੈ ,ਕੀ ਅਸੀਂ ਰੋਣਾ ਚਾਹੁੰਦੇ ਹੋ?

10. ਕੀ ਅਸੀਂ ਆਪਣੇ ਆਸ-ਪਾਸ ਦੇ ਲੋਕਾਂ ਨਾਲ ਗੱਲ ਕਰਨ ਸਮੇਂ ਅਸਹਿਜ ਮਹਿਸੂਸ ਕਰਦੇ ਹਾਂ, ਕੀ ਅਸੀਂ ਉਨ੍ਹਾਂ ਨਾਲ ਗੱਲ ਕਰਨ ਤੋਂ ਝਿਜਕਦੇ ਹਾਂ ?

ਜੇਕਰ ਇਹਨਾਂ ਸਵਾਲਾ ਦੇ ਜਵਾਬ ਸਾਡੇ 'ਤੇ ਢੁੱਕਦੇ ਮਹਿਸੂਸ ਹੁੰਦੇ ਨੇ ਤਾਂ ਸਾਨੂੰ ਸਭ ਕੁਝ ਛੱਡ ਕੇ ਆਪਣੀ ਸਿਹਤ ਵੱਲ ਧਿਆਨ ਦੇਣਾ ਬਣਦਾ ਹੈ । ਪਹਿਲਾਂ ਸਿਹਤ ਕੀ ਹੁੰਦੀ ਹੈ ? ਇਸ ਬਾਰੇ ਵਿਚਾਰ ਕਰਦੇ ਹਾਂ ।'ਸਿਹਤ' ਦਾ ਅੰਗਰੇਜ਼ੀ ਸਮਾਨਾਰਥੀ ਮੂਲ ਰੂਪ ਵਿਚ ਸ਼ਬਦ 'ਹੋਲ' ਤੋਂ ਲਿਆ ਗਿਆ ਹੈ ਜਿਸਦਾ ਅਰਥ ਹੈ 'ਪੂਰੀ', ਭਾਵ ਪੂਰੀ ਤਰ੍ਹਾਂ ਠੀਕ ਹੋਣਾ। ਸਰੀਰਕ ਅਤੇ ਮਾਨਸਿਕ ਤੌਰ 'ਤੇ ਆਪਣੇ ਆਪ ਨੂੰ 'ਸਿਹਤਮੰਦ ਮਹਿਸੂਸ ਕਰਨਾ', ਭਾਵ, ਅਸੀਂ ਆਪਣੇ ਅੰਦਰ ਪੂਰਨਤਾ ਮਹਿਸੂਸ ਕਰਦੇ ਹਾਂ। ਡਾਕਟਰੀ ਤੌਰ 'ਤੇ, ਜੇ ਅਸੀਂ ਬਿਮਾਰੀਆਂ ਤੋਂ ਮੁਕਤ ਹਾਂ ਤਾਂ ਸਾਨੂੰ ਸਿਹਤਮੰਦ ਮੰਨਿਆ ਜਾਂਦਾ ਹੈ ਪਰ ਇਹ ਸਿਹਤ ਨਹੀਂ ਹੈ। ਜਦੋਂ ਅਸੀਂ ਤਨ, ਮਨ ਅਤੇ ਆਤਮਾ ਨਾਲ ਇਕ ਪੂਰਨ ਮਨੁੱਖ ਵਾਂਗ ਮਹਿਸੂਸ ਕਰਦੇ ਹਾਂ, ਕੇਵਲ ਉਦੋਂ ਹੀ ਅਸੀਂ ਸਿਹਤਮੰਦ ਹਾਂ। ਦਰਅਸਲ ਬਹੁਤ ਸਾਰੇ ਲੋਕ ਹਨ ਜੋ ਡਾਕਟਰੀ ਤੌਰ ਤੇ ਸਿਹਤਮੰਦ ਹਨ, ਪਰ ਉਹ ਅਸਲ ਵਿੱਚ ਸਿਹਤਮੰਦ ਨਹੀਂ ਹਨ, ਕਿਉਂਕਿ ਉਹ ਮਾਨਸਿਕ ਤੌਰ 'ਤੇ ਚੰਗਾ ਮਹਿਸੂਸ ਨਹੀਂ ਕਰ ਰਹੇ। ਜੇ ਕੋਈ ਪੂਰਨਤਾ ਅਤੇ ਏਕਤਾ ਦਾ ਅਨੁਭਵ ਕਰਨਾ ਚਾਹੁੰਦਾ ਹੈ, ਤਾਂ ਇਹ ਜ਼ਰੂਰੀ ਹੈ ਕਿ ਉਸਦਾ ਸਰੀਰ, ਮਨ ਅਤੇ ਮੁੱਖ ਤੌਰ ਤੇ ਉਸਦੀ ਅੰਦਰਲੀ ਤਾਕਤ ਪੂਰਨ ਰੂਪ ਵਿਚ ਕੰਮ ਕਰੇ। ਸਰੀਰ ਅਤੇ ਮਨ ਦੀ ਹਰ ਅਵਸਥਾ ਤਾਕਤ (ਸ਼ਕਤੀ) 'ਤੇ ਅਧਾਰਤ ਹੁੰਦੀ ਹੈ ਜ਼ਿੰਦਗੀ ਵਿਚ ਜਿਹੜੀਆਂ ਸਰੀਰਕ ਅਤੇ ਮਨੋਵਿਗਿਆਨਕ ਸਥਿਤੀਆਂ ਵਿਚੋਂ ਅਸੀਂ ਲੰਘਦੇ ਹਾਂ ਉਨ੍ਹਾਂ ਵਿਚ ਇਕ ਅਧਾਰ ਤਾਕਤ ਹੁੰਦੀ ਹੈ। ਉਨ੍ਹਾਂ ਦਾ ਰਸਾਇਣਕ ਆਧਾਰ ਵੀ ਹੁੰਦਾ ਹੈ। ਆਧੁਨਿਕ ਅੰਗਰੇਜ਼ੀ ਦਵਾਈਆਂ ਇਕ ਤਰ੍ਹਾਂ ਨਾਲ ਰਸਾਇਣ ਹਨ। ਸਾਡੇ ਸਰੀਰ ਵਿੱਚ ਕੋਈ ਸਮੱਸਿਆ ਆਈ ਤੇ ਉਸਦੇ ਇਲਾਜ ਵਜੋਂ ਅਸੀਂ ਕੋਈ ਦਵਾਈ ਲਈ ਭਾਵ, ਅਸੀਂ ਇਕ ਰਸਾਇਣ ਲੈ ਕੇ ਆਪਣੇ ਅੰਦਰ ਸੰਤੁਲਨ ਪੈਦਾ ਕਰਦੇ ਹਾਂ। ਜਦੋਂ ਅਸੀਂ ਕਿਸੇ ਪ੍ਰਭਾਵ ਨੂੰ ਘਟਾਉਣ ਜਾਂ ਵਧਾਉਣ ਲਈ ਕਿਸੇ ਰਸਾਇਣ ਦੀ ਵਰਤੋਂ ਕਰਦੇ ਹਾਂ, ਤਾਂ ਇਸਦਾ ਇਕ ਪਲਟਵਾਂ ਪ੍ਰਭਾਵ ਵੀ ਹੁੰਦਾ ਹੈ ਜਿਸ ਨੂੰ ਅਸੀਂ ਆਮ ਤੌਰ 'ਤੇ ਇਸ ਦੇ 'ਮਾੜੇ ਪ੍ਰਭਾਵ' (ਸਾਈਡ ਐਫਕਟ)ਕਹਿੰਦੇ ਹਾਂ। ਫਿਰ ਇਸ ਮਾੜੇ ਪ੍ਰਭਾਵ ਤੋਂ ਬਚਾਉਣ ਲਈ ਇਕ ਤੋੜ ਹੈ, ਫਿਰ ਉਸਦੇ ਤੋੜ ਲਈ ਇਕ ਹੋਰ ਤੋੜ, ਇਹ ਇਕ ਬੇਅੰਤ ਲੜੀ ਹੈ। ਜੋ ਵੀ ਸਾਡੇ ਸਰੀਰ ਵਿੱਚ ਰਸਾਇਣਕ ਪੱਧਰ 'ਤੇ ਹੋ ਰਿਹਾ ਹੈ, ਇਹ ਸਿਰਫ ਸਾਡੀ ਅੰਦਰੂਨੀ ਤਾਕਤ ਦੁਆਰਾ ਕੰਟਰੋਲ ਕੀਤਾ ਜਾ ਸਕਦਾ ਹੈ। ਇਸਦੇ ਲਈ, ਸਾਡੀ ਸ਼ਕਤੀ ਨੂੰ ਇੱਕ ਵਿਸ਼ੇਸ਼ ਢੰਗ ਨਾਲ ਕਾਰਜਸ਼ੀਲ ਕਰਨਾ ਪਵੇਗਾ। ਜੇ ਕਿਸੇ ਵਿਅਕਤੀ ਦੇ ਸਰੀਰ ਵਿਚ ਤੇਜ਼ਾਬ ਦੀ ਜ਼ਿਆਦਾ ਮਾਤਰਾ ਹੁੰਦੀ ਹੈ, ਤਾਂ ਅਸੀਂ ਉਸ ਨੂੰ ਖਾਰੀ ਮਾਤਰਾ ਵਾਲੀਆਂ ਦਵਾਈਆਂ ਦਿੰਦੇ ਹਾਂ। ਪਰ ਤੇਜ਼ਾਬ ਦੀ ਜ਼ਿਆਦਾ ਮਾਤਰਾ ਕਿਉਂ ਹੈ ? ਇਹ ਉਸ ਦੇ ਦਿਮਾਗ, ਸਰੀਰ ਅਤੇ ਮੁੱਖ ਤੌਰ ਤੇ ਉਸਦੀ ਸ਼ਕਤੀ ਦੇ ਕੰਮ ਕਰਨ ਦੇ ਢੰਗ ਕਾਰਨ ਹੋ ਸਕਦਾ ਹੈ ।

ਅਜੋਕੇ ਦੌਰ ਵਿਚ ਸ਼ਰੀਰਿਕ ਸਿਹਤ ਨਾਲੋਂ ਵੱਧ ਚਿੰਤਾ ਦਾ ਵਿਸ਼ਾ ਮਾਨਸਿਕ ਸਿਹਤ ਹੈ । ਮੇਰੇ ਇਕ ਦੋਸਤ ਦਾ 22 ਸਾਲਾ ਭਰਾ ਨਿਊਜ਼ੀਲੈਂਡ ਤੋਂ ਆਇਆ ਸੀ। ਉਸ ਨਾਲ ਗੱਲਾਂ ਕਰਨ 'ਤੇ ਪਤਾ ਲੱਗਿਆ ਕੇ ਉਸਨੂੰ ਮਾਨਸਿਕ-ਤਣਾਅ ਦੀ ਸਮੱਸਿਆ ਹੈ । ਵਧੇਰੇ ਗੱਲਬਾਤ ਤੋਂ ਇਹ ਪਤਾ ਲੱਗਾ ਕਿ ਨਿਊਜ਼ੀਲੈਂਡ ਵਿਚ 15 ਸਾਲ ਤੇ ਇਸ ਤੋਂ ਵੱਧ ਉਮਰ ਦੇ ਲਗਭਗ 50% ਨੌਜਵਾਨ ਇਸ ਬਿਮਾਰੀ ਨਾਲ ਪੀੜ੍ਹਤ ਹਨ । ਮਾਨਸਿਕ-ਤਣਾਅ ਦੀ ਸਮੱਸਿਆ ਦਾ ਨੌਜਵਾਨਾਂ ਵਿਚ ਐਨਾ ਪ੍ਰਭਾਵ ਦੇਖਕੇ ਹੈਰਾਨੀ ਦੇ ਨਾਲ-ਨਾਲ ਉਦਾਸੀ ਹੋਈ। ਮਾਨਸਿਕ ਸੰਤੁਲਨ ਨੂੰ ਬਰਕਰਾਰ ਰੱਖਣਾ ਸਾਡੇ ਲਈ ਸਭ ਤੋਂ ਵੱਡੀ ਚੁਣੌਤੀ ਹੈ। ਉਹ ਸਮਾਂ ਜਦੋਂ ਅਸੀਂ ਆਪਣੇ-ਆਪ ਨਾਲੋਂ ਵੱਧ ਖਿਆਲ ਆਪਣੀ ਨੌਕਰੀ, ਪੈਸੇ, ਰਸੂਕ, ਦਿਖਾਵਾ ਤੇ ਇੱਛਾਵਾਂ ਦਾ ਰੱਖਣ ਲੱਗ ਜਾਂਦੇ ਹਾਂ ਤਾਂ ਸਾਡੀ ਰਾਤ ਦੀ ਨੀਂਦ ਗਾਇਬ ਹੋਣ ਲੱਗ ਜਾਂਦੀ ਹੈ ਇਸੇ ਤੋਂ ਹੀ ਵੱਡੀ ਬਿਮਾਰੀ ਦੀ ਸ਼ੁਰੂਆਤ ਹੁੰਦੀ ਹੈ ।

ਵੱਡੇ ਸ਼ਹਿਰਾਂ ਵਿਚ ਦਿਨੋਂ-ਦਿਨ ਵੱਧ ਰਹੇ ਮਾਨਸਿਕ ਰੋਗ ਨਿਵਾਰਨ ਕੇਂਦਰ ਇਸ ਗੱਲ ਦਾ ਵੱਡਾ ਸਬੂਤ ਹਨ ਕਿ ਆਉਣ ਵਾਲੇ ਸਮੇਂ ਵਿਚ ਸ਼ਰੀਰਿਕ ਇਲਾਜ ਨਾਲੋਂ ਜਿਆਦਾ ਮਾਨਸਿਕ ਇਲਾਜ਼ ਕੇਂਦਰ ਦੀ ਲੋੜ ਹੋਵੇਗੀ । ਵੱਡੀਆਂ ਯੂਨੀਵਰਸਿਟੀਆਂ ਵਿਚ ਮਨੋਵਿਗਿਆਨ ਦੇ ਕੋਰਸਾਂ ਦੇ ਸਲੇਬਸ ਵੱਡੀਆਂ ਤਬਦੀਲੀਆਂ ਦੇ ਗਵਾਹ ਬਣਨਗੇ। । ਇਸ ਖੇਤਰ ਵਿਚ ਕਾਰਜਸ਼ੀਲ ਇਕ ਦੋਸਤ ਨਾਲ ਗੱਲਬਾਤ ਵਿਚ ਪਤਾ ਲਗਿਆ ਕੇ ਵਧੀਆ ਮਨੋਵਿਗਿਆਨੀ ਕੋਲ ਆਉਣ ਵਾਲੇ ਇੱਕ ਸਾਲ ਤੱਕ ਸਾਡੇ ਇਲਾਜ਼ ਸਮਾਂ ਨਹੀਂ ਹੈ।

ਹਾਲਾਂਕਿ, ਮਾਨਸਿਕ ਬਿਮਾਰੀ ਦਾ ਕੋਈ ਇਕ ਵਿਸ਼ੇਸ਼ ਕਾਰਨ ਨਹੀਂ ਦੱਸਿਆ ਜਾ ਸਕਦਾ, ਪਰ ਇਸ ਦੇ ਬਾਵਜੂਦ, ਮਨੁੱਖੀ ਮਨੋਵਿਗਿਆਨ 'ਤੇ ਕੀਤੇ ਗਏ ਬਹੁਤ ਸਾਰੇ ਅਧਿਐਨਾਂ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਮਾਨਸਿਕ ਰੋਗ ਦੇ ਕੁਝ ਮੁੱਖ ਕਾਰਨ ਹੋ ਸਕਦੇ ਹਨ । ਇਹ ਮੰਨਿਆ ਜਾਂਦਾ ਹੈ ਕਿ ਘਰੇਲੂ ਸਮੱਸਿਆਵਾਂ ਸਾਡੇ ਉਪਰ ਬਹੁਤ ਮਾਰੂ ਪ੍ਰਭਾਵ ਪਾਉਂਦੀਆਂ ਹਨ। ਹਰ ਰੋਜ਼ ਦੇ ਕਲੇਸ਼ ਦਾ ਕੁਝ ਪ੍ਰਭਾਵ ਜਿੱਥੇ ਸਾਰੇ ਪਰਿਵਾਰਿਕ ਮੈਂਬਰਾਂ ਉਤੇ ਪੈਂਦਾ ਹੈ ਉੱਥੇ ਘਰ ਵਿਚਲੇ ਬੱਚੇ ਇਸਦੀ ਚਪੇਟ ਵਿਚ ਆ ਜਾਂਦੇ ਹਨ ਤੇ ਉਹ ਸਮਾਂ ਪਾ ਕੇ ਮਾਨਸਿਕ ਤਣਾਵ ਦਾ ਸ਼ਿਕਾਰ ਹੋ ਜਾਂਦੇ ਹਨ। ਇਸ ਫਲਸਰੂਪ ਉਹ ਮਾਨਸਿਕ ਬਿਮਾਰੀ ਦਾ ਸ਼ਿਕਾਰ ਹੋ ਜਾਂਦੇ ਹਨ, ਜਿਸ ਦੇ ਇਲਾਜ਼ ਲਈ ਮਨੋਵਿਗਿਆਨਕ ਸਹਾਇਤਾ ਦੀ ਲੋੜ ਪੈਂਦੀ ਹੈ। ਜਦੋਂ ਵਿਅਕਤੀ ਦੇ ਸਿਰ 'ਤੇ ਸੱਟ ਲੱਗ ਜਾਂਦੀ ਹੈ ਤਾਂ ਮਾਨਸਿਕ ਬਿਮਾਰੀ ਦੀ ਸੰਭਾਵਨਾ ਬਹੁਤ ਜ਼ਿਆਦਾ ਹੁੰਦੀ ਹੈ। ਜੀਵਨ ਵਿਚ ਹੋਇਆਂ ਘਟਨਾਵਾਂ ਦਾ ਵੀ ਇਨਸਾਨ ਦੀ ਮਾਨਸਿਕ ਸਿਹਤ 'ਤੇ ਡੂੰਘਾ ਪ੍ਰਭਾਵ ਪੈਂਦਾ ਹੈ, ਛੋਟੇ ਬੱਚਿਆਂ ਦੇ ਹਾਲਤ ਵਿਚ ਇਸਦੇ ਹੋਰ ਵੀ ਗੰਭੀਰ ਪ੍ਰਭਾਵ ਪੈਂਦੇ ਹਨ। ਇੱਕ ਬੱਚੇ ਨਾਲ ਹੋਈ ਦੁਰਘਟਨਾ ਜਿਵੇਂ ਕਿ ਇੱਕ ਮਾਂ-ਪਿਓ ਦੀ ਮੌਤ, ਕਿਸੇ ਅਜ਼ੀਜ਼ ਦੀ ਮੌਤ, ਇੱਕ ਕਲਾਸ ਵਿੱਚ ਅਸਫਲਤਾ, ਆਦਿ ਦਾ ਪ੍ਰਭਾਵ ਬੱਚਿਆਂ ਦੇ ਦਿਮਾਗ 'ਤੇ ਕਾਫ਼ੀ ਡੂੰਘਾ ਹੁੰਦਾ ਹੈ ਤੇ ਅਕਸਰ ਉਹ ਮਾਨਸਿਕ ਬਿਮਾਰੀ ਦਾ ਸ਼ਿਕਾਰ ਹੋ ਜਾਂਦੇ ਹਨ। ਕੁਝ ਲੋਕ ਇਸ ਸੱਚ 'ਤੇ ਵੀ ਵਿਸ਼ਵਾਸ ਨਹੀਂ ਕਰਦੇ ਕਿ ਮਾਨਸਿਕ ਬਿਮਾਰੀ ਗੈਰ ਕੁਦਰਤੀ ਭੋਜਨ ਕਾਰਨ ਵੀ ਹੋ ਸਕਦੀ ਹੈ। ਜੇ ਕੋਈ ਮਨੁੱਖ ਜ਼ਿਆਦਾ ਮਾਤਰਾ ਵਿਚ ਨਸ਼ੀਲੇ ਪਦਾਰਥਾਂ ਦਾ ਸੇਵਨ ਕਰਦਾ ਹੈ, ਤਾਂ ਇਹ ਸਿਰਫ ਉਸ ਦੀ ਸਰੀਰਕ ਸਿਹਤ ਨੂੰ ਹੀ ਪ੍ਰਭਾਵਤ ਨਹੀਂ ਕਰਦਾ ਸਗੋਂ ਇਹ ਉਸਦੀ ਮਾਨਸਿਕ ਸਿਹਤ ਨੂੰ ਵੀ ਵਿਗਾੜਦਾ ਹੈ। ਨਤੀਜੇ ਵਜੋਂ, ਉਸਦਾ ਦਿਮਾਗ ਸਹੀ ਢੰਗ ਨਾਲ ਕੰਮ ਨਹੀਂ ਕਰ ਪਾਉਂਦਾ ਅਤੇ ਜਲਦੀ ਹੀ ਮਾਨਸਿਕ ਬਿਮਾਰੀ ਦਾ ਸ਼ਿਕਾਰ ਹੋ ਜਾਂਦਾ ਹੈ।

ਹਾਲਾਂਕਿ, ਮਾਨਸਿਕ ਬਿਮਾਰੀ ਕਾਰਨ ਲੋਕਾਂ ਨੂੰ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪਰ ਇਸਦੇ ਬਾਵਜੂਦ, ਇਹ ਰਾਹਤ ਦੀ ਗੱਲ ਹੈ ਕਿ ਜੇ ਲੋਕ ਆਪਣੀ ਸਿਹਤ ਵੱਲ ਧਿਆਨ ਦਿੰਦੇ ਹਨ, ਤਾਂ ਉਹ ਮਾਨਸਿਕ ਬਿਮਾਰੀ ਨੂੰ ਰੋਕ ਸਕਦੇ ਹਨ।

ਕੋਈ ਵੀ ਵਿਅਕਤੀ ਛੋਟੇ ਛੋਟੇ ਨੁਕਤਿਆਂ ਨੂੰ ਧਿਆਨ ਵਿਚ ਰੱਖਕੇ ਮਾਨਸਿਕ ਬਿਮਾਰੀ ਨੂੰ ਰੋਕਣ ਵਿੱਚ ਸਫਲ ਸਾਬਤ ਹੋ ਸਕਦਾ ਹੈ। ਜ਼ਿਆਦਾਤਰ ਲੋਕ ਚਾਹ ਨੂੰ ਪਸੰਦ ਕਰਦੇ ਹਨ ਅਤੇ ਉਹ ਚਾਹ ਪੀ ਕੇ ਸਵੇਰ ਦੀ ਸ਼ੁਰੂਆਤ ਕਰਦੇ ਹਨ। ਹਾਲਾਂਕਿ, ਡਾਕਟਰੀ ਅਧਿਐਨ ਦੱਸਦੇ ਹਨ ਕਿ ਕਿ ਬਹੁਤ ਜ਼ਿਆਦਾ ਚਾਹ ਪੀਣਾ ਸਿਹਤ ਲਈ ਨੁਕਸਾਨਦੇਹ ਹੈ। ਇਨ੍ਹਾਂ ਅਧਿਐਨਾਂ ਵਿਚ, ਚਾਹ ਦੀ ਬਜਾਏ ਕੌਫ਼ੀ ਜਾਂ ਗ੍ਰੀਨ-ਟੀ ਪੀਣ ਦੀ ਸਿਫਾਰਸ਼ ਕੀਤੀ ਜਾਂਦੀ ਹੈ ਕਿਉਂਕਿ ਉਹ ਚਾਹ ਨਾਲੋਂ ਸਿਹਤ ਲਈ ਘੱਟ ਨੁਕਸਾਨਦੇਹ ਹਨ। ਇਹ ਮਾਨਸਿਕ ਬਿਮਾਰੀ 'ਤੇ ਵੀ ਲਾਗੂ ਹੁੰਦਾ ਹੈ, ਜੇਕਰ ਕੋਈ ਵਿਅਕਤੀ ਚਾਹ ਦੀ ਬਜਾਏ ਗ੍ਰੀਨ ਟੀ ਜਾਂ ਕੌਫ਼ੀ ਦਾ ਸੇਵਨ ਕਰਦਾ ਹੈ, ਤਾਂ ਇਹ ਮਾਨਸਿਕ ਬਿਮਾਰੀ ਨੂੰ ਰੋਕਣ ਵਿਚ ਸਹਾਇਤਾ ਕਰਦਾ ਹੈ।

ਆਤਮ-ਵਿਸ਼ਵਾਸ਼ ਦਾ ਮਨੁੱਖੀ ਜੀਵਨ ਵਿਚ ਅਹਿਮ ਸਥਾਨ ਹੈ, ਸਾਰੇ ਲੋਕਾਂ ਲਈ ਆਤਮ-ਵਿਸ਼ਵਾਸ ਹੋਣਾ ਬਹੁਤ ਜ਼ਰੂਰੀ ਹੈ ਕਿਉਂਕਿ ਇਹ ਸਾਨੂੰ ਜ਼ਿੰਦਗੀ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨ ਦੀ ਤਾਕਤ ਦਿੰਦਾ ਹੈ। ਇਸ ਤੋਂ ਇਲਾਵਾ, ਜਿੱਥੋਂ ਤੱਕ ਮਾਨਸਿਕ ਬਿਮਾਰੀ ਦਾ ਸੰਬੰਧ ਹੈ, ਤਾਂ ਆਤਮ-ਵਿਸ਼ਵਾਸ ਨਾਲ ਭਰਪੂਰ ਵਿਅਕਤੀ ਨੂੰ ਮਾਨਸਿਕ ਬਿਮਾਰੀ ਹੋਣ ਦੀ ਸੰਭਾਵਨਾ ਬਹੁਤ ਘੱਟ ਹੁੰਦੀ ਹੈ।

ਮਨੁੱਖੀ ਸਰੀਰ ਨੂੰ ਨੌਂ-ਬਰ-ਨੌਂ ਰੱਖਣ ਵਿਚ ਨੀਂਦ ਦਾ ਅਹਿਮ ਰੋਲ ਅਦਾ ਕਰਦੀ ਹੈ, ਅਸੀਂ ਸਾਰੇ ਜਾਣਦੇ ਹਾਂ ਕਿ ਹਰ ਵਿਅਕਤੀ ਲਈ ਪੂਰੀ ਨੀਂਦ ਲੈਣਾ (6-8 ਘੰਟੇ) ਕਿੰਨਾ ਮਹੱਤਵਪੂਰਣ ਹੈ। ਘੱਟ ਸੌਣਾ ਕਿਸੇ ਵੀ ਵਿਅਕਤੀ ਲਈ ਨੁਕਸਾਨਦੇਹ ਸਿੱਧ ਹੋ ਸਕਦਾ ਹੈ ਅਤੇ ਇਹ ਉਨ੍ਹਾਂ ਨੂੰ ਬਿਮਾਰ ਵੀ ਕਰ ਸਕਦਾ ਹੈ। ਇਸ ਕਾਰਨ ਕਰਕੇ, ਜੇ ਅਸੀਂ ਮਾਨਸਿਕ ਬਿਮਾਰੀ ਤੋਂ ਬਚਣਾ ਚਾਹੁੰਦੇ ਹਾਂ ਤਾਂ ਸਾਨੂੰ ਪੂਰੀ ਨੀਂਦ ਲੈਣੀ ਚਾਹੀਦੀ ਹੈ। ਦੋਸਤਾਂ ਦਾ ਸਾਡੇ ਸਾਰਿਆਂ ਦੇ ਜੀਵਨ ਵਿੱਚ ਇੱਕ ਬਹੁਤ ਖਾਸ ਸਥਾਨ ਹੁੰਦਾ ਹੈ, ਉਹ ਖੁਸ਼ਹਾਲੀ ਦੇ ਨਾਲ ਨਾਲ ਦੁੱਖ ਵਿੱਚ ਵੀ ਸਾਡੀ ਸਹਾਇਤਾ ਕਰਦੇ ਹਨ। ਇਸ ਕਾਰਨ ਕਰਕੇ, ਜ਼ਿਆਦਾਤਰ ਮਨੋਵਿਗਿਆਨੀ ਮਾਨਸਿਕ ਬਿਮਾਰੀ ਵਾਲੇ ਲੋਕਾਂ ਨੂੰ ਦੋਸਤਾਂ ਨਾਲ ਵੱਧ ਤੋਂ ਵੱਧ ਸਮਾਂ ਬਿਤਾਉਣ ਦੀ ਸਿਫਾਰਸ਼ ਕਰਦੇ ਹਨ, ਤਾਂ ਜੋ ਉਹ ਮਾਨਸਿਕ ਬਿਮਾਰੀ ਤੋਂ ਬਾਹਰ ਆ ਸਕਣ।

ਅੱਜਕਲ ਦੇ ਰੁਝੇਂਵਿਆਂ ਭਰੇ ਅਕਾਊ ਜੀਵਨ ਵਿਚ ਮਨੁੱਖ ਨੂੰ ਹੱਸਣ ਲਈ ਬਿਲਕੁਲ ਵੀ ਸਮਾਂ ਨਹੀਂ ਰਿਹਾ ਇਸੇ ਕਰਕੇ ਲਾਫਟਰ ਥੈਰੇਪੀ ਅਜੋਕੇ ਦੌਰ ਵਿੱਚ ਬਹੁਤ ਮਸ਼ਹੂਰ ਹੋ ਰਹੀ ਹੈ। ਕਿਉਂਕਿ ਹਾਸੇ ਨੂੰ ਬਹੁਤ ਤੰਦਰੁਸਤ ਮੰਨਿਆ ਜਾਂਦਾ ਹੈ, ਜਿਸ ਨਾਲ ਵਿਅਕਤੀ ਵਿਚ ਸਕਾਰਾਤਮਕ ਸ਼ਕਤੀ ਆਉਂਦੀ ਹੈ, ਮਾਹਰ ਲੋਕਾਂ ਨੂੰ ਹਾਸੇ ਦੀ ਥੈਰੇਪੀ ਕਰਨ ਦੀ ਸਿਫਾਰਸ਼ ਕਰਦੇ ਹਨ। ਇਸ ਲਈ ਮਾਨਸਿਕ ਬਿਮਾਰੀ ਦੀ ਰੋਕਥਾਮ ਵਿਚ ਲਾਫ਼ਟਰ ਥੈਰੇਪੀ ਇਕ ਲਾਭਕਾਰੀ ਉਪਾਅ ਸਾਬਤ ਹੋ ਸਕਦੀ ਹੈ।

ਮੌਜੂਦਾ ਸਮੇਂ ਭਾਰਤ ਵੀ ਮਾਨਸਿਕ ਬਿਮਾਰੀ ਦੀ ਚਪੇਟ ਵਿਚ ਆ ਰਿਹਾ ਹੈ ਇਸਦੇ ਵਧਣ ਦਾ ਅੰਦਾਜ਼ਾ ਅਰਥ-ਸ਼ਾਸਤਰ ਟਾਈਮਜ਼ ਵਿਚ ਪ੍ਰਕਾਸ਼ਤ ਰਿਪੋਰਟ ਤੋਂ ਲਗਾਇਆ ਜਾ ਸਕਦਾ ਹੈ। ਇਸ ਰਿਪੋਰਟ ਦੇ ਅਨੁਸਾਰ, ਭਾਰਤ ਵਿਚ 7.5 ਪ੍ਰਤੀਸ਼ਤ ਲੋਕ ਕਿਸੇ ਨਾ ਕਿਸੇ ਰੂਪ ਵਿਚ ਮਾਨਸਿਕ ਬਿਮਾਰੀ ਨਾਲ ਜੂਝ ਰਹੇ ਹਨ ਜਦੋਂਕਿ ਦੇਸ਼ ਵਿਚ ਸਿਰਫ 4,000 ਮਨੋਵਿਗਿਆਨੀ ਮੌਜੂਦ ਹਨ। ਇਹ ਅੰਕੜੇ ਮਾਨਸਿਕ ਬਿਮਾਰੀ ਦੀ ਗੰਭੀਰ ਸਥਿਤੀ ਬਾਰੇ ਦੱਸਣ ਲਈ ਕਾਫ਼ੀ ਹਨ, ਪਰ ਇਹ ਬਹੁਤ ਮੰਦਭਾਗਾ ਹੈ ਕਿ ਲੋਕਾਂ ਨੂੰ ਮਾਨਸਿਕ ਬਿਮਾਰੀ ਬਾਰੇ ਬਹੁਤ ਘੱਟ ਜਾਣਕਾਰੀ ਹੈ।

ਅੰਤ ਵਿਚ ਅਸੀਂ ਆਸ ਕਰਦੇ ਹਾਂ ਕਿ ਅਸੀਂ ਸਾਰੇ ਆਪਣੀ ਰੁਝੇਵਿਆਂ ਭਰੀ ਜ਼ਿੰਦਗੀ ਵਿਚੋਂ ਆਪਣੇ-ਆਪ ਲਈ ਸਮਾਂ ਕੱਢਾਂਗੇ। ਜਿਵੇਂ ਅਸੀਂ ਆਪਣੇ ਰੁਤਬੇ, ਨੌਕਰੀ, ਪੈਸੇ, ਸੁਪਨੇ ਤੇ ਰੀਝਾਂ ਦਾ ਖਿਆਲ ਰੱਖਦੇ ਹਾਂ, ਉਸੇ ਤਰ੍ਹਾਂ ਹੀ ਅਸੀਂ ਆਪਣੀ ਸਰੀਰਿਕ ਤੇ ਖਾਸ ਤੌਰ 'ਤੇ ਮਾਨਸਿਕ ਸਿਹਤ ਦਾ ਖਿਆਲ ਰੱਖਾਂਗੇ। ਸਿਹਤਮੰਦ ਸਮਾਜ ਦੀ ਸਿਰਜਣਾ ਕਰਨ ਵਿਚ ਆਪਣਾ ਬਣਦਾ ਯੋਗਦਾਨ ਪਾਵਾਂਗੇ।

**ਸਿਕੰਦਰ ਸਿੰਘ ਸਿੱਧੂ (ਡਾ.)**

93554704273



# ਟਰੰਪ ਲਈ 2025 ਦੀ ਨਾਮਜ਼ਦਗੀ ਦੀ ਆਖਰੀ ਮਿਤੀ ਤੋਂ ਬਾਅਦ ਪ੍ਰਾਪਤ ਨਾਮਜ਼ਦਗੀਆਂ ’ਤੇ ਅਗਲੇ ਸਾਲ, 2026 ਲਈ ਵਿਚਾਰ ਕੀਤੇ ਜਾਣ ਦੀ ਸੰਭਾਵਨਾ ਹੈ

ਹਰ ਸਾਲ ਵਾਂਗ, ਵਿਸ਼ਵ ਪੱਧਰ ’ਤੇ ਸਭ ਤੋਂ ਵੱਕਾਰੀ ਨੋਬਲ ਪੁਰਸਕਾਰਾਂ ਦੀ ਘੋਸ਼ਣਾ 2025 ਵਿੱਚ 6-13 ਅਕਤੂਬਰ ਤੱਕ ÷ਨੋਬਲ ਹਫ਼ਤੇ÷ ਦੌਰਾਨ ਕੀਤੀ ਜਾ ਰਹੀ ਹੈ, ਜਿਸ ਵਿੱਚ ਦੁਨੀਆ ਦਾ ਧਿਆਨ, ਖਾਸ ਕਰਕੇ ਨੋਬਲ ਸ਼ਾਂਤੀ ਪੁਰਸਕਾਰ ’ਤੇ ਕੇਂਦ੍ਰਿਤ ਹੈ। ਦਵਾਈ ਤੋਂ ਸ਼ੁਰੂ ਕਰਕੇ, ਫਿਰ ਭੌਤਿਕ ਵਿਗਿਆਨ, ਰਸਾਇਣ ਵਿਗਿਆਨ, ਸਾਹਿਤ, ਸ਼ਾਂਤੀ ਅਤੇ ਅੰਤ ਵਿੱਚ ਅਰਥ ਸ਼ਾਸਤਰ, ਸੋਮਵਾਰ, 6 ਅਕਤੂਬਰ, 2025 ਨੂੰ, ਨੋਬਲ ਕਮੇਟੀ ਨੇ ਦਵਾਈ ਜਾਂ ਜੀਵ ਵਿਗਿਆਨ ਲਈ ਨੋਬਲ ਪੁਰਸਕਾਰ ਦਾ ਐਲਾਨ ਕੀਤਾ। ਇਹ ਐਲਾਨ ਆਮ ਤੌਰ ’ਤੇ ਸਟਾਕਹੋਮ ਵਿੱਚ ਇੱਕ ਪ੍ਰੈਸ ਕਾਨਫਰੰਸ ਵਿੱਚ ਕੀਤਾ ਜਾਂਦਾ ਹੈ ਅਤੇ ਇਸਦਾ ਸਿੱਧਾ ਪ੍ਰਸਾਰਣ ਕੀਤਾ ਜਾਂਦਾ ਹੈ। ਪਹਿਲਾ ਦਿਨ ਹੋਣ ਕਰਕੇ, ਵਿਗਿਆਨਕ ਅਤੇ ਸਿਹਤ ਹਲਕਿਆਂ ਵਿੱਚ ਬਹੁਤ ਉਤਸ਼ਾਹ ਹੁੰਦਾ ਹੈ, ਅਤੇ ਇਹ ਨੋਬਲ ਹਫ਼ਤੇ ਦੀ ਸ਼ੁਰੂਆਤ ਨੂੰ ਦਰਸਾਉਂਦਾ ਹੈ। ਅਗਲੇ ਦਿਨ, ਮੰਗਲਵਾਰ, 7 ਅਕਤੂਬਰ, 2025 ਨੂੰ, ਭੌਤਿਕ ਵਿਗਿਆਨ ਪੁਰਸਕਾਰ ਦਾ ਐਲਾਨ ਕੀਤਾ ਜਾਂਦਾ ਹੈ। ਹਫ਼ਤੇ ਦੇ ਦੂਜੇ ਦਿਨ ਭੌਤਿਕ ਵਿਗਿਆਨ ਪੁਰਸਕਾਰ ਦਾ ਐਲਾਨ ਕਰਨਾ ਰਵਾਇਤੀ ਹੈ। ਬੁੱਧਵਾਰ, 8 ਅਕਤੂਬਰ, 2025 ਨੂੰ, ਰਸਾਇਣ ਵਿਗਿਆਨ ਪੁਰਸਕਾਰ; 9 ਅਕਤੂਬਰ, 2025 ਨੂੰ, ਸਾਹਿਤ ਪੁਰਸਕਾਰ ਦਾ ਐਲਾਨ ਕੀਤਾ ਜਾਂਦਾ ਹੈ। ਇਹ ਸਾਹਿਤਕ ਜਗਤ, ਲੇਖਕਾਂ, ਕਵੀਆਂ, ਆਲੋਚਕਾਂ ਅਤੇ ਸਾਹਿਤ ਪ੍ਰੇਮੀਆਂ ਲਈ ਜਸ਼ਨ ਦਾ ਦਿਨ ਹੈ। ਜੇਤੂ ਲੇਖਕ ਦੀਆਂ ਪਿਛਲੀਆਂ ਰਚਨਾਵਾਂ, ਵਿਸ਼ਿਆਂ, ਉਨ੍ਹਾਂ ਦੇ ਵਿਸ਼ਵਵਿਆਪੀ ਪ੍ਰਭਾਵ ਅਤੇ ਭਾਸ਼ਾ ਸੰਘਰਸ਼ਾਂ ਬਾਰੇ ਚਰਚਾ ਕੀਤੀ ਜਾਂਦੀ ਹੈ। ਆਮ ਤੌਰ ’ਤੇ, ਜੇਤੂ ਪਹਿਲਾਂ ਤੋਂ ਅਣਜਾਣ ਹੁੰਦਾ ਹੈ, ਭਾਵ ਲੇਖਕ ਨੂੰ ਅਚਾਨਕ ਇਹ ਖ਼ਬਰ ਬਹੁਤ ਹੈਰਾਨੀ ਨਾਲ ਮਿਲਦੀ ਹੈ। ਮੀਡੀਆ ਅਤੇ ਸਾਹਿਤਕ ਹਲਕੇ ਤੁਰੰਤ ਪ੍ਰਤੀਕਿਰਿਆ ਦਿੰਦੇ ਹਨ, ਪੁੱਛਦੇ ਹਨ, ÷ਕੀ ਇਹ ਸਹੀ ਚੋਣ ਹੈ ?÷,÷ਇਸਦਾ ਸਾਹਿਤਕ ਜਗਤ ’ਤੇ ਕੀ ਪ੍ਰਭਾਵ ਪਵੇਗਾ ?÷,÷ਇਸ ਤੋਂ ਬਾਅਦ ਲੇਖਕ ਦੀਆਂ ਕਿਤਾਬਾਂ ਦਾ ਕਿਹੜੀਆਂ ਭਾਸ਼ਾਵਾਂ ਵਿੱਚ ਅਨੁਵਾਦ ਕੀਤਾ ਜਾਵੇਗਾ ?÷ ਇਸ ਤਰ੍ਹਾਂ ਦੇ ਸਵਾਲ ਉੱਠਦੇ ਹਨ। ਸ਼ੁੱਕਰਵਾਰ, 10 ਅਕਤੂਬਰ, 2025 ਸ਼ਾਂਤੀ ਪੁਰਸਕਾਰ ਦਾ ਐਲਾਨ। ਇਹ ਪੁਰਸਕਾਰ ਨਾਰਵੇਈ ਨੋਬਲ ਕਮੇਟੀ ਦੁਆਰਾ ਦਿੱਤਾ ਜਾਂਦਾ ਹੈ, ਜਿਸ ਵਿੱਚ ਨਾਰਵੇਈ ਸੰਸਦ ਦੁਆਰਾ ਨਾਮਜ਼ਦ ਕੀਤੇ ਗਏ ਮੈਂਬਰ ਹੁੰਦੇ ਹਨ। ਦੁਨੀਆ ਇਸ ਦਿਨ ਨੂੰ ਧਿਆਨ ਨਾਲ ਦੇਖਦੀ ਹੈ, ਕਿਉਂਕਿ ਸ਼ਾਂਤੀ ਪੁਰਸਕਾਰ ਦਾ ਬਹੁਤ ਰਾਜਨੀਤਿਕ ਅਤੇ ਸਮਾਜਿਕ ਮਹੱਤਵ ਹੁੰਦਾ ਹੈ। ਜਿਵੇਂ ਹੀ ਜੇਤੂ ਜਾਂ ਜੇਤੂਆਂ ਦਾ ਐਲਾਨ ਕੀਤਾ ਜਾਂਦਾ ਹੈ, ਗਲੋਬਲ ਮੀਡੀਆ, ਸਰਕਾਰਾਂ, ਸਮਾਜਿਕ ਨਿਆਂ ਅਤੇ ਮਨੁੱਖੀ ਅਧਿਕਾਰ ਸੰਗਠਨ ਪ੍ਰਤੀਕਿਰਿਆ ਦਿੰਦੇ ਹਨ। ਜੇਤੂ ਨੂੰ ਉਨ੍ਹਾਂ ਦੇ ਸ਼ਾਂਤੀ ਨਾਲ ਸਬੰਧਤ ਯੋਗਦਾਨਾਂ ਦੇ ਆਧਾਰ ’ਤੇ ਆਲੋਚਨਾ ਜਾਂ ਸਮਰਥਨ ਮਿਲਦਾ ਹੈ। ਇਸ ਦਿਨ ਅਕਸਰ ਵਿਵਾਦ ਪੈਦਾ ਹੁੰਦਾ ਹੈ, ਇਸ ਬਾਰੇ ਕਿ ਕੀ ਚੋਣ ਨਿਰਪੱਖ ਹੈ, ਕੀ ਜੇਤੂ ਨੇ ਸੱਚਮੁੱਚ ਸ਼ਾਂਤੀ ਵਿੱਚ ਯੋਗਦਾਨ ਪਾਇਆ ਹੈ, ਆਦਿ। ਬਾਅਦ ਵਿੱਚ (ਦਸੰਬਰ ਵਿੱਚ), ਜੇਤੂ ਨੂੰ ਓਸਲੋ ਵਿੱਚ ਸ਼ਾਂਤੀ ਪੁਰਸਕਾਰ ਸਮਾਰੋਹ ਅਤੇ ਸੰਬੰਧਿਤ ਸਮਾਗਮਾਂ (ਜਿਵੇਂ ਕਿ ਸੰਵਾਦ ਅਤੇ ਭਾਸ਼ਣ) ਪ੍ਰਾਪਤ ਹੁੰਦੇ ਹਨ। ਮੈਂ, ਐਡਵੋਕੇਟ ਕਿਸ਼ਨ ਸੰਮੁਖਦਾਸ ਭਵਨਾਨੀ, ਗੋਂਡੀਆ, ਮਹਾਰਾਸ਼ਟਰ, ਦਾ ਮੰਨਣਾ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਕਈ ਦਿਨਾਂ ਤੋਂ ਸ਼ਾਂਤੀ ਪੁਰਸਕਾਰ ਪ੍ਰਾਪਤ ਕਰਨ ਦਾ ਸ਼ੱਕ ਹੈ, ਹਾਲਾਂਕਿ ਉਸਨੇ ਖੁਦ ਮੰਨਿਆ ਹੈ ਕਿ ਉਸਨੂੰ ਨੋਬਲ ਸ਼ਾਂਤੀ ਪੁਰਸਕਾਰ ਨਹੀਂ ਦਿੱਤਾ ਜਾਵੇਗਾ। ਦਰਅਸਲ, ਬਹੁਤ ਸਾਰੀਆਂ ਨਾਮਜ਼ਦਗੀਆਂ ਸਮਾਂ ਸੀਮਾ ਤੋਂ ਬਾਅਦ ਜਮ ?ਹਾਂ ਕਰਵਾਈਆਂ ਗਈਆਂ ਹਨ। ਮੀਡੀਆ ਰਿਪੋਰਟਾਂ ਦੇ ਅਨੁਸਾਰ, ਉਹ ਇੱਕ ਵਿਵਾਦਪੂਰਨ, ਸਦੀਵੀ ਵਿਵਾਦਪੂਰਨ ਅਤੇ ਪ੍ਰਭਾਵਸ਼ਾਲੀ ਰਾਜਨੀਤਿਕ ਸ਼ਖਸੀਅਤ ਹੈ ਜੋ ਲੰਬੇ ਸਮੇਂ ਤੋਂ ਨੋਬਲ ਸ਼ਾਂਤੀ ਪੁਰਸਕਾਰ ਪ੍ਰਾਪਤ ਕਰਨ ਦੀ ਇੱਛਾ ਰੱਖਦਾ ਹੈ, ਜਾਂ ਘੱਟੋ ਘੱਟ ਇਸਦੇ ਲਈ ਨਾਮਜ਼ਦ ਹੋਣ ਦੀ ਇੱਛਾ ਰੱਖਦਾ ਹੈ। ਇਸ ਭਾਗ ਵਿੱਚ, ਮੈਂ ਇਸ ਸੁਪਨੇ ਦੀ ਵਿਵਹਾਰਕਤਾ, ਉਸਦੀ ਰਣਨੀਤੀ, ਚੁਣੌਤੀਆਂ ਅਤੇ ਸਮਾਜਿਕ-ਰਾਜਨੀਤਿਕ ਮੁੱਦਿਆਂ ’ਤੇ ਇਸਦੇ ਪ੍ਰਭਾਵ ਨੂੰ ਸਮਝਣ ਦੀ ਕੋਸ਼ਿਸ਼ ਕਰਾਂਗਾ। ਸੋਮਵਾਰ, 13 ਅਕਤੂਬਰ, 2025 ਨੂੰ, ਅਰਥ ਸ਼ਾਸਤਰ ਪੁਰਸਕਾਰ ਦਾ ਐਲਾਨ ਕੀਤਾ ਜਾਵੇਗਾ। ਇਸ ਐਲਾਨ ਤੋਂ ਬਾਅਦ, ਜੇਤੂਆਂ ਨੂੰ ਦਸੰਬਰ ਵਿੱਚ ਸਟਾਕਹੋਮ ਵਿੱਚ ਇੱਕ ਸਮਾਰੋਹ ਵਿੱਚ ਸੱਦਾ ਦਿੱਤਾ ਜਾਵੇਗਾ। ਇਹ ਨੋਬਲ ਹਫ਼ਤੇ ਦੀ ਸਮਾਪਤੀ ਕਰਦਾ ਹੈ, ਜਿਸ ਵਿੱਚ ਅਗਲੇ ਮਹੀਨਿਆਂ ਲਈ ਪੁਰਸਕਾਰ, ਭਾਸ਼ਣ ਅਤੇ ਸਮਾਰੋਹ ਤਹਿ ਕੀਤੇ ਜਾਂਦੇ ਹਨ। ਨੋਬਲ ਪੁਰਸਕਾਰ ਸਮਾਰੋਹ 10 ਦਸੰਬਰ ਨੂੰ ਅਲਫ ?ਰੇਡ ਨੋਬਲ ਦੀ ਮੌਤ ਦੀ ਵਰ੍ਹੇਗੰਢ ’ਤੇ ਹੁੰਦਾ ਹੈ। ਸ਼ਾਂਤੀ ਪੁਰਸਕਾਰ ਜੇਤੂ ਦਾ ਸਮਾਰੋਹ ਓਸਲੋ, ਨਾਰਵੇ ਵਿੱਚ ਹੁੰਦਾ ਹੈ, ਜਦੋਂ ਕਿ ਹੋਰ ਇਨਾਮ (ਦਵਾਈ, ਭੌਤਿਕ ਵਿਗਿਆਨ, ਰਸਾਇਣ ਵਿਗਿਆਨ, ਸਾਹਿਤ ਅਤੇ ਅਰਥ ਸ਼ਾਸਤਰ) ਸਟਾਕਹੋਮ, ਸਵੀਡਨ ਵਿੱਚ ਦਿੱਤੇ ਜਾਂਦੇ ਹਨ। ਜੇਤੂ ਨੂੰ ਇੱਕ ਸੋਨੇ ਦਾ ਤਗਮਾ, ਇੱਕ ਸਰਟੀਫਿਕੇਟ ਅਤੇ ਇੱਕ ਰਕਮ ਮਿਲਦੀ ਹੈ। ਇਨਾਮ ਦੀ ਰਕਮ ਸਮੇਂ-ਸਮੇਂ ’ਤੇ ਵੱਖ-ਵੱਖ ਹੁੰਦੀ ਹੈ।

ਨਿਊਯਾਰਕ
ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਵਕੀਲ ਕਿਸ਼ਨ ਸੰਮੁਖਦਾਸ ਭਵਨਾਨੀ
ਗੋਂਡੀਆ 9226229318

ਦੋਸਤੋ, ਜੇਕਰ ਅਸੀਂ ਉਸ ਇਨਾਮ ਬਾਰੇ ਗੱਲ ਕਰੀਏ ਜਿਸ ’ਤੇ ਦੁਨੀਆ ਨਜ਼ਰ ਰੱਖ ਰਹੀ ਹੈ, ਤਾਂ ਨੋਬਲ ਸ਼ਾਂਤੀ ਪੁਰਸਕਾਰ: ਕੀ ਟਰੰਪ ਨੂੰ ਇਹ ਪ੍ਰਾਪਤ ਹੋਣ ਦੀ ਸੰਭਾਵਨਾ ਹੈ ? ਸਿੱਧੇ ਸ਼ਬਦਾਂ ਵਿੱਚ ਕਹੀਏ ਤਾਂ, ਰਾਜਨੀਤੀ, ਮਨੁੱਖੀ ਅਧਿਕਾਰਾਂ ਅਤੇ ਟਕਰਾਅ ਦੇ ਹੱਲ ਦੇ ਮਾਮਲੇ ਵਿੱਚ ਨੋਬਲ ਸ਼ਾਂਤੀ ਪੁਰਸਕਾਰ ਨੂੰ ਦੁਨੀਆ ਭਰ ਵਿੱਚ ਬਹੁਤ ਸੰਵੇਦਨਸ਼ੀਲ ਅਤੇ ਵਿਵਾਦਪੂਰਨ ਮੰਨਿਆ ਜਾਂਦਾ ਹੈ। ਜਦੋਂ ਕਿਸੇ ਸਰਗਰਮ ਰਾਜਨੀਤਿਕ ਨੇਤਾ (ਜਿਵੇਂ ਕਿ ਟਰੰਪ) ਨੂੰ ਸੰਭਾਵੀ ਜੇਤੂ ਵਜੋਂ ਪੇਸ਼ ਕੀਤਾ ਜਾਂਦਾ ਹੈ ਜਾਂ ਮੰਨਿਆ ਜਾਂਦਾ ਹੈ, ਤਾਂ ਦੁਨੀਆ ਦਾ ਧਿਆਨ ਉਸ ’ਤੇ ਕੇਂਦਰਿਤ ਹੁੰਦਾ ਹੈ, ਜਿਸ ਵਿੱਚ ਆਲੋਚਨਾ, ਸਮਰਥਨ ਅਤੇ ਰਾਜਨੀਤਿਕ ਚਾਲਾਂ ਸਭ ਇੱਕੋ ਸਮੇਂ ਹੁੰਦੀਆਂ ਹਨ।

ਦੋਸਤੋ, ਜੇਕਰ ਅਸੀਂ ਟਰੰਪ ਨੂੰ ਨੋਬਲ ਸ਼ਾਂਤੀ ਪੁਰਸਕਾਰ ਪ੍ਰਾਪਤ ਕਰਨ ਦੀਆਂ ਸੰਭਾਵਨਾਵਾਂ, ਉਮੀਦਾਂ ਅਤੇ ਚੁਣੌਤੀਆਂ ’ਤੇ ਵਿਚਾਰ ਕਰੀਏ, ਤਾਂ ਇੱਥੇ ਹੇਠ ਲਿਖੇ ਅਨੁਸਾਰ ਹਨ:ਸਹਾਇਕ ਦਲੀਲਾਂ: (1) ਵਿਚੋਲਗੀ ਅਤੇ ਟਕਰਾਅ ਦਾ ਹੱਲ - ਟਰੰਪ ਦੇ ਸਮਰਥਕ ਦਲੀਲ ਦਿੰਦੇ ਹਨ ਕਿ ਉਸਨੇ ਮੱਧ ਪੂਰਬ, ਭਾਰਤ-ਪਾਕਿਸਤਾਨ, ਇਜ਼ਰਾਈਲ-ਈਰਾਨ ਅਤੇ ਹੋਰ ਖੇਤਰਾਂ ਵਿੱਚ ਕੂਟਨੀਤਕ ਅਤੇ ਵਿਚੋਲਗੀ ਪਹਿਲਕਦਮੀਆਂ ਕੀਤੀਆਂ ਹਨ, ਜੋ ਉਸਨੂੰ ਇੱਕ ਸ਼ਾਂਤੀ ਨਿਰਮਾਤਾ ਵਜੋਂ ਪੇਸ਼ ਕਰਦੇ ਹਨ। ਉਦਾਹਰਣ ਵਜੋਂ, ਪਾਕਿਸਤਾਨੀ ਸਰਕਾਰ ਨੇ ਭਾਰਤ-ਪਾਕਿਸਤਾਨ ਟਕਰਾਅ ਵਿੱਚ ਉਸਦੇ ਦਖਲ ਅਤੇ ਸ਼ਾਂਤੀ ਲਈ ਉਸਦੇ ਪ੍ਰਸਤਾਵ ਦੇ ਅਧਾਰ ਤੇ ਟਰੰਪ ਦੀ ਨਾਮਜ਼ਦਗੀ ਦੀ ਮੰਗ ਕੀਤੀ ਹੈ। ਇਸ ਤੋਂ ਇਲਾਵਾ, ਸਮਰਥਕਾਂ ਦੁਆਰਾ ਮੱਧ ਪੂਰਬ ਵਿੱਚ ਟਰੰਪ ਦੀ ਭੂਮਿਕਾ ਅਤੇ ਅਬਰਾਹਿਮ ਸਮਝੌਤੇ ਵਰਗੀਆਂ ਕੂਟਨੀਤਕ ਪਹਿਲਕਦਮੀਆਂ ਨੂੰ ਉਜਾਗਰ ਕੀਤਾ ਗਿਆ ਹੈ।(2) ਨਾਮਜ਼ਦਗੀ ਅਤੇ ਸੱਟੇਬਾਜ਼ੀ ਬਾਜ਼ਾਰ ਸੰਕੇਤ - ਟਰੰਪ ਨੂੰ ਪਹਿਲਾਂ (2018, 2020 ਅਤੇ 2021 ਵਿੱਚ) ਨੋਬਲ ਸ਼ਾਂਤੀ ਪੁਰਸਕਾਰ ਲਈ ਨਾਮਜ਼ਦ ਕੀਤਾ ਗਿਆ ਹੈ। 2025 ਲਈ ਸੱਟੇਬਾਜ਼ੀ ਬਾਜ਼ਾਰਾਂ ਵਿੱਚ ਉਸਨੂੰ ਜੇਤੂ ਸੂਚੀ ਵਿੱਚ ਰੱਖਿਆ ਗਿਆ ਹੈ; ਉਦਾਹਰਣ ਵਜੋਂ, ਕੁਝ ਬਾਜ਼ਾਰਾਂ ਵਿੱਚ ਉਸਦੀ ਸੰਭਾਵਨਾ ਲਗਭਗ 13.3% ਹੈ। ਅਜਿਹੇ ਬਾਜ਼ਾਰ ਸੰਕੇਤ ਆਲੋਚਕਾਂ ਅਤੇ ਸਮਰਥਕਾਂ ਦੋਵਾਂ ਲਈ ਦਿਲਚਸਪ ਵਿਸ਼ੇ ਹਨ। (3) ਰਾਜਨੀਤੀ ਅਤੇ ਪ੍ਰਤਿਸ਼ਠਾ - ਟਰੰਪ ਇੱਕ ਬਹੁਤ ਪ੍ਰਭਾਵਸ਼ਾਲੀ ਵਿਸ਼ਵਵਿਆਪੀ ਨੇਤਾ ਹਨ। ਜੇਕਰ ਉਨ੍ਹਾਂ ਨੂੰ ਸ਼ਾਂਤੀ ਪੁਰਸਕਾਰ ਮਿਲਦਾ ਹੈ, ਤਾਂ ਇਹ ਉਨ੍ਹਾਂ ਦੀ ਰਾਜਨੀਤਿਕ ਸਥਿਤੀ ਨੂੰ ਹੋਰ ਮਜ਼ਬੂਤ ? ?ਕਰੇਗਾ। ਉਹ ਖੁਦ ਅਕਸਰ ਪੁਰਸਕਾਰ ਵੱਲ ਆਕਰਸ਼ਿਤ ਦਿਖਾਈ ਦਿੰਦੇ ਹਨ - ਉਨ੍ਹਾਂ ਦੀਆਂ ਟਿੱਪਣੀਆਂ ਅਤੇ ਦਾਅਵਿਆਂ ਨੂੰ ਮੀਡੀਆ ਵਿੱਚ ਦੇਖਿਆ ਜਾਂਦਾ ਹੈ।ਉਨ੍ਹਾਂ ਦਾ ਮੰਨਣਾ ਹੈ ਕਿ ਉਨ੍ਹਾਂ ਦੇ ਅੰਤਰਰਾਸ਼ਟਰੀ ਯਤਨਾਂ ਨੂੰ ਅਜੇ ਤੱਕ ਉਚਿਤ ਸਤਿਕਾਰ ਨਹੀਂ ਮਿਲਿਆ ਹੈ। ਰੁਕਾਵਟਾਂ ਅਤੇ ਪ੍ਰਤੀਕੂਲ ਕਾਰਕ:(1) ਸਮਾਂ, ਅਧਿਕਾਰ ਅਤੇ ਮੁਲਾਂਕਣ ਦੀਆਂ ਜ਼ਰੂਰਤਾਂ - ਨੋਬਲ ਸ਼ਾਂਤੀ ਪੁਰਸਕਾਰ ਇੱਕ ਬਹੁਤ ਹੀ ਗੁੰਝਲਦਾਰ ਮੁਲਾਂਕਣ ਪ੍ਰਕਿਰਿਆ ਵਿੱਚੋਂ ਗੁਜ਼ਰਦਾ ਹੈ, ਅਤੇ ਜੇਤੂਆਂ ਨੂੰ ਅਕਸਰ ਉਨ੍ਹਾਂ ਦੇ ਸਾਹਮਣੇ ਆਉਣ ਵਾਲੇ ਟਕਰਾਵਾਂ ਵਿੱਚ ਅਸਲ ਨਤੀਜੇ ਦਿਖਾਉਣੇ ਪੈਂਦੇ ਹਨ। ਸਿਰਫ਼ ਦਾਅਵੇ ਜਾਂ ਘੋਸ਼ਣਾਵਾਂ ਕਾਫ਼ੀ ਨਹੀਂ ਹਨ। ਜੇਕਰ ਕੋਈ ਰਾਜਨੀਤਿਕ ਨੇਤਾ ਅਜੇ ਵੀ ਅਹੁਦੇ ’ਤੇ ਹੈ ਅਤੇ ਵਿਵਾਦ ਜਾਂ ਟਕਰਾਅ ਵਿੱਚ ਉਲਝਿਆ ਹੋਇਆ ਹੈ, ਤਾਂ ਉਸ ਲਈ ਆਪਣੀ ÷ਸ਼ਾਂਤੀ ਨਿਰਮਾਣ÷ ਨੂੰ ਸਾਬਤ ਕਰਨਾ ਆਸਾਨ ਨਹੀਂ ਹੈ। ਟਰੰਪ ਦੀਆਂ ਬਹੁਤ ਸਾਰੀਆਂ ਨੀਤੀ ਅਤੇ ਰਾਜਨੀਤਿਕ ਫੈਸਲੇ ਵਿਵਾਦਪੂਰਨ ਰਹੇ ਹਨ, ਅਤੇ ਵਿਰੋਧੀ ਉਨ੍ਹਾਂ ਦੀਆਂ ਨੀਤੀਆਂ ਦੀ ਆਲੋਚਨਾ ਕਰਦੇ ਹਨ। ਇਹ ਨੋਬਲ ਕਮੇਟੀ ’ਤੇ ਨਕਾਰਾਤਮਕ ਪ੍ਰਭਾਵ ਪਾ ਸਕਦਾ ਹੈ। (2) ਨਾਰਵੇਈ ਨੋਬਲ ਕਮੇਟੀ ਦੀ ਨਿਰਪੱਖਤਾ ਅਤੇ ਵਿਵਾਦ - ਨੋਬਲ ਸ਼ਾਂਤੀ ਪੁਰਸਕਾਰ ਲਈ ਫੈਸਲਾ ਲੈਣ ਦੀ ਪ੍ਰਕਿਰਿਆ ਨਾਰਵੇ ਵਿੱਚ ਸਮਾਜਿਕ, ਰਾਜਨੀਤਿਕ ਅਤੇ ਨੈਤਿਕ ਚੁਣੌਤੀਆਂ ਦੁਆਰਾ ਪ੍ਰਭਾਵਿਤ ਹੋ ਸਕਦੀ ਹੈ। ਟਰੰਪ ਵਰਗੀ ਸ਼ਖਸੀਅਤ ਨੂੰ ਪੁਰਸਕਾਰ ਦੇਣਾ ਕਮੇਟੀ ਲਈ ਵਿਵਾਦਪੂਰਨ ਹੋ ਸਕਦਾ ਹੈ, ਇਸ ਬਾਰੇ ਆਲੋਚਨਾਵਾਂ ਨੂੰ ਵਧਾ ਰਿਹਾ ਹੈ ਕਿ ਕੀ ਇਹ ਚੋਣ ਮਾਪਦੰਡਾਂ ਨੂੰ ਪੂਰਾ ਕਰਦਾ ਹੈ। ਇਸੇ ਤਰ੍ਹਾਂ ਦੀਆਂ ਆਲੋਚਨਾਵਾਂ ਪਹਿਲਾਂ ਹੋਰ ਰਾਜਨੀਤਿਕ ਨੇਤਾਵਾਂ ਨੂੰ ਦਿੱਤੇ ਗਏ ਸ਼ਾਂਤੀ ਪੁਰਸਕਾਰਾਂ ਤੋਂ ਬਾਅਦ ਵੀ ਹੋਈਆਂ ਹਨ।(3) ਪ੍ਰਸਿੱਧ ਰਾਏ ਅਤੇ ਨਿੱਜੀ ਤਸਵੀਰ - ਟਰੰਪ ਬਾਰੇ ਰਾਏ ਅਮਰੀਕੀ ਜਨਤਾ ਅਤੇ ਅੰਤਰਰਾਸ਼ਟਰੀ ਭਾਈਚਾਰੇ ਵਿੱਚ ਮਿਲੀ-ਜੁਲੀ ਹੈ। ਹਾਲ ਹੀ ਵਿੱਚ ਹੋਏ ਇੱਕ ਮੀਡੀਆ ਪੋਲ ਵਿੱਚ, 76% ਅਮਰੀਕੀਆਂ ਨੇ ਕਿਹਾ ਕਿ ਟਰੰਪ ਨੋਬਲ ਸ਼ਾਂਤੀ ਪੁਰਸਕਾਰ ਦੇ ਹੱਕਦਾਰ ਨਹੀਂ ਸਨ। ਇਸ ਤੋਂ ਇਲਾਵਾ, ਨੋਬਲ ਕਮੇਟੀ ਮੁੱਖ ਤੌਰ ’ਤੇ ਉਸਦੇ ਕੰਮਾਂ ਅਤੇ ਨਿਰੰਤਰ ਸ਼ਾਂਤੀ ਯੋਗਦਾਨਾਂ ’ਤੇ ਵਿਚਾਰ ਕਰੇਗੀ। ਜੇਕਰ ਕਈ ਵਿਵਾਦਾਂ ਜਾਂ ਆਲੋਚਨਾ ਕਾਰਨ ਉਸਦੀ ਛਵੀ ਨਕਾਰਾਤਮਕ ਤੌਰ ’ਤੇ ਪ੍ਰਭਾਵਿਤ ਹੁੰਦੀ ਹੈ, ਤਾਂ ਇਹ ਉਸਦੇ ਮੌਕੇ ਨੂੰ ਕਮਜ਼ੋਰ ਕਰ ਸਕਦੀ ਹੈ।(4) ਸਮਾਂ ਅਤੇ ਉਪਲਬਧਤਾ - ਟਰੰਪ ਲਈ ਬਹੁਤ ਸਾਰੀਆਂ ਨਾਮਜ਼ਦਗੀਆਂ ਵਿੱਚ ਦੇਰੀ ਹੋ ਗਈ ਹੈ, ਕਿਉਂਕਿ 2025 ਦੀ ਨਾਮਜ਼ਦਗੀ ਦੀ ਆਖਰੀ ਮਿਤੀ ਤੋਂ ਬਾਅਦ ਪ੍ਰਾਪਤ ਨਾਮਜ਼ਦਗੀਆਂ ਨੂੰ ਅਗਲੇ ਸਾਲ ਲਈ ਵਿਚਾਰਿਆ ਜਾਵੇਗਾ। ਇਸ ਤਰ੍ਹਾਂ, ਕੁਝ ਦਾਅਵਿਆਂ ਅਤੇ ਵਿਚੋਲਗੀ ਦੇ ਯਤਨਾਂ ਦਾ ਤੁਰੰਤ ਪ੍ਰਭਾਵ ਪਾਉਣਾ ਮੁਸ਼ਕਲ ਹੋ ਸਕਦਾ ਹੈ।

ਇਸ ਲਈ, ਜੇਕਰ ਅਸੀਂ ਪੂਰੇ ਬਿਆਨ ਦੀ ਜਾਂਚ ਅਤੇ ਵਿਸ਼ਲੇਸ਼ਣ ਕਰਦੇ ਹਾਂ, ਤਾਂ ਸਾਨੂੰ ਪਤਾ ਲੱਗੇਗਾ ਕਿ ਅਸਲ ਸੰਭਾਵਨਾ: ਟਰੰਪ ਦੇ ਨੋਬਲ ਸ਼ਾਂਤੀ ਪੁਰਸਕਾਰ ਪ੍ਰਾਪਤ ਕਰਨ ਦੀਆਂ ਸੰਭਾਵਨਾਵਾਂ ਨਾ ਤਾਂ ਜ਼ੀਰੋ ਹਨ ਅਤੇ ਨਾ ਹੀ ਅਨੰਤ ਹਨ। ਜੇਕਰ ਉਸਨੇ ਵਿਸ਼ਵਵਿਆਪੀ ਸ਼ਾਂਤੀ-ਨਿਰਮਾਣ ਅਤੇ ਟਕਰਾਅ-ਹੱਲ ਪ੍ਰੋਜੈਕਟਾਂ ਵਿੱਚ ਹਿੱਸਾ ਲਿਆ ਹੈ ਜਿਨ੍ਹਾਂ ਦੇ ਮਾਪਣਯੋਗ ਸਕਾਰਾਤਮਕ ਨਤੀਜੇ ਹਨ, ਅਤੇ ਜੇਕਰ ਕਮੇਟੀ ਉਸਨੂੰ ਇਸ ਦਿਸ਼ਾ ਵਿੱਚ ਦੇਖਦੀ ਹੈ, ਤਾਂ ਇਹ ਸੰਭਵ ਹੋ ਸਕਦਾ ਹੈ, ਪਰ ਇਸਨੂੰ ਮਹੱਤਵਪੂਰਨ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ। ਮੌਜੂਦਾ ਸੰਕੇਤ-ਨਾਮਜ਼ਦਗੀਆਂ, ਮੀਡੀਆ ਚਰਚਾ, ਅਤੇ ਅੰਦਾਜ਼ੇ ਦੇ ਸੰਕੇਤ-ਸੁਝਾਅ ਦਿੰਦੇ ਹਨ ਕਿ ਟਰੰਪ ਨੂੰ ਇਸ ਸਾਲ ਦੇ ਸ਼ਾਂਤੀ ਪੁਰਸਕਾਰ ਜੇਤੂਆਂ ਲਈ ਇੱਕ ਗੰਭੀਰ ਦਾਅਵੇਦਾਰ ਨਹੀਂ ਮੰਨਿਆ ਜਾਂਦਾ ਹੈ।ਇਨਾਮ ਕਮੇਟੀ ਦੀ ਗੁਪਤ ਪ੍ਰਕਿਰਿਆ, ਰਾਜਨੀਤਿਕ ਬਹਿਸਾਂ, ਆਲੋਚਨਾਵਾਂ ਅਤੇ ਮੁਲਾਂਕਣ ਮਾਪਦੰਡ ਇਸਨੂੰ ਆਸਾਨ ਨਹੀਂ ਬਣਾਉਣਗੇ।

# ਬੇਪਰਵਾਹੀਆਂ...!!!

ਸਿਆਣੇ ਕਹਿੰਦੇ ਹਨ ਕਿ ਬਹੁਤ ਜ਼ਿਆਦਾ ਗੱਲਾਂ ਅਤੇ ਯਾਦਾਂ ਨੂੰ ਚੇਤੇ ਰੱਖਣ ਵਾਲਾ ਇਨਸਾਨ ਅਕਸਰ ਹੀ ਪ੍ਰੇਸ਼ਾਨੀ ਦੇ ਆਲਮ ’ਚ ਘਿਰਿਆ ਰਹਿੰਦਾ ਹੈ। ਨਿੱਕੀ ਤੋਂ ਨਿੱਕੀ ਗੱਲ ਅਤੇ ਘਟਨਾ ਨੂੰ ਸਾਲਾਂਬੱਧੀ ਜ਼ਿਹਨ ਵਿਚ ਬਿਠਾਈ ਰੱਖਣਾ ਹੀ ਮਾਨਸਿਕ ਪ੍ਰੇਸ਼ਾਨੀਆਂ ਅਤੇ ਤਕਲੀਫ਼ਾਂ ਦਾ ਸਭ ਤੋਂ ਵੱਡਾ ਕਾਰਨ ਬਣ ਜਾਂਦਾ ਹੈ। ਖ਼ੌਰੇ ! ਇਸੇ ਲਈ ਕਿਹਾ ਜਾਂਦਾ ਹੈ ਕਿ ਬੰਦੇ ਨੂੰ ਆਪਣੇ ਜੀਵਨ ਵਿਚ ਕੁਝ ਗੱਲਾਂ ਅਤੇ ਘਟਨਾਵਾਂ ਨੂੰ ਭੁੱਲਣਾ ਵੀ ਸਿੱਖਣਾ ਚਾਹੀਦਾ ਹੈ।

ਬੇਪਰਵਾਹੀਆਂ ਕਦੇ- ਕਦਾਈਂ ਮਨੁੱਖ ਦੀ ਜ਼ਿੰਦਗੀ ਨੂੰ ਜ਼ਿੰਦਾਦਿਲੀ ਨਾਲ ਭਰ ਦਿੰਦੀਆਂ ਹਨ। ਇਸ ਲਈ ਨਿੱਕੀਆਂ- ਮੋਟੀਆਂ ਗੱਲਾਂ ਨੂੰ ਜ਼ਿਆਦਾ ਤਵੱਜੋਂ ਨਹੀਂ ਦੇਣੀ ਚਾਹੀਦੀ। ਬਹੁਤ ਜ਼ਿਆਦਾ ਸੋਚਣ ਵਾਲੇ ਬੰਦੇ ਦੇ ਘਰ ਵਿਚ ਕਲੇਸ਼ ਅਤੇ ਦੁੱਖ ਆਮ ਹੀ ਦੇਖਣ ਨੂੰ ਮਿਲਦੇ ਹਨ। ਅਜਿਹੇ ਲੋਕ ਬਹੁਤ ਸੋਚ- ਵਿਚਾਰ ਕੇ ਗੱਲ ਕਰਨ ਦੇ ਆਦੀ ਹੋ ਜਾਂਦੇ ਹਨ। ਅਮੂਮਨ ਘੱਟ ਬੋਲਣ ਲੱਗਦੇ ਹਨ ਅਤੇ ਦੂਜਿਆਂ ਦੁਆਰਾ ਕਹੀਆਂ ਗੱਲਾਂ ਦੇ ਆਪਣੇ ਮਨ ਦੇ ਸੁਭਾਅ ਅਤੇ ਸਥਿਤੀ ਮੁਤਾਬਿਕ ਅਰਥ ਕੱਢਣੇ ਸ਼ੁਰੂ ਕਰ ਦਿੰਦੇ ਹਨ। ਫਿਰ ਸਹਿਜੇ- ਸਹਿਜੇ ਘਰਾਂ ਵਿਚ ਦੂਰੀਆਂ ਵੱਧਣ ਲੱਗਦੀਆਂ ਹਨ ਅਤੇ ਪਰਿਵਾਰਿਕ ਮੈਂਬਰਾਂ ਵਿਚ ਆਪਸੀ ਬੋਲਚਾਲ ਘੱਟਣ ਲੱਗਦੀ ਹੈ ਜਾਂ ਫਿਰ ਉੱਕਾ ਹੀ ਬੰਦ ਹੋ ਜਾਂਦੀ ਹੈ।

ਫੇਰ ਜਦੋਂ ਸੰਵਾਦ (ਗੱਲਬਾਤ) ਦਾ ਸਿਲਸਿਲਾ ਉੱਕਾ ਹੀ ਬੰਦ ਹੋ ਜਾਂਦਾ ਹੈ ਤਾਂ ਫਿਰ ਵੱਖਰੇਵੇਂ ਹੋ ਜਾਂਦੇ ਹਨ। ਇਹ ਵੱਖਰੇਵੇਂ ਕਈ ਵਾਰ ਦੁਸ਼ਮਣੀ, ਵੈਰ-ਵਿਰੋਧ ਅਤੇ ਨਫ਼ਰਤ ਦਾ ਰੂਪ ਵੀ ਧਾਰਨ ਕਰ ਲੈਂਦੇ ਹਨ। ਪਰਿਵਾਰਾਂ ਵਿਚ ਅਜਿਹੀ ਸਥਿਤੀ ਦਾ ਕਾਰਨ ਹੁੰਦਾ ਹੈ ਕਿ ਆਪਸੀ ਸੰਵਾਦ (ਗੱਲਬਾਤ) ਦਾ ਸਿਲਸਿਲਾ ਉੱਕਾ ਹੀ ਖ਼ਤਮ ਹੋ ਚੁਕਾ ਹੁੰਦਾ ਹੈ ਅਤੇ ਦੂਜੇ ਲੋਕ ਅਤੇ ਰਿਸ਼ਤੇਦਾਰ ਮਾਮੂਲੀ ਗੱਲਾਂ ਅਤੇ ਘਟਨਾਵਾਂ ਨੂੰ ਤੋੜ- ਮਰੋੜ ਕੇ, ਵੱਡੀਆਂ ਕਰਕੇ ਪੇਸ਼ ਕਰਦੇ ਹਨ। ਇਸ ਲਈ ਪਰਿਵਾਰਿਕ ਮੈਂਬਰਾਂ ਦੇ ਮਨਾਂ ਵਿਚ ਇਕ- ਦੂਜੇ ਲਈ ਹੋਰ ਜ਼ਿਆਦਾ ਖਟਾਸ ਅਤੇ ਨਫ਼ਰਤ ਪੈਦਾ ਹੋ ਜਾਂਦੀ ਹੈ। ਇਨ੍ਹਾਂ ਘਟਨਾਵਾਂ ਦਾ ਮੂਲ ਕਾਰਨ ਹੁੰਦਾ ਹੈ; ਬਹੁਤ ਜ਼ਿਆਦਾ ਸੋਚ- ਵਿਚਾਰ ਕਰਨਾ ਅਤੇ ਆਪਣੇ ਮਨ ਦੀ ਸਥਿਤੀ ਅਤੇ ਸੁਭਾਅ ਦੇ ਮੁਤਾਬਿਕ ਗੱਲਾਂ ਅਤੇ ਘਟਨਾਵਾਂ ਦੇ ਅਰਥ ਕੱਢਣਾ। ਇਸ ਲਈ ਕਿਹਾ ਜਾਂਦਾ ਹੈ ਕਿ ਮਨੁੱਖ ਨੂੰ ਆਮ ਜੀਵਨ ਦੀਆਂ ਨਿੱਕੀਆਂ- ਮੋਟੀਆਂ ਗੱਲਾਂ ਨੂੰ ਹੱਸ ਕੇ ਟਾਲ ਦੇਣਾ ਚਾਹੀਦਾ ਹੈ ਜਾਂ ਜ਼ਿਹਨ ’ਚੋਂ ਵਿਸਾਰ ਦੇਣਾ ਚਾਹੀਦਾ ਹੈ।

ਨਿਊਯਾਰਕ
ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਡਾ. ਨਿਸ਼ਾਨ ਸਿੰਘ ਰਾਠੌਰ
ਸੰਪਰਕ: 90414-98009.

ਇੱਥੇ ਖ਼ਾਸ ਗੱਲ ਇਹ ਹੈ ਕਿ ਹੱਦੋਂ ਵੱਧ ਸੋਚ- ਵਿਚਾਰ ਦੇ ਇਸ ਸਿਲਸਿਲੇ ਨੂੰ ਕਿਵੇਂ ਰੋਕਿਆ ਜਾ ਸਕਦਾ ਹੈ ?, ਤਾਂ ਇਸ ਦਾ ਸਭ ਤੋਂ ਕਾਰਗਰ ਉਪਾਅ ਇਹ ਹੈ ਕਿ ਮਨੁੱਖ ਨੂੰ ਆਪਣੇ- ਆਪ ਨੂੰ ‘ਮਸ਼ਰੂਫ਼’ ਰੱਖਣਾ ਚਾਹੀਦਾ ਹੈ। ਅਸਲ ਵਿਚ ਬਹੁਤੀ ਸੋਚ- ਵਿਚਾਰ ਦਾ ਸਿਲਸਿਲਾ ਉਦੋਂ ਆਰੰਭ ਹੁੰਦਾ ਹੈ ਜਦੋਂ ਮਨੁੱਖ ਵਿਹਲਾ ਹੁੰਦਾ ਹੈ ਅਤੇ ਇਕੱਲਾ ਹੁੰਦਾ ਹੈ। ਇਸ ਨਾਲ ਬੰਦਾ ਉਨ੍ਹਾਂ ਗੱਲਾਂ ਅਤੇ ਯਾਦਾਂ ਉੱਤੇ ਆਪਣੇ ਧਿਆਨ ਨੂੰ ਕੇਂਦਰਿਤ ਕਰ ਲੈਂਦਾ ਹੈ ਜਿਨ੍ਹਾਂ ਦਾ ਅਸਲ ਜੀਵਨ ਵਿਚ ਕੋਈ ਮਹੱਤਵ ਅਤੇ ਲਾਭ ਨਹੀਂ ਹੁੰਦਾ ਅਤੇ ਜਿਨ੍ਹਾਂ ਬਾਰੇ ਸੋਚ- ਵਿਚਾਰ ਕਰਕੇ ਜੀਵਨ ਵਿਚ ਕੋਈ ਤਬਦੀਲੀ ਵੀ ਨਹੀਂ ਹੁੰਦੀ।

ਕਈ ਵਾਰ ਮਨੁੱਖ ਜਾਣਬੁਝ ਕੇ ਸੋਚ- ਵਿਚਾਰ ਦੇ ਸਾਗਰ ਵਿਚ ਨਹੀਂ ਗੁਆਚਦਾ ਬਲਕਿ ਜਾਣਚੱਕ ਹੀ ਇਸ ਭਵਸਾਗਰ ਵਿਚ ਡੁੱਬ ਜਾਂਦਾ ਹੈ। ਫੇਰ ਲੱਖ ਯਤਨ ਕਰਨ ਦੇ ਬਾਵਜੂਦ ਵੀ ਇਸ ਦਲਦਲ ਵਿਚੋਂ ਬਾਹਰ ਨਹੀਂ ਨਿਕਲ ਪਾਉਂਦਾ। ਇਸ ਲਈ ਮਨੋਵਿਗਿਆਨੀਆਂ ਵੱਲੋਂ ਕਿਹਾ ਜਾਂਦਾ ਹੈ ਕਿ ਬੰਦਾ ਆਪਣੇ- ਆਪ ਨੂੰ ਮਸ਼ਰੂਫ਼ ਰੱਖੇ ਤਾਂ ਕਿ ਇਸ ਤਰ੍ਹਾਂ ਦੀ ਸਥਿਤੀ ਪੈਦਾ ਹੀ ਨਾ ਹੋ ਸਕੇ। ਫੇਰ ਵੀ ਜੇ ਕਦੇ ਇਸ ਤਰ੍ਹਾਂ ਦੀ ਸਥਿਤੀ ਪੈਦਾ ਹੋ ਜਾਵੇ ਤਾਂ ਆਪਸੀ ਸੰਵਾਦ (ਗੱਲਬਾਤ) ਦਾ ਪੱਲਾ ਨਾ ਛੱਡੇ। ਆਪਣੇ ਸ਼ੌਕ ਜਿਉਂਦੇ ਰੱਖੇ ਅਤੇ ਉਨ੍ਹਾਂ ਲਈ ਸਮਾਂ ਕੱਢੇ। ਅਸਲ ਵਿਚ ਜਿਸ ਮਨੁੱਖ ਦੇ ਸ਼ੌਕ ਜਿਉਂਦੇ ਹਨ, ਉਹੀ ਮਨੁੱਖ ਸਹੀ ਅਰਥਾਂ ਵਿਚ ਜਿਉਂਦਾ ਹੈ। ਇਸ ਲਈ ਮਨੁੱਖ ਨੂੰ ਜਿਉਂਦੇ ਹੋਣ ਦਾ ਸਬੂਤ ਦੇਣਾ ਚਾਹੀਦਾ ਹੈ ਅਤੇ ਆਪਣੇ ਜੀਵਨ ਵਿਚ ਸੋਚਾਂ ਦੀ ਘੁੰਮਣਘੇਰੀ ਤੋਂ ਬਚਣਾ ਚਾਹੀਦਾ ਹੈ। ਜ਼ਿੰਦਗੀ ਖੁੱਲ੍ਹਦਿਲੀ ਨਾਲ ਜਿਉਣੀ ਚਾਹੀਦੀ ਹੈ। ਇਕ ਸ਼ੇਅਰ ਹੈ;

“ਖੁੱਲ੍ਹਦਿਲੀ ਵੀ ਆਪਣੀ ਥਾਂ ਇਕ ਗਹਿਣਾ ਹੈ,
ਹਰ ਬੰਦੇ ਦੇ ਹਿੱਸੇ ਪਰ ਇਹ ਆਉਂਦਾ ਨਹੀਂ।”(ਨਿਸ਼ਾਨ ਸਿੰਘ ਰਾਠੌਰ)

ਖੁੱਲ੍ਹਦਿਲੀ ਅਤੇ ਬੇਪਰਵਾਹੀ ਬਾਰੇ ਜ਼ਿਕਰ ਕਰਦਿਆਂ ਇਹ ਤੱਥ ਦ੍ਰਿਸ਼ਟੀਗੋਚਰ ਹੁੰਦੇ ਹਨ ਕਿ ਗੁਰਬਾਣੀ ਵਿਚ ਰੱਬ (ਪ੍ਰਮਾਤਮਾ) ਨੂੰ ਵੀ ਬੇਪਰਵਾਹ ਕਿਹਾ ਗਿਆ ਹੈ, ਜਿਹੜਾ ਆਪਣੇ ਭਗਤਾਂ (ਪਿਆਰਿਆਂ) ਦੇ ਗੁਨਾਹਾਂ (ਭੁੱਲਾਂ) ਦੀ ਗਿਣਤੀ ਨਹੀਂ ਕਰਦਾ ਬਲਕਿ ਬਖ਼ਸ਼ ਦਿੰਦਾ ਹੈ ਅਤੇ ਆਪਣੇ ਨਾਲ ਮਿਲਾ ਲੈਂਦਾ ਹੈ;

ਨਾਨਕ ਸੋ ਸੋਹਾਗਣੀ ਜੁ ਭਾਵੈ ਬੇਪਰਵਾਹ।।(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ- 1379)

ਭਾਵ ਉਹ ਜੀਵ ਰੂਪੀ ਇਸਤਰੀ ਸੁਹਾਗਣ ਹੈ ਜਿਹੜੀ ਬੇਪਰਵਾਹ (ਰੱਬ) ਨੂੰ ਭਾਉਂਦੀ (ਚੰਗੀ) ਲੱਗਦੀ ਹੈ।

ਅਤੇ

ਪਾਰਬ੍ਰਹਮ ਗੁਰ ਬੇਪਰਵਾਹੇ।।(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ- 869)

ਇਸ ਤਰ੍ਹਾਂ ਉੱਪਰ ਕੀਤੀ ਗਈ ਵਿਚਾਰ- ਚਰਚਾ ਦੇ ਆਧਾਰ ’ਤੇ ਕਿਹਾ ਜਾ ਸਕਦਾ ਹੈ ਕਿ ਮਨੁੱਖ ਦਾ ਜੀਵਨ ਕੁਦਰਤ ਦੀ ਸਭ ਤੋਂ ਵੱਡਮੁੱਲੀ ਅਤੇ ਖ਼ੂਬਸੂਰਦ ਦਾਤ ਹੈ। ਇਸ ਨੂੰ ਖੁੱਲ੍ਹਦਿਲੀ ਅਤੇ ਜ਼ਿੰਦਾਦਿਲੀ ਨਾਲ ਬਤੀਤ ਕਰਨਾ ਚਾਹੀਦਾ ਹੈ ਅਤੇ ਬੇਲੋੜੀ ਸੋਚ- ਵਿਚਾਰ ਦੀ ਆਦਤ ਦਾ ਖਹਿੜਾ ਛੱਡਣਾ ਚਾਹੀਦਾ ਹੈ ਤਾਂ ਕਿ ਮਨੁੱਖੀ ਜ਼ਿੰਦਗੀ ਦਾ ਲੁਤਫ਼ (ਆਨੰਦ) ਲਿਆ ਜਾ ਸਕੇ ਅਤੇ ਪਰਿਵਾਰਾਂ ਵਿਚ ਆਪਸੀ ਮੋਹ- ਮੁਹੱਬਤ ਦਾ ਸਿਲਸਿਲਾ ਬਰਕਰਾਰ ਰਹੇ। ਪੰਜਾਬੀ ਸੂਫ਼ੀ ਗਾਇਕ ਅਤੇ ਸ਼ਾਇਰ ਡਾ. ਸਤਿੰਦਰ ਸਰਤਾਜ ਦੇ ਇਕ ਗੀਤ ਦੀਆਂ ਇਨ੍ਹਾਂ ਸਤਰਾਂ ਨਾਲ ਟਿੱਪਣੀ ਸਮਾਪਤ ਕਰਦੇ ਹਾਂ;

ਰੱਬ ਦੀਆਂ ਬੇਪਰਵਾਹੀਆਂ, ਸਾਨੂੰ ਹਾਲੇ ਸਮਝ ਨਹੀਂ ਆਈਆਂ।
ਰੱਬ ਦੀਆਂ ਬੇਪਰਵਾਹੀਆਂ।
ਜਿਉਂਦੇ- ਵੱਸਦੇ ਰਹੋ ਸਾਰੇ।

# ਲਿਖ ਵਕਤ ਦੀ ਹਿੱਕ ਤੇ (ਵਾਰਤਕ)

ਜ਼ਿੰਦਗੀ ਆਸਾਨ ਨਹੀਂ ਇੱਥੇ ਬਹੁਤ ਮੁਸ਼ਕਿਲਾਂ ਨੇ ,ਬਹੁਤ ਤਕਲੀਫਾਂ ਨੇ, ਬਹੁਤ ਉਦਾਸੀਆਂ ਨੇ ਪਰ ਤੇਰੇ ਅੰਦਰ ਵੀ ਇਕ ਇਹੋ ਜਿਹੀ ਸਕਤੀ ਏ ਜੋ ਇਹਨਾਂ ਨੂੰ ਚਕਨਾਚੂਰ ਕਰ ਸਕਦੀ ਏ, ਤੇਰੇ ਅੰਦਰ ਜਿਊਣ ਦੀ ਆਸ ਨਾ ਮੁੱਕੇ, ਤੂੰ ਹਮੇਸਾ ਹੀ ਜ਼ਿੰਦਗੀ ਨੂੰ ਉਤਸ਼ਾਹ ਨਾਲ ਵੇਖੇ ਹਰ ਦਿਨ ਨੂੰ ਤੂੰ ਇਸ ਤਰ੍ਹਾਂ ਜੀਵੇ ਜਿਵੇਂ ਇਹ ਜ਼ਿੰਦਗੀ ਦਾ ਆਖਰੀ ਦਿਨ ਏ ਬਿਨਾਂ ਕਿਸੇ ਗਿਲੇ ਸ਼ਿਕਵੇ ਤੋਂ ਹਰੇਕ ਨੂੰ ਗਲ ਨਾਲ ਲਗਾ ਕੇ ਵੇਖੀ ਜ਼ਿੰਦਗੀ ਸਕੂਨ ਨਾਲ ਭਰ ਜਾਵੇਗੀ ਕਿਸੇ ਲਈ ਦੋ ਸਬਦ ਪਿਆਰ ਦੇ ਬੋਲ ਕੇ ਵੇਖੀ ਤੈਨੂੰ ਵੀ ਲੱਗੇਗਾ ਹਵਾਵਾਂ ਮੈਨੂੰ ਵੀ ਪਿਆਰ ਵੰਡ ਰਹੀਆਂ ਨੇ, ਕੁੱਝ ਉਦਾਸ ਚਿਹਰਿਆਂ ਨੂੰ ਹਸਾ ਕੇ ਵੇਖੀ ਤੈਨੂੰ ਰੁੱਖ ਗਾਉਂਦੇ ਦਿਖਣਗੇ, ਜਿਊ ਕੇ ਤਾਂ ਵੇਖ ਇਸ ਤਰ੍ਹਾਂ, ਕਿਸੇ ਦਾ ਹੌਸਲਾ ਤੋੜੀ ਨਾ, ਕਿਸੇ ਵਿੱਚ ਉਤਸ਼ਾਹ ਭਰ ਕੇ ਵੇਖੀ, ਕਿਸੇ ਦੀ ਤਾਰੀਫ ਕਰਕੇ ਵੇਖੀ, ਸਿਫਤ ਕਰੀ ਕਿਸੇ ਰੋਸਨ ਰੂਹ ਦੀ ਤੂੰ ਖੁਦ ਰੋਸਨ ਹੋ ਜਾਵੇਗਾ, ਲਿਖ ਦੇਈ ਵਕਤ ਦੀ ਹਿੱਕ ਤੇ ਕੁੱਝ ਐਸਾ ਜੋ ਸਮਿਆਂ ਤੋਂ ਮਿੱਟਣਾ ਨਹੀਂ, ਸਭ ਜ਼ਿੰਦਗੀ ਕੱਟ ਰਹੇ ਨੇ ਤੂੰ ਇਸ ਨੂੰ ਜਿਊ ਕੇ ਵੇਖੀ, ਹਰ ਦਿਨ ਆਪਣੇ ਆਪ ਨੂੰ ਘਡਦਾ ਜਾਈ, ਇੱਕ ਦਿਨ ਐਸਾ ਆਵੇਗਾ ਤੂੰ ਸੰਗੀਤ ਵਾਂਗ ਫਿਜਾਵਾਂ ਵਿਚ ਘੁਲ ਜਾਵੇਗਾ, ਜਿਊ ਕੇ ਵੇਖੀ ਇਸ ਤਰ੍ਹਾਂ, ਲਿਖੀ ਕੁੱਝ ਐਸਾ ਵਕਤ ਦੀ ਹਿੱਕ ਤੇ, ਆਸ ਤੇ ਉਮੀਦ ਨੂੰ ਜ਼ਿੰਦਗੀ ਵਿੱਚ ਟੁੱਟਣ ਨਾ ਦੇਈ, ਜ਼ਿੰਦਗੀ ਤੋਂ ਹਾਰ ਕੇ ਸਾਹਾਂ ਦੀ ਲੜੀ ਟੁੱਟਣ ਨਾ ਦੇਈ ਕਿਉਂਕਿ ਜ਼ਿੰਦਗੀ ਅਨਮੋਲ ਐ ਇਸ ਨੂੰ ਕਿਸੇ ਵੀ ਕੀਮਤ ਤੇ ਅਜਾਈ ਨਹੀਂ ਗਵਾਉਣਾ ਹਰ ਦਿਨ ਇਕ ਚਾਉ ਪੈਦਾ ਕਰਨਾ ਏ ਜਿਊਣ ਦਾ, ਜਿਸ ਦਿਨ ਜਿਊਣਾ ਆ ਗਿਆ ਸਮਝ ਲ ਈ ਕੋਈ ਉਦੇਸ਼ ਬਾਕੀ ਨਹੀਂ ਰਿਹਾ ਕਿਉਂਕਿ ਅਸੀਂ ਬਸ ਜਾਗਰੂਕਤਾ ਨਾਲ ਜਿਊਣਾ ਹੀ ਸਿਖਣਾ ਬਾਕੀ ਸਭ ਆਪਣੇ ਆਪ ਹੋ ਜਾਵੇਗਾ।

ਗੁਰਮੀਤ ਕੌਰ ਗੀਤ
ਫੋਨ, 9876589146

# ਬਲੀ ਦਾ ਬੱਕਰਾ ਇਕੱਲਾ ਕਿਸਾਨ ਹੀ ਕਿਉਂ ?

ਲੰਮੇ ਸਮੇਂ ਤੋਂ ਚੱਲੀ ਆ ਰਹੀ 'ਰੀਤ' ਦੇ ਮੁਤਾਬਿਕ ਦੇਸ਼ ਭਰ ਦੇ ਵੱਖ-ਵੱਖ ਸੂਬਿਆਂ ਵਿੱਚ ਦਸਹਿਰੇ ਦਾ ਤਿਉਹਾਰ ਇਸ ਵਾਰ ਵੀ ਮਨਾਇਆ ਗਿਆ। ਵੱਡੇ ਪੱਧਰ 'ਤੇ ਇਸ ਦੌਰਾਨ ਪਟਾਕੇ ਚੱਲੇ ਅਤੇ ਪ੍ਰਦੂਸ਼ਣ ਵੀ ਵੱਡੇ ਪੱਧਰ 'ਤੇ ਹੀ ਫੈਲਿਆ। ਪਰ ਸਵਾਲ ਇਸ 'ਤੇ ਇਹ ਹੈ ਕਿ ਹਰ ਸਾਲ ਮਨਾਏ ਜਾਣ ਵਾਲੇ ਇਹੋ ਜਿਹੇ ਤਿਉਹਾਰਾਂ 'ਤੇ ਫੈਲਦੇ ਪ੍ਰਦੂਸ਼ਣ 'ਤੇ ਕੋਈ ਕਿਉਂ ਨਹੀਂ ਬੋਲਦਾ ? ਕਿਸਾਨਾਂ ਦੁਆਰਾ ਮਜਬੂਰੀ ਵੱਸ ਆ ਕੇ ਸਾੜੀ ਜਾਂਦੀ ਝੋਨੇ ਦੀ ਪਰਾਲੀ ਦਾ ਧੂੰਆਂ, ਭਾਵੇਂ ਹੀ ਸਰਕਾਰੀ ਦਾਅਵਿਆਂ ਮੁਤਾਬਿਕ ਦਿੱਲੀ ਦਰਵਾਜ਼ੇ ਤੱਕ ਪਹੁੰਚ ਜਾਂਦਾ ਹੈ। ਪਰ ਬਾਵਜੂਦ ਇਸਦੇ ਪਰਾਲੀ ਦੇ ਹੱਲ ਲਈ ਕੋਈ ਨਹੀਂ ਬੋਲਦਾ, ਸਗੋਂ ਕਿਸਾਨਾਂ ਨੂੰ ਜੇਲ੍ਹਾਂ ਵਿੱਚ ਸੁੱਟਣ ਅਤੇ ਜੁਰਮਾਨੇ ਠੋਕਣ ਦਾ ਤਰੀਕਾ, ਹਰ ਕੋਈ ਮੂਹਰੇ ਹੋ ਕੇ ਦੱਸਦਾ ਹੈ।

ਅਸੀਂ ਸਾਰੇ ਮੰਨਦੇ ਹਾਂ ਕਿ, ਪ੍ਰਦੂਸ਼ਣ ਕਿਸੇ ਵੀ ਤਰ੍ਹਾਂ ਦਾ ਸਿਹਤ ਲਈ ਹਾਨੀਕਾਰਕ ਹੈ, ਪਰ ਸਵਾਲ ਇਹ ਹੈ ਕਿ ਇਕੱਲੀ ਪਰਾਲੀ ਸਾੜਨ ਨਾਲ ਹੀ ਕਿਉਂ ਜ਼ਿਆਦਾ ਹੱਲਾ ਬੁੱਲਾ ਹੋ ਜਾਂਦਾ ਹੈ ? ਕੀ ਪਟਾਕਿਆਂ ਦਾ ਪ੍ਰਦੂਸ਼ਣ ਨਹੀਂ ਹੁੰਦਾ ? ਕੀ ਪਟਾਕਿਆਂ ਦੇ ਵਿੱਚੋਂ ਫੁੱਲ ਵਰਸਦੇ ਨੇ ਜਾਂ ਫਿਰ ਇਹ ਪਟਾਕੇ ਪ੍ਰਦੂਸ਼ਣ ਕਰਦੇ ਹੀ ਨਹੀਂ ? ਖ਼ੈਰ ਸਵਾਲ ਤਾਂ ਬੜੇ ਨੇ, ਪਰ ਸਵਾਲਾਂ ਦੇ ਵਿਚਾਲੇ ਸਵਾਲ ਇਹ ਵੀ ਹੈ ਕਿ ਕੀ ਇਕੱਲਾ ਪ੍ਰਦੂਸ਼ਣ ਫੈਲਾਉਣ ਵਿੱਚ ਕਿਸਾਨ ਹੀ ਜ਼ਿੰਮੇਵਾਰ ਹੈ ? ਕਿਸਾਨਾਂ ਦੁਆਰਾ ਜਿੱਥੇ ਫ਼ਸਲਾਂ ਉਗਾ ਕੇ ਮੁਲਕ ਦਾ ਢਿੱਡ ਭਰਿਆ ਜਾਂਦਾ ਹੈ, ਉੱਥੇ ਹੀ ਦੂਜੇ ਪਾਸੇ ਕਿਸਾਨ ਇਸ ਵੇਲੇ ਹੜਾਂ ਦੀ ਮਾਰ ਚੱਲ ਰਿਹਾ...! ਇੱਕਾ ਦੁੱਕਾ ਕੇਸ ਪਰਾਲੀ ਸੜਨ ਦੇ ਆ ਰਹੇ ਨੇ, ਇਸਦੇ ਦੂਜੇ ਪਾਸੇ ਪ੍ਰਸ਼ਾਸਨ ਅਤੇ ਸਰਕਾਰ ਕਿਸਾਨਾਂ ਨੂੰ ਜੇਲ੍ਹੀਂ ਤਾੜਨ ਲੱਗੀ ਹੋਈ ਹੈ।

ਅਸੀਂ ਇਹ ਵੀ ਮੰਨਦੇ ਹਾਂ ਕਿ ਪਰਾਲੀ ਦਾ ਪ੍ਰਦੂਸ਼ਣ ਵੀ ਸਿਹਤ ਲਈ ਹਾਨੀਕਾਰਕ ਹੈ, ਪਰ ਸਵਾਲ ਇਹ ਉੱਠਦਾ ਹੈ ਕਿ, ਕੀ ਪਟਾਕਿਆਂ 'ਚੋਂ ਨਿਕਲਣ ਵਾਲਾ ਧੂੰਆਂ ਸਾਫ਼ ਸੁਥਰਾ ਅਤੇ ਸ਼ੁੱਧ ਹੈ, ਜਾਂ ਫਿਰ ਇਹ ਕਹਿ ਲਈਏ ਕਿ ਪਟਾਕਿਆਂ ਚੋਂ ਤਾਂ ਆਕਸੀਜਨ ਅਤੇ ਸ਼ੁੱਧ ਗੈਸ ਹੀ ਨਿਕਲਦੀ, ਜਿਸ ਦੇ ਨਾਲ ਸਰੀਰ 'ਤੇ ਭੋਰਾ ਵੀ ਮਾੜਾ ਅਸਰ ਨਹੀਂ ਪੈਂਦਾ। ਪਿਛਲੇ ਕਈ ਦਹਾਕਿਆਂ ਤੋਂ ਝੋਨੇ ਦੀ ਪਰਾਲੀ, ਕਣਕ ਦੇ ਨਾੜ ਨੂੰ ਅੱਗ ਲਾਉਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਕਿਸਾਨਾਂ ਦਾ ਕਹਿਣਾ ਹੈ ਕਿ ਉਹ ਮਜਬੂਰੀ ਵੱਸ ਝੋਨੇ ਦੀ ਪਰਾਲੀ ਨੂੰ ਅੱਗ ਲਾਉਂਦੇ ਨੇ, ਉਨ੍ਹਾਂ ਨੂੰ ਕੋਈ ਸ਼ੌਂਕ ਨਹੀਂ ਪਿਆ ਕਿ, ਉਹ ਪਰਾਲੀ ਨੂੰ ਅੱਗ ਲਾ ਕੇ ਖ਼ੁਦ ਮੌਤ ਦੇ ਮੂੰਹ ਵਿੱਚ ਜਾਣ। ਸਰਕਾਰਾਂ ਦੀਆਂ ਨਕਾਮੀਆਂ ਦੇ ਕਾਰਨ ਹੀ ਉਨ੍ਹਾਂ (ਕਿਸਾਨਾਂ) ਨੂੰ ਪਰਾਲੀ ਨੂੰ ਅੱਗ ਲਾਉਣੀ ਪੈਂਦੀ ਹੈ।

ਸਮੇਂ ਸਮੇਂ 'ਤੇ ਆਈਆਂ ਸਰਕਾਰਾਂ ਨੇ, ਜਿੱਥੇ ਕਿਸਾਨਾਂ ਦੇ ਨਾਲ ਲੰਮੇ ਚੌੜੇ ਵਾਅਦੇ ਕੀਤੇ ਨੇ ਕਿ, ਅਸੀਂ ਪਰਾਲੀ ਦਾ ਪੱਕਾ ਪ੍ਰਬੰਧ ਕਰਾਂਗੇ, ਪਰ ਇਸਦਾ ਪੱਕਾ ਪ੍ਰਬੰਧ ਕਰਨ ਦੀ ਬਜਾਏ, ਕਿਸਾਨਾਂ ਦਾ ਪੱਕਾ ਪ੍ਰਬੰਧ ਜੇਲ੍ਹਾਂ ਅੰਦਰ ਕੀਤਾ ਜਾ ਰਿਹਾ। ਕਿਸਾਨਾਂ ਦੀ ਕਿਸੇ ਤਰ੍ਹਾਂ ਦੀ ਮਦਦ ਨਾ ਕਰਕੇ, ਪ੍ਰਸ਼ਾਸਨ ਅਤੇ ਸਰਕਾਰ ਉਨ੍ਹਾਂ ਨੂੰ ਜੇਲ੍ਹਾਂ ਦੇ ਅੰਦਰ ਸੁੱਟ ਰਹੀ ਹੈ। ਹੁਣ ਅਜਿਹੇ ਹਾਲਾਤ ਨੇ ਕਿ ਕਿਸਾਨਾਂ ਨੂੰ ਮੋਟੇ ਜੁਰਮਾਨੇ ਵੀ ਕੀਤੇ ਜਾ ਰਹੇ ਨੇ, ਸੁਣਨ ਵਿੱਚ ਆਇਆ ਹੈ ਕਿ, ਸੈਟੇਲਾਈਟ ਜਰੀਏ ਕਿਸਾਨਾਂ ਦੀਆਂ ਜ਼ਮੀਨਾਂ ਫਰੋਲੀਆਂ ਜਾ ਰਹੀਆਂ ਨੇ ਅਤੇ ਇਹ ਵੇਖਿਆ ਜਾ ਰਿਹਾ ਹੈ ਕਿ, ਕਿੱਥੇ ਕਿੱਥੇ ਝੋਨੇ ਦੀ ਪਰਾਲੀ ਨੂੰ ਅੱਗ ਲੱਗੀ ਹੈ ?

ਸੈਟੇਲਾਈਟ ਜਰੀਏ ਮਿਲੀਆਂ ਤਸਵੀਰਾਂ ਦੇ ਚੱਲਦਿਆਂ ਪ੍ਰਸ਼ਾਸਨ ਵੱਲੋਂ ਮਿੰਟਾਂ ਸਕਿੰਟਾਂ ਵਿੱਚ, ਜਿੱਥੇ ਕਿਸਾਨਾਂ ਉੱਪਰ ਪੁਲਿਸ ਕੇਸ ਬਣਾਏ ਜਾ ਰਹੇ ਨੇ, ਉੱਥੇ ਹੀ ਕਿਸਾਨਾਂ ਦੀਆਂ ਜ਼ਮੀਨਾਂ ਵਿੱਚ ਵੀ ਰੈੱਡ ਐਂਟਰੀਆਂ ਕੀਤੀਆਂ ਜਾ ਰਹੀਆਂ ਨੇ, ਮਸਲਨ ਕਿਸਾਨ ਜਿੰਨਾ ਨੇ ਪਰਾਲੀ ਨੂੰ ਅੱਗ ਲਾਈ, ਉਨ੍ਹਾਂ ਨੂੰ ਕਰਜ਼ਾ ਅਤੇ ਹੋਰ ਸਰਕਾਰੀ ਲਾਭ ਅਗਲੇ ਸਮੇਂ ਵਿੱਚ ਨਹੀਂ ਮਿਲਣਗੇ। ਖ਼ੈਰ ਸਰਕਾਰ ਨੇ ਹੁਣ ਤੱਕ ਕਦਮ ਤਾਂ ਬਥੇਰੇ ਚੁੱਕੇ ਨੇ ਪਰਾਲੀ ਨੂੰ ਸਾਂਭਣ ਲਈ, ਪਰ ਉਨ੍ਹਾਂ ਨੂੰ ਗਰਾਊਡ 'ਤੇ ਲਾਗੂ ਨਹੀਂ ਕੀਤਾ ਗਿਆ। ਹਵਾ ਵਿੱਚ ਗੱਲਾਂ ਹਰ ਕੋਈ ਕਰ ਲੈਂਦਾ, ਪਰ ਸਵਾਦ ਉਦੋਂ ਆਉਂਦਾ ਹੈ, ਜਦੋਂ ਝੋਨੇ ਦੀ ਪਰਾਲੀ ਦਾ ਪੱਕਾ ਪ੍ਰਬੰਧ ਕੀਤਾ ਗਿਆ ਹੋਵੇ।

ਕੁੱਝ ਸਮਾਂ ਪਹਿਲਾਂ ਸਰਕਾਰਾਂ ਨੇ ਇਹ ਆਖਿਆ ਸੀ ਕਿ ਅਸੀਂ ਝੋਨੇ ਦੀ ਪਰਾਲੀ ਦਾ ਪੱਕਾ ਪ੍ਰਬੰਧ ਇਹੋ ਜਿਹਾ ਕਰਾਂਗੇ ਕਿ, ਕਿਸਾਨਾਂ ਦੀ ਝੋਨੇ ਦੀ ਫ਼ਸਲ ਵੀ ਸਰਕਾਰ ਚੁੱਕੇਗੀ ਅਤੇ ਪਰਾਲੀ ਦਾ ਪ੍ਰਬੰਧ ਵੀ ਸਰਕਾਰ ਹੀ ਕਰੇਗੀ। ਪਰਾਲੀ ਨੂੰ ਇਹੋ ਜਿਹੀ ਜਗ ?ਹਾ 'ਤੇ ਸੇਫ਼ ਰੱਖਾਂਗੇ ਕਿ, ਕਿਸਾਨ ਅਗਲੀ ਫ਼ਸਲ ਵੀ ਵਧੀਆ ਤਰੀਕੇ ਨਾਲ ਬੀਜ ਸਕੇਗਾ। ਪਰ ਸਰਕਾਰਾਂ ਦੁਆਰਾ ਕੀਤੇ ਗਏ ਇਹ ਵਾਅਦੇ, ਸਿਰਫ਼ ਅਖ਼ਬਾਰੀ ਅਤੇ ਟੀਵੀ ਚੈਨਲਾਂ ਦੇ ਹੀ ਰਹਿ ਗਏ। ਹੁਣ ਵੀ ਬਹੁਤ ਸਾਰੇ ਕਿਸਾਨ ਅਜਿਹੇ ਨੇ ਜਿਹੜੇ ਮਜਬੂਰੀ ਵੱਸ ਆ ਕੇ ਝੋਨੇ ਦੀ ਪਰਾਲੀ ਨੂੰ ਅੱਗ ਲਾ ਰਹੇ ਨੇ। ਛੋਟੇ ਕਿਸਾਨ ਤਾਂ ਝੋਨੇ ਦੀ ਪਰਾਲੀ ਨੂੰ ਆਪਣੀ ਪੈਲੀ ਵਿੱਚ ਵਾਹ ਰਹੇ ਨੇ, ਪਰ ਇਸ ਦਾ ਖਰਚਾ ਬਥੇਰਾ ਹੋ ਰਿਹਾ। ਕਿਸਾਨਾਂ ਦਾ ਕਹਿਣਾ ਹੈ ਕਿ 5-6 ਕਿੱਲਿਆਂ ਵਿੱਚ ਸੈਂਕੜੇ ਲੀਟਰ ਡੀਜ਼ਲ ਫੂਕਿਆ ਜਾਂਦਾ ਹੈ। ਸਰਕਾਰਾਂ ਕਹਿੰਦੀਆਂ ਨੇ ਕਿ ਅਸੀਂ ਤੁਹਾਨੂੰ (ਕਿਸਾਨਾਂ) ਮੁਆਵਜ਼ਾ ਦਿਆਂਗੇ, ਪਰ ਦਿੰਦਾ ਕੋਈ ਨਹੀਂ, ਸਿਰਫ਼ ਗੱਲਾਂ ਹੀ ਕਰਦੇ ਨੇ। ਅਗਲੀ ਗੱਲ ਜੇਕਰ ਪਟਾਕਿਆਂ ਦੇ ਪ੍ਰਦੂਸ਼ਣ ਦੀ ਕਰ ਲਈਏ ਤਾਂ ਇਸ 'ਤੇ ਕੋਈ ਨਹੀਂ ਬੋਲਦਾ। ਸਰਕਾਰ/ ਪ੍ਰਸ਼ਾਸਨ ਨਿਰਧਾਰਿਤ ਸਮਾਂ ਕਰ ਦਿੰਦਾ ਹੈ ਕਿ, ਤੁਸੀਂ ਭਾਈ ਇੰਨੇ ਤੋਂ ਇੰਨੇ ਸਮੇਂ ਤੱਕ ਪਟਾਕੇ ਚਲਾ ਸਕਦੇ ਹੋ। ਮਤਲਬ ਇਹ ਸਾਫ਼ ਹੈ ਕਿ ਜਿਹੜਾ ਸਮਾਂ ਪ੍ਰਸ਼ਾਸਨ ਅਤੇ ਸਰਕਾਰ ਦੇ ਵੱਲੋਂ ਪਟਾਕਿਆਂ ਨੂੰ ਚਲਾਉਣ ਦਾ ਦਿੱਤਾ ਗਿਆ ਹੈ, ਉਸ ਸਮੇਂ ਦੇ ਵਿੱਚ ਕੁਦਰਤ ਛੁੱਟੀ 'ਤੇ ਚਲੀ ਜਾਵੇਗੀ ਜਾਂ ਫਿਰ ਪ੍ਰਦੂਸ਼ਣ ਫੈਲੇਗਾ ਹੀ ਨਹੀਂ। ਪਟਾਕਿਆਂ ਦੇ ਵਿੱਚੋਂ ਆਕਸੀਜਨ ਹੀ ਨਿਕਲੇਗੀ, ਇਸ ਤਰ੍ਹਾਂ ਮੰਨ ਲਿਆ ਜਾਵੇ ? ਪਟਾਕੇ ਚਲਾਉਣ ਦੇ ਨਿਰਧਾਰਿਤ ਸਮੇਂ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਸਰਕਾਰ ਅਤੇ ਪ੍ਰਸ਼ਾਸਨ ਦੁਆਰਾ ਕੀਤੇ ਗਏ ਇਹ ਦਾਅਵੇ ਬਿਲਕੁਲ ਸੱਚੇ ਅਤੇ ਸਹੀ ਨੇ, ਕਿ ਪਟਾਕਿਆਂ ਵਿੱਚੋਂ ਹਰਿਆਲੀ ਦੇ ਫੁਹਾਰੇ ਨਿਕਲਣਗੇ, ਜਾਂ ਫਿਰ ਵੱਡੇ-ਵੱਡੇ ਹਰੇ ਭਰੇ ਜੰਗਲ...! ਜਦੋਂਕਿ ਹਕੂਮਤੀ ਦਾਅਵੇ ਅਤੇ ਅਸਲ ਸੱਚ ਇਹ ਹੈ ਕਿ ਅਜਿਹਾ ਕੁੱਝ ਨਹੀਂ ਹੋਵੇਗਾ, ਸਗੋਂ ਪਟਾਕਿਆਂ ਵਿਚੋਂ ਨਿਕਲਣ ਵਾਲੀ ਜ਼ਹਿਰੀਲੀ ਗੈਸ ਪਰਾਲੀ ਦੇ ਧੂੰਏਂ ਨਾਲੋਂ ਵੀ ਖ਼ਤਰਨਾਕ ਹੈ। ਵੈਸੇ, ਸਰਕਾਰੀ ਦਾਅਵੇ ਤਾਂ ਇਕੱਲੇ ਕਿਸਾਨ ਨੂੰ ਹੀ ਲਤਾੜਨ ਵਾਸਤੇ ਨੇ, ਇਸ ਤੋਂ ਇਲਾਵਾ ਕੁੱਝ ਨਹੀਂ। ਕੋਈ ਵੀ ਬੰਦਾ, ਇਸ ਵੇਲੇ ਪਟਾਕਿਆਂ ਦੇ ਪ੍ਰਦੂਸ਼ਣ 'ਤੇ ਬੋਲਦਾ ਵਿਖਾਈ ਨਹੀਂ ਦੇ ਰਿਹਾ। ਉਨ੍ਹਾਂ ਨੂੰ ਸਿਰਫ਼ 'ਤੇ ਸਿਰਫ਼ ਕਿਸਾਨਾਂ ਦੁਆਰਾ ਸਾੜੀ ਜਾਂਦੀ ਪਰਾਲੀ ਹੀ ਵਿਖਾਈ ਦਿੰਦੀ ਹੈ। ਕਿਸਾਨ ਪਰਾਲੀ ਕਿਉਂ ਸਾੜਦੇ ਨੇ, ਇਸ ਦਾ ਜਵਾਬ ਉਹ ਲੋਕ ਕਦੇ ਵੀ ਨਹੀਂ ਦੇ ਪਾਉਂਦੇ, ਜਿਹੜੇ ਨਿੱਤ ਦਿਨੀਂ ਨਵੇਂ ਨਵੇਂ ਹੁਕਮ ਜਾਰੀ ਕਰਦੇ ਨੇ।

ਪਿਛਲੇ ਦਿਨੀਂ ਪ੍ਰਸ਼ਾਸਨਿਕ ਅਧਿਕਾਰੀਆਂ ਦੇ ਵੱਲੋਂ ਇੱਕ ਬਿਆਨ ਜਾਰੀ ਕੀਤਾ ਗਿਆ, ਜੋ ਹੁਣ ਵੀ ਜਾਰੀ ਕੀਤਾ ਜਾ ਰਿਹਾ ਹੈ ਅਤੇ ਹਰ ਸਾਲ ਜਾਰੀ ਕੀਤਾ ਜਾਂਦਾ ਹੈ ਕਿ, ਜਿਸ ਦੇ ਵਿੱਚ ਦੱਸਿਆ ਗਿਆ ਕਿ ਪਟਾਕੇ 'ਇੰਨੇ ਸਮੇਂ ਤੋਂ ਇੰਨੇ ਸਮੇਂ ਤੱਕ' ਚਲਾਏ ਜਾ ਸਕਦੇ ਨੇ, ਇਹਨਾਂ ਹੁਕਮਾਂ ਦੇ ਵਿੱਚ ਤਾਂ ਦਸਹਿਰੇ ਦੇ ਪਟਾਕੇ ਚਲਾਉਣ ਤੋਂ ਲੈ ਕੇ ਨਵੇਂ ਸਾਲ ਕ੍ਰਿਸਮਿਸ ਅਤੇ ਗੁਰਪੁਰਬ ਨੂੰ ਮਿਲਾ ਕੇ ਸਾਰਾ ਸਮਾਂ ਨਿਰਧਾਰਿਤ ਕੀਤਾ ਗਿਆ ਸੀ। ਬਿਆਨ ਵਿੱਚ ਵੀ ਇਹ ਦੱਸਿਆ ਗਿਆ ਕਿ ਦਸਹਿਰੇ ਵਾਲੇ ਦਿਨ ਸ਼ਾਮ 6 ਵਜੇ ਤੋਂ 7 ਵਜੇ ਤੱਕ ਪਟਾਕੇ ਚਲਾਓ, ਦੀਵਾਲੀ ਦੀ ਰਾਤ ਸ਼ਾਮ 8 ਵਜੇ ਤੋਂ ਰਾਤ 10 ਵਜੇ ਤੱਕ ਪਟਾਕੇ ਚਲਾਓ, ਮਤਲਬ ਤਿੰਨ ਘੰਟੇ ਪੂਰਾ ਪ੍ਰਦੂਸ਼ਣ ਫੈਲਾਓ... ਕੋਈ ਤੁਹਾਨੂੰ ਰੋਕਣ ਟੋਕਣ ਵਾਲਾ ਨਹੀਂ।

ਨਿਊਯਾਰਕ
ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
-ਗੁਰਪ੍ਰੀਤ
ਸੰਪਰਕ - 09569820314

ਗੁਰਪੁਰਬ ਮੌਕੇ ਸਵੇਰੇ 4 ਵਜੇ ਤੋਂ ਸਵੇਰੇ 5 ਵਜੇ ਤੱਕ ਇੱਕ ਘੰਟਾ, ਖ਼ੂਬ ਪਟਾਕੇ ਚਲਾਓ... ਰਾਤ 9 ਵਜੇ ਤੋਂ 10 ਵਜੇ ਤੱਕ ਪਟਾਕੇ ਚਲਾਓ, ਮਤਲਬ ਇੱਕ ਘੰਟਾ ਗੁਰਪੁਰਬ ਮੌਕੇ... ਇੱਕ ਇੱਕ ਘੰਟਾ ਸਵੇਰੇ, ਇੱਕ ਘੰਟਾ ਰਾਤ ਨੂੰ ਪਟਾਕੇ ਚਲਾਓ। ਸਰਕਾਰ ਨੇ ਜਿਹੜਾ ਆਦੇਸ਼ ਪ੍ਰਸ਼ਾਸਨ ਨੂੰ ਜਾਰੀ ਕੀਤਾ, ਉਸ ਆਦੇਸ਼ ਦੇ ਤਹਿਤ ਘੰਟਾ-ਘੰਟਾ ਪਟਾਕੇ ਚਲਾਏ ਜਾਣਗੇ। ਇਸ ਤੋਂ ਇਲਾਵਾ ਕ੍ਰਿਸਮਿਸ ਤੇ ਨਵੇਂ ਸਾਲ ਮੌਕੇ ਰਾਤ 11 ਵਜੇ ਤੋਂ ਲੈ ਕੇ 12 ਵਜੇ 30 ਮਿੰਟ ਤੱਕ, ਮਤਲਬ 35 ਮਿੰਟ ਤੱਕ ਪਟਾਕੇ ਖ਼ੂਬ ਚਲਾਏ ਜਾ ਸਕਦੇ ਨੇ। ਪ੍ਰਸ਼ਾਸਨ/ ਸਰਕਾਰ ਦੇ ਵੱਲੋਂ ਪਟਾਕੇ ਚਲਾਉਣ ਦਾ ਸਮਾਂ ਨਿਰਧਾਰਿਤ ਕਰ ਦਿੱਤਾ ਗਿਆ, ਪਰ ਸਵਾਲ ਇੱਥੇ ਇਹ ਉੱਠਦਾ ਜੇਕਰ ਪਟਾਕੇ ਚਲਾਉਣ ਦੇ ਨਾਲ ਪ੍ਰਦੂਸ਼ਣ ਨਹੀਂ ਫੈਲਦਾ, ਮਤਲਬ ਘੰਟਾ, ਦੋ ਘੰਟੇ, ਤਿੰਨ ਘੰਟੇ, ਚਾਰ ਘੰਟੇ ਜਾਂ ਫਿਰ ਪੰਜ ਘੰਟੇ ਪਟਾਕੇ ਚਲਾਉਣ ਦੇ ਨਾਲ ਪ੍ਰਦੂਸ਼ਣ ਨਹੀਂ ਫੈਲਦਾ, ਸਮਾਂ ਨਿਰਧਾਰਿਤ ਕਰ ਦਿੱਤਾ ਜਾਵੇ ਕਿ ਫਲਾਣੇ ਟਾਈਮ ਤੋਂ ਫਲਾਣੇ ਟਾਈਮ ਤੱਕ ਪਟਾਕੇ ਚਲਾਓ... ਇਸ ਨਾਲ ਪ੍ਰਦੂਸ਼ਣ ਨਹੀਂ ਫੈਲੇਗਾ। ਕੀ ਪ੍ਰਸ਼ਾਸਨ ਜਾਂ ਫਿਰ ਸਰਕਾਰ ਇਹਨਾਂ ਸਵਾਲਾਂ 'ਤੇ ਜਵਾਬ ਦੇ ਸਕੇਗੀ ਕਿ, ਇਹਨਾਂ ਸਮਿਆਂ ਦੇ ਵਿੱਚ ਪ੍ਰਦੂਸ਼ਣ ਨਹੀਂ ਫੈਲੇਗਾ ?

ਕੀ ਕਿਸਾਨ ਦੁਆਰਾ ਲਗਾਈ ਗਈ ਪਰਾਲੀ ਦੇ ਨਾਲ ਹੀ ਇਕੱਲਾ ਪ੍ਰਦੂਸ਼ਣ ਫੈਲਦਾ ? ਮੈਂ ਪਰਾਲੀ ਸਾੜਨ ਵਾਲੀ ਗੱਲ ਦੀ ਹਿਮਾਇਤ ਨਹੀਂ ਕਰਦਾ, ਪਰ ਮੇਰਾ ਸਵਾਲ ਇਹ ਹੈ ਕਿ ਜੇਕਰ ਕਿਸਾਨ ਦੁਆਰਾ ਸਾੜੀ ਗਈ ਪਰਾਲੀ ਦਾ ਪ੍ਰਦੂਸ਼ਣ ਹੀ ਲੀਡਰਾਂ ਅਤੇ ਸਰਕਾਰਾਂ ਦੇ ਨਾਸੀਂ ਧੂੰਆਂ ਕਢਾ ਦਿੰਦਾ ਤਾਂ, ਫਿਰ ਪਟਾਕਿਆਂ 'ਤੇ ਪੂਰਨ ਤੌਰ 'ਤੇ ਪਾਬੰਦੀ ਕਿਉਂ ਨਹੀਂ ਲਗਾਈ ਜਾਂਦੀ ? ਪਟਾਕੇ ਅਤੇ ਆਤਿਸ਼ਬਾਜ਼ੀ ਚਲਾਉਣ ਦਾ ਸਮਾਂ ਕਿਉਂ ਨਿਰਧਾਰਿਤ ਕੀਤਾ ਜਾਂਦਾ ? ਕਿਉਂ ਸਰਕਾਰ ਸਿਰਫ਼ ਤੇ ਸਿਰਫ਼ ਇੱਕ ਤਬਕੇ ਨੂੰ ਹੀ ਲਤਾੜਨ 'ਤੇ ਲੱਗੀ ਹੋਈ ਹੈ। ਇੱਕ ਤਬਕੇ ਨੂੰ ਹੀ ਬਲੀ ਦਾ ਬੱਕਰਾ ਕਿਉਂ ਬਣਾਇਆ ਜਾਂਦਾ ?

ਸਾਡੇ ਮੁਲਕ ਦੇ ਅੰਦਰ ਪ੍ਰਦੂਸ਼ਣ ਫੈਲਾਉਣ ਵਾਲੇ ਹੋਰ ਵੀ ਬਥੇਰੇ ਕਾਰਖ਼ਾਨੇ, ਫ਼ੈਕਟਰੀਆਂ ਅਤੇ ਹੋਰ ਬੜਾ ਕੁੱਝ ਹੈ, ਜਿਸ ਦੇ ਬਾਰੇ ਕਦੀ ਵੀ ਸਰਕਾਰਾਂ ਨਹੀਂ ਬੋਲਦੀਆਂ, ਪ੍ਰਦੂਸ਼ਣ ਬੋਰਡ ਵੀ ਸਿਰਫ਼ ਤੇ ਸਿਰਫ਼ ਸਿਆਸੀ ਬਿਆਨਬਾਜ਼ੀ ਦੇ ਵਿੱਚ ਰੁੱਝਿਆ ਹੋਇਆ, ਉਨ੍ਹਾਂ ਨੂੰ ਵੀ ਇਸ ਗੱਲ ਦਾ ਅਤਾ ਪਤਾ ਨਹੀਂ ਚੱਲਦਾ ਕਿ, ਪਟਾਕਿਆਂ ਦੇ ਨਾਲ ਵੀ ਪ੍ਰਦੂਸ਼ਣ ਫੈਲਦਾ! ਜੇਕਰ ਸਰਕਾਰ/ ਪ੍ਰਸ਼ਾਸਨ ਪਟਾਕੇ ਚਲਾਉਣ ਦਾ ਸਮਾਂ ਨਿਰਧਾਰਿਤ ਕਰ ਸਕਦਾ ਤਾਂ, ਫਿਰ ਪਰਾਲੀ ਸਾੜਨ ਦਾ ਵੀ ਸਮਾਂ ਨਿਰਧਾਰਿਤ ਕਰਦੇ ਹੋ ਜਨਾਬ!

ਜੇ ਪਟਾਕੇ ਚਲਾਉਣ ਦੇ ਨਾਲ ਪ੍ਰਦੂਸ਼ਣ ਨਹੀਂ ਫੈਲਦਾ ਤਾਂ, ਫਿਰ ਮੰਨ ਲਓ ਵੀ ਪਰਾਲੀ ਸਾੜਨ ਦੇ ਨਾਲ ਕਿਹੜਾ ਪ੍ਰਦੂਸ਼ਣ ਫੈਲ ਜਾਏਗਾ ? ਕਿਉਂਕਿ ਤੁਸੀਂ ਪਟਾਕੇ ਚਲਾਉਣ 'ਤੇ ਤਾਂ ਦੋ ਤੋਂ ਢਾਈ ਘੰਟੇ ਜਾਂ ਤਿੰਨ ਘੰਟੇ ਜਾਂ ਚਾਰ ਘੰਟੇ ਦੀ ਖੁੱਲ ਦੇ ਦਿੱਤੀ ਤਾਂ, ਕੀ ਪਰਾਲੀ ਸਾੜਨ ਵਾਸਤੇ ਵੀ ਦੋ ਚਾਰ ਘੰਟੇ ਦੀ ਖੁੱਲ ਦੇ ਦਿਓਗੇ ? ਹੁਣ ਦੱਸੋ, ਕੀ ਪਰਾਲੀ ਸਾੜਨ ਦੇ ਨਾਲ ਹੀ ਇਕੱਲਾ ਪ੍ਰਦੂਸ਼ਣ ਫੈਲਦਾ, ਪਟਾਕੇ ਚਲਾਉਣ ਦੇ ਨਾਲ, ਸਿਰਫ਼ ਜੰਗਲ ਅਤੇ ਹੋਰ ਹਰਿਆਲੀ ਆਉਂਦੀ ਹੈ ? ਖ਼ੈਰ ਮਸਲਾ ਲੰਮਾ ਚੌੜਾ, ਪਰ ਸਵਾਲ ਵੀ ਬੜੇ ਨੇ! ਆਖ਼ਿਰ 'ਤੇ ਤਾਂ ਇੱਕੋ ਗੱਲ ਹੀ ਕਹਿਣੀ ਬਣਦੀ ਹੈ ਕਿ, ਇਹ ਪ੍ਰਦੂਸ਼ਣ ਇਕੱਲਾ ਸਰਕਾਰੀ ਅੰਕੜਿਆਂ ਦੇ ਮੁਤਾਬਿਕ ਕਿਸਾਨ ਹੀ ਫੈਲਾਉਂਦੇ ਨੇ, ਇਸ ਤੋਂ ਇਲਾਵਾ ਹੋਰ ਕੋਈ ਨਹੀਂ। ਚਲੋ ਭਾਈ, ਕਿਸਾਨ ਹੀ ਬਲੀ ਦਾ ਬੱਕਰਾ ਹੈ, ਜਿਹੜਾ ਕਦੇ ਹੜਾਂ ਦੀ ਮਾਰ ਝੱਲਦਾ, ਕਦੇ ਹੋਰ ਕੁਦਰਤੀ ਕਰੋਪੀ ਦਾ ਸ਼ਿਕਾਰ ਹੁੰਦਾ ਅਤੇ ਹੁਣ ਸਰਕਾਰੀ ਤੰਤਰ ਦਾ ਸ਼ਿਕਾਰ ਹੋ ਰਿਹਾ।

ਸਰਕਾਰਾਂ ਨੂੰ ਪਰਾਲੀ ਦਾ ਠੋਸ ਹੱਲ ਲੱਭਣਾ ਚਾਹੀਦਾ, ਨਾ ਕਿ ਉਨ੍ਹਾਂ 'ਤੇ ਮੁਕੱਦਮੇ ਠੋਕ ਕੇ ਜੁਰਮਾਨੇ ਲਗਾ ਕੇ ਜੇਲ੍ਹਾਂ ਦੇ ਅੰਦਰ ਸੁੱਟਣਾ ਚਾਹੀਦਾ। ਵੇਖਦੇ ਹਾਂ ਕਿ ਅਗਲੇ ਸਮੇਂ ਦੇ ਵਿੱਚ ਕੀ ਕੁੱਝ ਬਣਦਾ, ਪਰ ਇਸ ਵੇਲੇ ਤਾਂ ਸਪਸ਼ਟ ਸ਼ਬਦਾਂ ਵਿੱਚ ਇਹ ਆਖਿਆ ਜਾ ਸਕਦਾ ਹੈ ਕਿ ਪਟਾਕਿਆਂ ਨੂੰ ਚਲਾਉਣ ਵਾਸਤੇ ਸਮਾਂ ਨਿਰਧਾਰਿਤ ਕਰਨ ਵਾਲੀ ਸਰਕਾਰ ਸਿੱਧੇ ਅਤੇ ਸ਼ਰੇਆਮ ਕਿਸਾਨਾਂ ਨੂੰ ਬਲੀ ਦਾ ਬੱਕਰਾ ਬਣਾ ਕੇ ਪ੍ਰਦੂਸ਼ਣ ਫੈਲਾਉਣ ਦੇ ਤਹਿਤ ਜੇਲ੍ਹਾਂ ਦੇ ਅੰਦਰ ਡੱਕ ਰਹੀ ਹੈ.....!

# ਪੰਜਾਬ ਅੰਦਰ ਹੜ੍ਹਾਂ ਦੀ ਭਿਆਨਕ ਤਬਾਹੀ ਦੇ ਭਿਆਨਕ ਜ਼ਖ਼ਮ



ਪਿਛਲੇ ਦਿਨੀ ਪੰਜਾਬ ਅੰਦਰ ਹੜ੍ਹਾਂ ਨੇ ਭਿਆਨਕ ਤਬਾਹੀ ਕੀਤੀ ਹੈ । ਇੱਕ ਅੰਦਾਜੇ ਮੁਤਾਬਿਕ ਕਰੀਬ 3 ਲੱਖ ਏਕੜ ਝੋਨੇ ਦੀ ਫਸਲ ਤਬਾਹ ਹੋ ਚੁੱਕੀ ਹੈ ਅਤੇ ਸੈਂਕੜੇ ਘਰ ਢਹਿ ਚੁੱਕੇ ਹਨ । ਬਹੁਤ ਸਾਰੇ ਖੇਤਰਾਂ ਅੰਦਰ ਜਾਨੀ ਅਤੇ ਮਾਲੀ ਨੁਕਸਾਨ ਵੀ ਹੋਇਆ ਹੈ । ਸਰਕਾਰੀ ਅੰਕੜਿਆਂ ਮੁਤਾਬਕ ਪੰਜਾਬ ਦੇ 12 ਜ਼ਿਲ੍ਹਿਆਂ ਦੇ ਅੰਦਰ ਹੜ੍ਹਾਂ ਦੇ ਪਾਣੀ ਨੇ ਭਾਰੀ ਤਬਾਹੀ ਮਚਾਈ ਹੈ । ਝੋਨਾ ਖੇਤਾਂ ਦੇ ਵਿੱਚ ਖੜਾ ਤਬਾਹ ਹੋ ਗਿਆ ਹੈ । ਘਰਾਂ ਦੀ ਤਬਾਹੀ ਦਾ ਆਲਮ ਬੇਹੱਦ ਖਤਰਨਾਕ ਹੈ ਕਈ ਪਿੰਡਾਂ ਦੀ ਤਾਂ ਸਥਿਤੀ ਅਜੇ ਵੀ ਡਾਵਾਂ ਡੋਲ ਬਣੀ ਹੋਈ ਹੈ । ਦਰਿਆ ਦੇ ਪਾਣੀ ਨੇ ਤਬਾਹੀ ਦਾ ਜੋ ਮੰਜਰ ਪੈਦਾ ਕੀਤਾ ਹੈ ਉਸ ਨੂੰ ਵੇਖ ਕੇ ਕਿਸੇ ਵੀ ਇਨਸਾਨ ਦੇ ਅਰਾਉਂਟ ਤੇ ਖੜੇ ਹੋ ਜਾਣ । ਪੰਜਾਬ ਦਾ ਇੱਕ ਹਿੱਸਾ ਹੜ੍ਹਾਂ ਦੀ ਇਨਾਂ ਤਬਾਹੀ ਨੇ ਪੂਰੀ ਤਰ੍ਹਾਂ ਨੇਸਤੋਂ ਨਬੂਦ ਕਰ ਦਿੱਤਾ ਹੈ । ਉਹ ਪਰਿਵਾਰ ਉਹ ਘਰ ਤੇ ਉਹ ਪਿੰਡ ਕਿਵੇਂ ਮੁੜ ਕੇ ਉੱਠਣ ਜੋਗੇ ਖੜੇ ਹੋ ਜਾਣਗੇ ਜੋ ਆਲਮ ਤਬਾਹੀ ਹੜ੍ਹਾਂ ਦੇ ਇਸ ਪਾਣੀ ਨੇ ਮਚਾਈ ਹੈ । ਸਥਿਤੀ ਬੇਹੱਦ ਖਰਾਬ ਹੈ ।

ਸਰਕਾਰਾਂ ਨੇ ਕਦੇ ਵੀ ਪੰਜਾਬੀਆਂ ਦੀ ਬਾਂਹ ਨਹੀਂ ਫੜੀ । ਉਹ ਗੱਲ ਭਾਵੇਂ ਹੜ੍ਹਾਂ ਦੇ ਪਾਣੀ ਦੀ ਹੋਵੇ ਜਾਂ ਹੋਰ ਨਾ ਕਾਰਨਾਂ ਦੀ । ਪੰਜਾਬ ਦਾ ਭਾਰੀ ਨੁਕਸਾਨ ਹੋਇਆ ਹੈ । ਪੰਜਾਬੀਆਂ ਦੀ ਕਰੋੜਾਂ ਅਰਬਾਂ ਰੁਪਏ ਦੀ ਜਾਇਦਾਤ ਤਬਾਹ ਹੋ ਜਾਂਦੀ ਹੈ ਅਤੇ ਪੰਜਾਬ ਸਿਆਸਤ ਦੀ ਭੇਟ ਚੜ ਜਾਂਦਾ ਹੈ । ਜੇਕਰ ਹੁਣ ਵੀ ਗੱਲ ਕਰੀਏ ਤਾਂ ਇੱਥੇ ਸਰਕਾਰ ਵੱਲੋਂ ਪਹਿਲਾਂ ਪੰਜਾਬ ਦੇ ਮੁੱਖ ਮੰਤਰੀ ਨੇ ਇਸ ਨੂੰ ਕੁਦਰਤੀ ਕਰੋਪੀ ਨਾ ਆ ਕੇ ਕੇਂਦਰ ਸਰਕਾਰ ਦੀ ਕਰੋਪੀ ਆਖਦਿਆਂ ਰੱਜ ਕੇ ਕੋਸਿਆ ਗਿਆ ਸੱਚ ਕੀ ਹੈ ਰੱਬ ਜਾਣੇ ਪਰ ਇਸ ਹੜ੍ਹਾਂ ਦੇ ਪਾਣੀ ਵਿੱਚ ਪੰਜਾਬੀਆਂ ਦਾ ਸਭ ਕੁਝ ਬਹਿ ਗਿਆ ਹੈ । ਕਿਸਾਨ ਪਰਿਵਾਰਾਂ ਦੇ ਸੁਪਨੇ ਇਸ ਹੜ ਦੇ ਪਾਣੀ ਦੀ ਵਿੱਚ ਬਹਿ ਗਏ ਹਨ । ਸਰਕਾਰਾਂ ਦੇ ਵਾਅਦੇ ਅਤੇ ਦਾਵੇ ਮੁੱਕਣ ਦਾ ਨਾਮ ਨਹੀਂ ਲੈ ਰਹੇ ਕਿਸਾਨੀ ਦੀ ਹਾਲਤ ਬੇਹੱਦ ਤਰਸਯੋਗ ਬਣੀ ਹੋਈ ਹੈ ।

ਪੰਜਾਬ ਸਰਕਾਰ ਵੱਲੋਂ ਭਾਵੇਂ ਵੱਡੇ ਪੱਧਰ ਤੇ ਕਿਸਾਨਾਂ ਦੀ ਮਦਦ ਕਰਨ ਦੀ ਗੱਲ ਕੀਤੀ ਜਾ ਰਹੀ ਹੈ ਪਰ ਅਸਲ ਸੱਚ ਕੀ ਹੈ ਜ਼ਮੀਨੀ ਹਕੀਕਤਾਂ ਕੀ ਹਨ । ਉਹ ਤਾਂ ਹੜ ਪੀੜਿਤ ਪਰਿਵਾਰ ਹੀ ਜਾਣਦੇ ਹਨ ।ਕੇਂਦਰ ਸਰਕਾਰ ਨੂੰ ਮੌਜੂਦਾ ਸਮੇਂ ਔਖੀ ਘੜੀ ਦੇ ਅੰਦਰ ਪੰਜਾਬ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਦੇ ਕਿਸਾਨ ਦੀ ਬਾਂਹ ਫੜਨੀ ਚਾਹੀਦੀ ਹੈ, ਕਿਉਂਕਿ ਪੰਜਾਬ ਨੇ ਸਦਾ ਹੀ ਦੇਸ਼ ਦੇ ਅੰਨ ਭੰਡਾਰ ਨੂੰ ਭਰਨ ਦੇ ਲਈ ਆਪਣਾ ਵੱਡਾ ਯੋਗਦਾਨ ਪਾਇਆ ਹੈ ।ਪੰਜਾਬ ਨੇ ਸਦਾ ਹੀ ਦੇਸ਼ ਦੇ ਹਿੱਤਾਂ ਦੇ ਖਾਤਰ ਆਪਣਾ ਭਰਵਾਂ ਯੋਗਦਾਨ ਪਾ ਕੇ ਆਪਣੀ ਵਫ਼ਾਦਾਰੀ ਦਾ ਸਬੂਤ ਦਿੱਤਾ ਹੈ । ਪਰ ਪਤਾ ਨਹੀਂ ਕਿਉਂ ਕੇਂਦਰ ਸਰਕਾਰ ਸਦਾ ਹੀ ਪੰਜਾਬ ਦੇ ਨਾਲ ਵਿਤਕਰਾ ਕਰਦੀ ਆਈ ਹੈ ।

ਨਿਊਯਾਰਕ
ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਲੇਖ਼ਕ ਸ਼ਿੰਦਰ ਸਿੰਘ ਮੀਰਪੁਰੀ
5592850841

ਅੱਜ ਜਦ ਪੰਜਾਬ ਨੂੰ ਕੇਂਦਰ ਸਰਕਾਰ ਦੀ ਲੋੜ ਹੈ ਤਾਂ ਸਰਕਾਰ ਨੇ ਮਹਿਜ਼ 1600 ਕਰੋੜ ਰੁਪਿਆ ਦੇ ਕੇ ਬੁੱਤਾ ਸਾਰ ਦਿੱਤਾ ਹੈ । ਆਗੂਆਂ ਨੇ ਆਖਿਆ ਕਿ ਚੰਗਾ ਹੋਵੇ ਜੇਕਰ ਇਹ ਔਖੀ ਘੜੀ ਅੰਦਰ ਕੇਂਦਰ ਪੰਜਾਬ ਨੂੰ ਇੱਕ ਵੱਡਾ ਪੈਕਜ ਦੇ ਕੇ ਕਿਸਾਨਾਂ ਦੇ ਅੱਲ੍ਹੇ ਜ਼ਖ਼ਮਾਂ ਤੇ ਮੱਲ੍ਹਮ ਲਗਾਉਣ ਦਾ ਕੰਮ ਕਰੇ । ਆਗੂਆਂ ਨੇ ਆਖਿਆ ਕਿ ਕਰੀਬ 3 ਲੱਖ ਏਕੜ ਝੋਨੇ ਦੀ ਫਸਲ ਤਬਾਹ ਹੋ ਚੁੱਕੀ ਹੈ ਅਤੇ 2 ਹਜ਼ਾਰ ਪਿੰਡ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਚੁੱਕੇ ਹਨ ਪਰ ਸਰਕਾਰ ਕਿਸਾਨਾਂ ਨਾਲ ਮਜ਼ਾਕ ਕਰ ਰਹੀ ਪ੍ਰਤੀਤ ਹੁੰਦੀ ਹੈ । ਪਹਿਲੀਆਂ ਸਰਕਾਰਾਂ ਨੇ ਵੀ ਪੰਜਾਬ ਦੀ ਕਿਸਾਨੀ ਦਾ ਕੁਝ ਸਵਾਰਨ ਦਾ ਯਤਨ ਨਹੀਂ ਕੀਤਾ ਹਾਂ ਕਿਸਾਨਾਂ ਨੂੰ ਨਿਰਾਸ਼ ਜਰੂਰ ਕੀਤਾ ਹੈ ਇਹੀ ਹਾਲ ਮੌਜੂਦਾ ਸਰਕਾਰਾਂ ਕਰ ਰਹੀਆਂ ਹਨ । ਬਾਕੀ ਸੂਬਿਆਂ ਦੇ ਅੰਦਰ ਵੀ ਭਾਵੇਂ ਹੜ੍ਹਾਂ ਨੇ ਭਾਰੀ ਤਬਾਹੀ ਮਚਾਈ ਹੈ ਪਰ ਉੱਥੇ ਸਰਕਾਰਾਂ ਨੇ ਬਹੁਤ ਕੁਝ ਕੀਤਾ । ਇੱਥੇ ਇੱਕ ਗੱਲ ਦਾ ਜ਼ਿਕਰ ਜਰੂਰ ਕਰਨਾ ਚਾਹਾਂਗਾ ਕਿ ਭਾਵੇਂ ਸਰਕਾਰ ਅਤੇ ਸਰਕਾਰੀ ਤੰਤਰ ਨੇ ਹੜ੍ਹਾਂ ਦੀ ਤਬਾਹੀ ਦੌਰਾਨ ਬਹੁਤ ਕੁਝ ਘੱਟ ਕੀਤਾ ਹੈ ਪਰ ਉਸ ਦੇ ਮੁਕਾਬਲੇ ਤੇ ਜੇਕਰ ਗੱਲ ਕਰੀਏ ਕਲਾਕਾਰ ਵਰਗ ਦੀ ਜਾਂ ਫਿਲਮਾਂ ਕਾਰਾਂ ਦੀ ਤਾਂ ਉਹਨਾਂ ਨੇ ਵੱਡੇ ਪੱਧਰ ਤੇ ਪੈਸਾ ਦੇ ਕੇ ਕਿਸਾਨਾਂ ਦੀ ਬਾਂਹ ਫੜਨ ਦੀ ਕੋਸ਼ਿਸ਼ ਜਰੂਰ ਕੀਤੀ ਹੈ। ਸਰਕਾਰਾਂ ਦੀ ਗੱਲ ਤਾਂ ਛੱਡੋ । ਹਾਂ ਸਮਾਜ ਕਿਸੇ ਵੀ ਜਥੇਬੰਦੀਆਂ ਅਤੇ ਥੋੜੇ ਬਹੁਤ ਸੰਤ ਬਾਬੇ ਵੀ ਇਸ ਵੇਲੇ ਕਿਸਾਨ ਭਾਈਚਾਰੇ ਦੀ ਮਦਦ ਕਰ ਰਹੇ ਹਨ । ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ ਵੱਲੋਂ ਵੀ ਵੱਡਾ ਯੋਗਦਾਨ ਪਾਇਆ ਜਾ ਰਿਹਾ ਹੈ । ਕਈ ਕਲਾਕਾਰਾਂ ਨੇ ਵੀ ਪੈਸੇ ਦੀ ਹਨੇਰੀ ਲਿਆਂਦੀ ਹੈ । ਕੁਝ ਵੀ ਹੋਵੇ ਪੰਜਾਬ ਅੰਦਰ ਹੜ੍ਹਾਂ ਦੇ ਪਾਣੀ ਨੇ ਪੰਜਾਬੀਆਂ ਦਾ ਵੱਡਾ ਨੁਕਸਾਨ ਕੀਤਾ ਹੈ ਜਿਨਾਂ ਨੂੰ ਮੁੜ ਪੈਰਾਂ ਸਿਰ ਹੋਣ ਨੂੰ ਕਈ ਵਰੇ ਲੱਗ ਜਾਣਗੇ । ਜਦਕਿ ਸਰਕਾਰ ਨੂੰ ਚਾਹੀਦਾ ਹੈ ਕੋਈ ਇਹੋ ਜਿਹੀ ਚੀਜ਼ਾਂ ਪ੍ਰਤੀ ਪਹਿਲਾਂ ਖਿਆਲ ਰੱਖੇ ਅਤੇ ਲੋੜ ਅਨੁਸਾਰ ਕੰਮ ਕਰੇ । ਆਓ ਸਾਰੇ ਇਕੱਠੇ ਹੋ ਕੇ ਹੜ ਪਰਿਵਾਰਾਂ ਦੀ ਮਦਦ ਕਰੀਏ ।

# ਹਿੰਦੀ ਕਹਾਣੀ : ਇਸ਼ਕ ਦਾ ਰੰਗ ਗ੍ਰੇਅ

ਨਿਊਯਾਰਕ ਪ੍ਰੀਤਨਾਮਾ ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਮੂਲ : ਡਾ. ਰੰਜਨਾ ਜਾਇਸਵਾਲ
ਅਨੁ : ਪ੍ਰੋ. ਨਵ ਸੰਗੀਤ ਸਿੰਘ

ਮੋਬਾਈਲ ਦੀ ਘੰਟੀ ਲਗਾਤਾਰ ਵੱਜ ਰਹੀ ਸੀ। ਕਮਰੇ ਵਿੱਚ ਖਾਮੋਸ਼ੀ ਛਾਈ ਹੋਈ ਸੀ। ਕਮਰੇ ਦੀ ਮਾਲਕਣ ਮਧੂ ਬਾਥਰੂਮ ਵਿੱਚ ਸੀ।ਘੰਟੀ ਦੀ ਆਵਾਜ਼ ਸੁਣ ਕੇ ਉਹ ਇੱਕ ਪਲ ਲਈ ਘਬਰਾ ਗਈ। ਉਸਦੇ ਚਿਹਰੇ 'ਤੇ ਸਾਬਣ ਲੱਗੀ ਹੋਈ ਸੀ। ਉਸਦੇ ਹੱਥ ਰੁਕ ਗਏ। ਉਹ ਸੋਚੀਂ ਪੈ ਗਈ, 'ਏਸ ਵੇਲੇ ਕੀਹਦਾ ਫੋਨ ਹੋਵੇਗਾ!'

ਮਧੂ ਨੇ ਆਪਣੇ ਚਿਹਰੇ ਤੇ ਲੱਗੇ ਫੇਸਵਾਸ਼ ਨੂੰ ਧੋਤਾ ਅਤੇ ਗਿੱਲੀਆਂ ਅੱਖਾਂ ਅਤੇ ਚਿਹਰੇ ਨੂੰ ਤੌਲੀਏ ਨਾਲ ਪੂੰਝਦੇ ਹੋਏ ਬਾਥਰੂਮ ਤੋਂ ਬਾਹਰ ਆ ਗਈ।

÷ਆ ਰਹੀ ਹਾਂ ਬਈ, ਲੋਕਾਂ ਵਿੱਚ ਜ਼ਰਾ ਵੀ ਸਬਰ ਨਹੀਂ ਹੈ।÷ ਮਧੂ ਨੇ ਆਪਣੇ ਗਿੱਲੇ ਹੱਥ ਤੌਲੀਏ ਨਾਲ ਪੂੰਝਦੇ ਹੋਏ ਕਿਹਾ।

ਪਰ ਉਸ ਕਮਰੇ ਵਿੱਚ ਉਸ ਤੋਂ ਇਲਾਵਾ ਹੋਰ ਕੌਣ ਸੀ ?... ਨਾਲ ਵਾਲੇ ਕਮਰੇ 'ਚੋਂ ਟੀਵੀ ਦੀ ਉੱਚੀ ਆਵਾਜ਼ ਆ ਰਹੀ ਸੀ।ਅਸ਼ੋਕ ਮੈਚ ਦੇਖਣ ਵਿੱਚ ਰੁੱਝੇ ਹੋਏ ਸਨ। ਡੇਅ-ਨਾਈਟ ਦੇ ਕ੍ਰਿਕਟ ਮੈਚ ਚੱਲ ਰਹੇ ਸਨ। ਕੁਮੈਂਟੇਟਰ ਗਲਾ ਪਾੜ-ਪਾੜ ਕੇ ਖਿਡਾਰੀਆਂ ਅਤੇ ਦਰਸ਼ਕਾਂ ਦਾ ਉਤਸ਼ਾਹ ਵਧਾ ਰਿਹਾ ਸੀ।ਤਾੜੀਆਂ ਦੀ ਤੇਜ਼ ਗੜਗੜਾਹਟ ਨਾਲ ਪੂਰਾ ਮਾਹੌਲ ਬਣਿਆ ਹੋਇਆ ਸੀ।ਉਦੋਂ ਹੀ ... ÷ਸ਼ਿਟ! ਕੀ ਲੋੜ ਸੀ ਖੇਡਣ ਦੀ ? ਸੰਭਲ-ਸੰਭਲ ਕੇ ਖੇਡਣ ਦਾ ਸਮਾਂ ਸੀ। ਦੱਸੋ, ਇੱਕ ਚੰਗੀ-ਖਾਸੀ ਸੈਂਚੁਰੀ ਰਹਿ ਗਈ।ਹੱਤ ਤੇਰੀ ...÷

ਮਧੂ ਦਾ ਧਿਆਨ ਮੋਬਾਈਲ ਫੋਨ ਤੋਂ ਹੱਟ ਕੇ ਅਸ਼ੋਕ ਦੇ ਰੌਲੇ-ਰੱਪੇ ਵੱਲ ਚਲਾ ਗਿਆ। ਫ਼ੋਨ ਬੰਦ ਹੋ ਚੁੱਕਾ ਸੀ।ਅਸ਼ੋਕ ਦੀ ਆਵਾਜ਼ ਵਿੱਚ ਝੁੰਜਲਾਹਟ ਸੀ।ਉਸਨੇ ਗੁੱਸੇ ਵਿੱਚ ਟੀਵੀ ਬੰਦ ਕਰ ਦਿੱਤਾ ਪਰ ਉਸਦੇ ਬੁੜਬੁੜਾਉਣ ਦੀਆਂ ਆਵਾਜ਼ਾਂ ਅਜੇ ਵੀ ਸੁਣਾਈ ਦੇ ਰਹੀਆਂ ਸਨ।ਮਧੂ ਨੇ ਆਪਣੇ ਕਮਰੇ ਦਾ ਦਰਵਾਜ਼ਾ ਬੰਦ ਕਰ ਦਿੱਤਾ ਅਤੇ ਸੋਚਣ ਲੱਗੀ ਕਿ ਇਸਤੋਂ ਬਿਹਤਰ ਤਾਂ ਮੈਚ ਹੀ ਸੀ।

ਮਧੂ ਦੀ ਨਜ਼ਰ ਮੇਜ਼ 'ਤੇ ਪਏ ਅੱਜ ਦੇ ਅਖ਼ਬਾਰ 'ਤੇ ਗਈ, ਜੋ ਅਸ਼ੋਕ ਦੇ ਹੱਥਾਂ ਵਿੱਚੋਂ ਗੁਜ਼ਰਨ ਤੋਂ ਬਾਅਦ ਹੁਣ ਉਸਦੇ ਹੱਥਾਂ ਵਿੱਚ ਆਇਆ ਸੀ।ਪੰਨੇ ਬੇਤਰਤੀਬੇ ਢੰਗ ਨਾਲ ਆਪਸ ਵਿੱਚ ਉਲਝੇ ਹੋਏ ਪਏ ਸਨ।ਉਹ ਅਖ਼ਬਾਰ ਦੀ ਅਜਿਹੀ ਹਾਲਤ ਤੋਂ ਬੇਚੈਨੀ ਮਹਿਸੂਸ ਕਰ ਰਹੀ ਸੀ।ਆਪਣੀਆਂ ਉਂਗਲਾਂ ਨਾਲ, ਜੋ ਸਮੇਂ ਦੇ ਨਾਲ ਬੁੱਢੀਆਂ ਹੋ ਰਹੀਆਂ ਸਨ, ਉਸਨੇ ਇੱਕ-ਇੱਕ ਕਰਕੇ ਹਰੇਕ ਪੰਨੇ ਨੂੰ ਥਾਂ ਸਿਰ ਕੀਤਾ ਅਤੇ ਬੇਹੀਆਂ ਹੋ ਚੁੱਕੀਆਂ ਖ਼ਬਰਾਂ ਵੱਲ ਸਰਸਰੀ ਜਿਹੀ ਨਜ਼ਰ ਮਾਰੀ। ਅਸ਼ੋਕ ਦੇ ਹੱਥਾਂ ਨਾਲ ਦਿਨ ਭਰ ਦੀ ਮਿਹਨਤ ਤੋਂ ਬਾਅਦ ਅਖ਼ਬਾਰ ਥਾਂ-ਥਾਂ ਤੋਂ ਮੁੜ-ਤੁੜ ਗਿਆ ਸੀ। ਮਧੂ ਨੇ ਅਸ਼ੋਕ ਦਾ ਵਿਵਹਾਰ ਅਤੇ ਉਸਦੀਆਂ ਉਂਗਲਾਂ ਦਾ ਖੁਰਦਰਾਪਣ ਬੇਤਰਤੀਬੇ ਪੰਨਿਆਂ ਵਿੱਚ ਮਹਿਸੂਸ ਕੀਤਾ।

ਵਿਆਹ ਤੋਂ ਪਹਿਲਾਂ ਉਹੀ ਘਰ ਵਿੱਚ ਸਭ ਤੋਂ ਪਹਿਲਾਂ ਅਖ਼ਬਾਰ ਪੜ੍ਹਦੀ ਸੀ।ਹਰ ਪੰਨੇ 'ਚੋਂ ਆਉਂਦੀ ਅਖ਼ਬਾਰ ਦੀ ਤਾਜ਼ੀ ਖੁਸ਼ਬੂ ਉਸਨੂੰ ਬਹੁਤ ਆਕਰਸ਼ਿਤ ਕਰਦੀ ਸੀ, ਪਰ ਪਿਛਲੇ ਤੀਹ ਸਾਲਾਂ ਵਿੱਚ ਅਸ਼ੋਕ ਨਾਲ ਬਿਤਾਏ ਪਲਾਂ ਵਿੱਚ ਉਹ ਮਹਿਕ ਅਲੋਪ ਹੋ ਗਈ ਸੀ। ਏਥੇ ਅਸ਼ੋਕ ਹੀ ਸਭ ਤੋਂ ਪਹਿਲਾਂ ਅਖ਼ਬਾਰ ਪੜ੍ਹਦੇ ਸਨ। ਘਰੇਲੂ ਜ਼ਿੰਮੇਵਾਰੀਆਂ ਅਤੇ ਆਪਣੇ-ਆਪ ਨੂੰ ਇੱਕ ਸਫਲ ਘਰੇਲੂ ਔਰਤ ਸਾਬਤ ਕਰਨ ਵਿੱਚ ਉਹਦਾ ਸਾਰਾ ਦਿਨ ਖੰਭ ਲਾ ਕੇ ਉੱਡ ਜਾਂਦਾ ਸੀ ਅਤੇ ਅਖ਼ਬਾਰ ਦੀ ਉਹ ਤਾਜ਼ੀ ਖੁਸ਼ਬੂ ਵੀ ਸਮੇਂ ਦੇ ਨਾਲ ਅਲੋਪ ਹੋ ਗਈ ਸੀ।ਪੰਨਿਆਂ ਨੂੰ ਧਿਆਨ ਨਾਲ ਸਮੇਟਦੇ ਹੋਏ ਉਸਦੀ ਨਜ਼ਰ ਇੱਕ ਖ਼ਬਰ 'ਤੇ ਰੁਕ ਗਈ - ÷ਬੁਢਾਪਾ ਸ਼ਾਂਤੀ ਨਾਲ ਕੱਟਣ ਦੀ ਇੱਛਾ ਨਾਲ ਵਧ ਰਹੇ ਹਨ -'ਗ੍ਰੇਅ ਤਲਾਕ'...÷

'ਗ੍ਰੇਅ ਤਲਾਕ'! ਜਿਉਂ ਹੀ ਮਧੂ ਨੇ ਪੂਰੀ ਖਬਰ ਪੜ੍ਹਨੀ ਸ਼ੁਰੂ ਕੀਤੀ, ਉਸਦੀ ਉਤਸੁਕਤਾ ਵਧ ਗਈ।... ਇੱਕ ਜੋੜੇ ਨੇ ਵਿਆਹ ਦੇ ਤੇਤੀ ਸਾਲ ਬਾਅਦ ਆਪਸੀ ਤਲਾਕ ਲਈ ਅਰਜ਼ੀ ਦਿੱਤੀ ਸੀ।ਉਹ ਆਪਣੇ ਬੱਚਿਆਂ ਦੀ ਪੜ੍ਹਾਈ ਅਤੇ ਵਿਆਹ ਲਈ ਇਕੱਠੇ ਰਹਿ ਰਹੇ ਸਨ, ਪਰ ਇੱਕ ਵਾਰ ਜਦੋਂ ਉਨ੍ਹਾਂ ਦੀਆਂ ਇਹ ਜ਼ਿੰਮੇਵਾਰੀਆਂ ਪੂਰੀਆਂ ਹੋ ਗਈਆਂ, ਤਾਂ ਉਨ੍ਹਾਂ ਨੂੰ ਅਹਿਸਾਸ ਹੋਇਆ ਕਿ ਉਹ ਇੱਕ ਦੂਜੇ ਲਈ ਬਣੇ ਹੀ ਨਹੀਂ।ਉਨ੍ਹਾਂ ਦਾ ਮੰਨਣਾ ਸੀ ਕਿ ਉਹ ਪਰਿਵਾਰ ਦੀ ਖੁਸ਼ੀ ਲਈ ਇਕੱਠੇ ਰਹੇ, ਪਰ ਹੁਣ ਉਹ ਆਪਣਾ ਬੁਢਾਪਾ ਸ਼ਾਂਤੀ ਨਾਲ ਬਿਤਾਉਣਾ ਚਾਹੁੰਦੇ ਸਨ।...ਮਧੂ ਨੇ ਇੱਕ ਡੂੰਘਾ ਸਾਹ ਲਿਆ, ਅਖਬਾਰ ਉੱਥੇ ਹੀ ਛੱਡ ਦਿੱਤਾ ਅਤੇ ਟੀਵੀ ਚਾਲੂ ਕਰ ਦਿੱਤਾ।

ਮਧੂ ਦੀਆਂ ਅੱਖਾਂ ਟੀਵੀ 'ਤੇ ਟਿਕੀਆਂ ਹੋਈਆਂ ਸਨ। ਉਸ ਦੀ ਮਨਪਸੰਦ ਫਿਲਮ ਸਟਾਰ ਦਾ ਇੱਕ ਗੀਤ ਚੱਲ ਰਿਹਾ ਸੀ।ਉਸ ਨੇ ਕਮਰੇ ਦੀ ਲਾਈਟ ਬੰਦ ਕਰ ਦਿੱਤੀ ਅਤੇ ਸਾਈਡ ਲੈਂਪ ਜਗਾ ਦਿੱਤਾ।ਮੱਧਮ ਰੌਸ਼ਨੀ ਨਾਲ ਕਮਰੇ ਦੇ ਹਨੇਰੇ ਤੇ ਇੱਕ ਖੁਸ਼ਨੁਮਾ ਅਹਿਸਾਸ ਫੈਲ ਗਿਆ।ਏਸੀ ਦੀ ਠੰਢੀ ਹਵਾ ਉਸਦੇ ਸਰੀਰ ਨੂੰ ਛੂਹ ਰਹੀ ਸੀ।ਉਸਨੇ ਰਿਮੋਟ 'ਤੇ ਵਾਲਿਊਮ ਦਾ ਬਟਨ ਦਬਾ ਕੇ ਆਵਾਜ਼ ਘਟਾ ਦਿੱਤੀ ਅਤੇ ਗਾਣੇ ਦਾ ਆਨੰਦ ਲੈਣ ਲੱਗੀ।ਸੁਰ-ਲਹਿਰਾਂ ਹਵਾ ਦੇ ਖੰਭਾਂ ਤੇ ਸਵਾਰ ਹੋ ਕੇ ਪੂਰੇ ਕਮਰੇ ਵਿੱਚ ਫੈਲ ਗਈਆਂ।

ਸਿਨੇ ਤਾਰਿਕਾ ਨੇ ਸ਼ੋਖ਼ ਲਾਲ ਸਾੜ੍ਹੀ ਪਾਈ ਹੋਈ ਸੀ। ਸਿਰ 'ਤੇ ਇੱਕ ਉੱਚਾ ਜੂੜਾ, ਤਰਾਸ਼ੀਆਂ ਭਵਾਂ, ਰੰਗੇ ਹੋਏ ਬੁੱਲ੍ਹ ਅਤੇ ਸਾੜ੍ਹੀ ਨਾਲ ਮੈਚ ਕਰਦਾ ਜੂੜੇ ਵਿੱਚ ਟੰਗਿਆ ਸੁਰਖ਼ ਗੁਲਾਬ ਇੱਕ ਸ਼ਰਾਰਤੀ ਬੱਚੇ ਵਾਂਗ ਤਾਕ-ਝਾਕ ਕਰ ਰਿਹਾ ਸੀ।ਮਧੂ ਇਕਟਕ ਉਸ ਸਿਨੇ-ਤਾਰਿਕਾ ਨੂੰ ਵੇਖ ਰਹੀ ਸੀ। ਉਸਨੂੰ ਆਪਣੀ ਫੇਅਰਵੈੱਲ ਪਾਰਟੀ ਯਾਦ ਆ ਗਈ।...

÷ਚੱਲ ਤੈਨੂੰ ਤੇਰੀ ਮਨਪਸੰਦ ਹੀਰੋਇਨ ਵਾਂਗ ਸਜਾਉਂਦੀ ਹਾਂ।ਸਾਰੇ ਵੇਖਦੇ ਰਹਿ ਜਾਣਗੇ।÷

ਸੱਚ ਹੀ ਤਾਂ ਕਿਹਾ ਸੀ ਭੂਆ ਜੀ ਨੇ।ਸਹੇਲੀਆਂ ਨੇ ਤਾਂ ਉਹਦੀ ਜਾਨ ਹੀ ਖਾ ਲਈ ਸੀ।

÷ਤੈਨੂੰ ਜ਼ਰੂਰ ਸਾਡੀ ਹੀ ਨਜ਼ਰ ਲੱਗ ਜਾਵੇਗੀ।÷ ਦੂਜੀ ਨੇ ਛੇੜਦਿਆਂ ਕਿਹਾ ਸੀ।

÷ਅੱਜ ਤਾਂ ਮੁੰਡਿਆਂ ਦੀ ਖ਼ੈਰ ਨਹੀਂ।÷

ਇਹ ਸ਼ਾਇਦ ਪਹਿਲੀ ਅਤੇ ਆਖਰੀ ਵਾਰ ਸੀ ਜਦੋਂ ਉਸਨੇ ਜੂੜਾ ਬਣਾਇਆ ਸੀ।ਅਸ਼ੋਕ ਨੂੰ ਉਸਦਾ ਜੂੜਾ ਬਣਾਉਣਾ ਪਸੰਦ ਨਹੀਂ ਸੀ।

÷ਰੱਬ ਨੇ ਤੈਨੂੰ ਇੰਨੇ ਸੋਹਣੇ ਵਾਲ ਦਿੱਤੇ ਹਨ, ਇਹ ਕੀ ਤੂੰ ਜੂੜਾ ਬਣਾਇਆ ਹੋਇਆ ਹੈ ? ਗੁੱਤ ਕਰਿਆ ਕਰ।÷

ਮਧੂ ਦਾ ਚਿਹਰਾ ਉਤਰ ਗਿਆ ਸੀ। ਵਿਆਹ ਤੋਂ ਪਹਿਲਾਂ ਉਹਨੂੰ ਸਜਣ-ਸੰਵਰਨ ਦਾ ਕਿੰਨਾ ਸ਼ੌਕ ਸੀ! ਉਸਦੀ ਅਲਮਾਰੀ ਲੇਟੈਸਟ ਫੈਸ਼ਨਾਂ ਦੇ ਕੱਪੜਿਆਂ ਨਾਲ ਭਰੀ ਰਹਿੰਦੀ ਸੀ। ਆਪਣੇ ਵਿਆਹ ਵਿੱਚ ਵੀ ਉਹ ਵਧੀਆ ਤੋਂ ਵਧੀਆ ਕੱਪੜਿਆਂ ਨਾਲ ਭਰੇ ਦੋ ਅਟੈਚੀ ਲੈ ਕੇ ਆਈ ਸੀ। ਸ਼ੋਖ਼-ਚਮਕਦਾਰ ਰੰਗਾਂ ਦੇ ਕੱਪੜੇ! ਜਿਨ੍ਹਾਂ ਨੂੰ ਵੇਖਦੇ ਅੱਖਾਂ ਵੀ ਚੁੰਧਿਆ ਜਾਣ!

ਉਸਨੂੰ ਅਜੇ ਵੀ ਉਹ ਦਿਨ ਯਾਦ ਹੈ। ਵਿਆਹ ਨੂੰ ਸਿਰਫ਼ ਇੱਕ ਹਫ਼ਤਾ ਹੋਇਆ ਸੀ। ਦੋਸਤਾਂ ਨੇ ਨਵ-ਵਿਆਹੇ ਜੋੜੇ ਲਈ ਇੱਕ ਪਾਰਟੀ ਦਾ ਪ੍ਰਬੰਧ ਕੀਤਾ ਸੀ। ਮਧੂ ਸਵੇਰ ਤੋਂ ਹੀ ਯੋਜਨਾ ਬਣਾ ਰਹੀ ਸੀ। ਉਹ ਲਾਲ ਕਾਂਜੀਵਰਮ ਦੇ ਨਾਲ ਇੱਕ ਲੰਮਾ ਸੋਨੇ ਦਾ ਹਾਰ ਅਤੇ ਕੰਨਾਂ ਦੀਆਂ ਵਾਲੀਆਂ ਪਹਿਨੇਗੀ।ਅਸ਼ੋਕ ਅਜੇ ਦਫ਼ਤਰ ਤੋਂ ਵਾਪਸ ਨਹੀਂ ਮੁੜਿਆ ਸੀ।ਮਧੂ ਤਿਆਰ ਹੋ ਚੁੱਕੀ ਸੀ ਅਤੇ ਅਸ਼ੋਕ ਦੇ ਵਾਪਸ ਆਉਣ ਦੀ ਉਡੀਕ ਵਿੱਚ ਬੈਠੀ ਸੀ।ਮਰਦਾਂ ਦਾ ਕੀ ਹੈ ? ਬਸ ਉਹੀ ਉਹੀ ਪੈਂਟ-ਕਮੀਜ਼ ਪਹਿਨ ਕੇ ਹਰ ਥਾਂ ਚਲੇ ਜਾਂਦੇ ਹਨ। ਇਸ ਵਿੱਚ ਮੁਸ਼ਕਿਲ ਨਾਲ ਦਸ ਮਿੰਟ ਲੱਗਦੇ ਹਨ, ਪਰ ਉਸਨੇ ਤਾਂ ਸਹੀ ਢੰਗ ਨਾਲ ਤਿਆਰ ਹੋਣਾ ਸੀ। ਆਖ਼ਰ ਉਹ ਪਹਿਲੀ ਵਾਰ ਅਸ਼ੋਕ ਦੇ ਦੋਸਤਾਂ ਨੂੰ ਮਿਲ ਰਹੀ ਸੀ। ਵਿਆਹ ਵਿੱਚ ਮਿਲਣਾ ਵੀ ਕੋਈ ਮਿਲਣਾ ਹੁੰਦਾ ਹੈ! ਅੱਜ ਸਾਰਿਆਂ ਨਾਲ ਨਿੱਜੀ ਤੌਰ 'ਤੇ ਮੁਲਾਕਾਤ ਹੋ ਜਾਵੇਗੀ ਤਾਂ ਜਾਣ-ਪਛਾਣ ਵਧਾਉਣੀ ਸੌਖੀ ਹੋ ਜਾਵੇਗੀ।

ਮਧੂ ਬਹੁਤ ਉਤਸ਼ਾਹਿਤ ਸੀ।ਅੱਜ ਉਸਨੇ ਆਪਣਾ ਮੇਕਅੱਪ ਪੂਰੀ ਤਸੱਲੀ ਨਾਲ ਕੀਤਾ ਸੀ।ਮੱਥੇ 'ਤੇ ਨਗ ਵਾਲੀ ਬਿੰਦੀ ਅਤੇ ਆਈਬ੍ਰੋ ਪੈਨਸਿਲ ਨਾਲ ਆਪਣੇ ਭਰਵੱਟਿਆਂ ਨੂੰ ਗੂੜ੍ਹਾ ਕੀਤਾ ਸੀ। ਉਸਦੀਆਂ ਗੱਲ੍ਹਾਂ ਗੁਲਾਬੀ ਹੋ ਰਹੀਆਂ ਸਨ ਅਤੇ ਸ਼ਰਾਰਤੀ ਝੁਮਕੇ ਵਾਰ-ਵਾਰ ਉਸਦੀਆਂ ਗੱਲ੍ਹਾਂ ਨੂੰ ਚੁੰਮ ਰਹੇ ਸਨ।ਪਤਾ ਨਹੀਂ ਕੀ ਸੋਚ ਕੇ ਮਧੂ ਆਪਣੇ ਰੂਪ ਨੂੰ ਵੇਖ ਕੇ ਸ਼ਰਮਾ ਗਈ ਸੀ। ਉਸ ਨੂੰ ਪੂਰਾ ਵਿਸ਼ਵਾਸ ਸੀ ਕਿ ਅਸ਼ੋਕ ਉਸ ਨੂੰ ਦੇਖ ਕੇ ਸਰਪ੍ਰਾਈਜ਼ ਹੋ ਜਾਣਗੇ।

÷ਸਰਪ੍ਰਾਈਜ਼!÷

÷ਇਹ ਕੀ ਹੁਲੀਆ ਬਣਾਇਆ ਹੋਇਆ ਹੈ! ਤੂੰ ਸ਼ਾਇਦ ਭੁੱਲ ਰਹੀ ਹੈਂ ਕਿ ਤੂੰ ਅਸ਼ੋਕ ਗੁਪਤਾ ਦੀ ਪਤਨੀ ਹੈਂ। ਇਹ ਲਾਲ-ਪੀਲੇ ਰੰਗ ਦੀ ਸਾੜ੍ਹੀ! ਕੀ ਕਿਸੇ ਵਿਆਹ 'ਤੇ ਜਾ ਰਹੀ ਹੈਂ ?÷

÷ਸਾਡਾ ਨਵਾਂ-ਨਵਾਂ ਵਿਆਹ ਹੋਇਆ ਹੈ। ਨਵੀਂ ਦੁਲਹਨ 'ਤੇ ਇਹੋ ਸਭ ਰੰਗ ਚੰਗੇ ਲੱਗਦੇ ਹਨ।÷ ਮਧੂ ਨੇ ਰੋਣਹਾਕੀ ਹੋ ਕੇ ਕਿਹਾ ਸੀ।

÷ਨਵਾਂ ਵਿਆਹ ਹੋਇਆ ਹੈ! ਤਾਂ ਕੀ ਤੂੰ ਢੋਲ ਵਜਾ ਕੇ ਸਾਰਿਆਂ ਨੂੰ ਦੱਸੇਂਗੀ ? ਉਂਜ ਵੀ ਦੱਸਣਾ ਕੀਹਨੂੰ ਹੈ, ਸਭ ਨੂੰ ਪਤਾ ਹੀ ਹੈ।÷

ਇੱਕ ਹਫ਼ਤੇ ਪੁਰਾਣੇ ਲਾੜੇ ਦੇ ਮੂੰਹੋਂ ਅਜਿਹੀ ਗੱਲ ਸੁਣ ਕੇ ਮਧੂ ਹੈਰਾਨ ਰਹਿ ਗਈ।

÷ਮੇਰੇ ਕੋਲ ਤਾਂ ਸਾਰੇ ਇਸ ਤਰ੍ਹਾਂ ਦੇ ਹੀ ਕੱਪੜੇ ਹਨ।÷

÷ਸਾਡੇ ਵੱਲੋਂ ਦਿੱਤੇ ਗਏ ਕੱਪੜੇ ਕਿੱਥੇ ਗਏ ?÷ ਅਸ਼ੋਕ ਦੀ ਆਵਾਜ਼ ਤਿੱਖੀ ਹੋ ਗਈ ਸੀ।

÷ਬਲਾਊਜ਼ ਅਤੇ ਪੇਟੀਕੋਟ ਅਜੇ ਤਿਆਰ ਨਹੀਂ ਹੋਏ। ਉਂਜ ਵੀ ਕਿਹੜੀ ਦੁਲਹਨ ਇੰਨੇ ਫਿੱਕੇ ਰੰਗ ਪਹਿਨਦੀ ਹੈ ?÷

÷ਸਭ ਤੋਂ ਪਹਿਲਾਂ ਤਾਂ ਤੂੰ ਆਪਣੇ ਮਨ ਵਿੱਚੋਂ ਇਹ ਨਵੀਂ ਦੁਲਹਨ ਹੋਣ ਦਾ ਭੂਤ ਕੱਢ ਦੇ।ਅਤੇ ਉਹ ਫਿੱਕੇ ਰੰਗ ਨਹੀਂ, ਕਲਾਸ ਹੈ। ਯਾਦ ਰੱਖ, ਮੈਂ ਇੱਕ ਚੰਗੀ ਕਲਾਸ ਨਾਲ ਸਬੰਧਤ ਹਾਂ। ਵੱਡੇ-ਵੱਡੇ ਲੋਕਾਂ ਨਾਲ ਉੱਠਣਾ-ਬੈਠਣਾ ਹੈ ਮੇਰਾ...ਆਪਣੀ ਨਹੀਂ ਤਾਂ ਘੱਟੋ-ਘੱਟ ਮੇਰੀ ਇੱਜ਼ਤ ਦਾ ਹੀ ਧਿਆਨ ਰੱਖ।ਆਪਣੇ ਪੇਕੇ ਜੋ ਚਾਹੇ ਕਰਦੀ ਹੋਵੇਂ, ਪਰ ਮੇਰੇ ਨਾਲ ਰਹਿਣਾ ਹੈ ਤਾਂ ਤੈਨੂੰ ਕਲਾਸ ਮੇਨਟੇਨ ਕਰਨੀ ਪਵੇਗੀ।÷

ਮਧੂ ਦੇ ਸਾਹਮਣੇ ਅਟੈਚੀ ਵਿੱਚ ਪਈਆਂ ਸੁੰਦਰ ਕਾਂਜੀਵਰਮ ਅਤੇ ਬਨਾਰਸੀ ਸਾੜ੍ਹੀਆਂ ਘੁੰਮ ਗਈਆਂ। ਇੱਕ-ਇੱਕ ਸਾੜ੍ਹੀ ਚੁਣ-ਚੁਣ ਕੇ ਲਈ ਸੀ। ਸਾਰੇ ਭਾਰਤੀ ਰੰਗ - ਗੂੜ੍ਹੇ, ਸ਼ੋਖ਼ ਅਤੇ ਚਮਕੀਲੇ। ÷ਨਵੀਂ ਦੁਲਹਨ ਤੇ ਇਹੀ ਸਭ ਰੰਗ ਤਾਂ ਫ਼ਬਦੇ ਹਨ,÷ ਭੂਆ ਜੀ ਨੇ ਕਿਹਾ ਸੀ।ਅਸ਼ੋਕ ਨੂੰ ਪੇਸਟਲ ਰੰਗ ਪਸੰਦ ਸਨ, ਹਲਕੇ ਫਿੱਕੇ ਜਿਹੇ ਸਿੰਪਲ ਰੰਗ।

ਮਾਂ ਨੇ ਇੱਕ ਵਾਰ ਟੋਕਿਆ ਵੀ ਸੀ, ÷ਇਸ ਉਮਰ ਵਿੱਚ ਇਹ ਸਭ ਰੰਗ ਪਹਿਨੇਂਗੀ ਤਾਂ ਬੁਢਾਪੇ ਵਿੱਚ ਕੀ ਪਹਿਨੇਂਗੀ ? ਤੂੰ ਤਾਂ ਉਮਰ ਤੋਂ ਪਹਿਲਾਂ ਹੀ ਬੁੱਢੀ ਹੁੰਦੀ ਜਾ ਰਹੀ ਹੈਂ।÷

ਜਿਨ੍ਹਾਂ ਰੰਗਾਂ ਨੂੰ ਪਹਿਨ ਕੇ ਉਹ ਖੁਸ਼ੀ ਮਹਿਸੂਸ ਕਰਦੀ ਸੀ, ਉਹ ਖੁਸ਼ੀ ਕਿਤੇ ਗਾਇਬ ਹੋ ਗਈ ਸੀ। ਉਸਨੂੰ ਉਹ ਦਿਨ ਅੱਜ ਵੀ ਯਾਦ ਹੈ।ਪੰਡਿਤ ਜੀ ਨੇ ਕੁੰਡਲੀ ਮਿਲਾਈ ਸੀ। 36 ਵਿੱਚੋਂ 32 ਗੁਣ ਮਿਲੇ ਸਨ। ਮਾਂ ਇੰਨੀ ਖੁਸ਼ ਸੀ ਕਿ ਉਹਦੇ ਪੈਰ ਧਰਤੀ 'ਤੇ ਨਹੀਂ ਲੱਗ ਰਹੇ ਸਨ।

÷ਜੋੜੀ ਖੂਬ ਜਚੇਗੀ।÷

ਮਧੂ ਨੇ ਹੱਸਦੇ ਹੋਏ ਕਿਹਾ ਸੀ, ÷ਮਾਂ, ਤੁਸੀਂ ਕਿਸ ਦੁਨੀਆਂ ਵਿੱਚ ਰਹਿੰਦੇ ਹੋ ? ਜੇ ਤੁਹਾਡੇ ਵੱਸ ਵਿੱਚ ਹੁੰਦਾ, ਤਾਂ ਤੁਸੀਂ ਛੱਤੀ ਦੇ ਛੱਤੀ ਗੁਣ ਮਿਲਾ ਦਿੰਦੇ। ਸੀਤਾ ਜੀ ਦੇ ਤਾਂ ਸਾਰੇ ਛੱਤੀ ਦੇ ਛੱਤੀ ਗੁਣ ਮਿਲੇ ਸਨ, ਪਰ ਉਨ੍ਹਾਂ ਨੂੰ ਕਿਹੜੀ ਖੁਸ਼ੀ ਮਿਲੀ ?÷

÷ਚੁੱਪ ਕਰ। ਕੁਝ ਵੀ ਬੋਲਦੀ ਰਹਿੰਦੀ ਹੈ। ਚੰਗਾ ਹੈ ਕਿ ਕੁਝ ਘੱਟ ਹੀ ਮਿਲੇ ਨੇ, ਲੋਕਾਂ ਦੀ ਨਜ਼ਰ ਲੱਗ ਜਾਂਦੀ ਹੈ।÷

ਮਾਂ ਰਿਸ਼ਤੇਦਾਰਾਂ ਨੂੰ ਦੱਸਦੀ ਫਿਰ ਰਹੀ ਸੀ। ÷ਧੀ ਦੀ ਕੁੰਡਲੀ ਬਹੁਤ ਚੰਗੀ ਮਿਲੀ ਹੈ। ਮਧੂ ਤਾਂ ਰਾਜ ਕਰੇਗੀ, ਰਾਜ ...÷

ਉਨ੍ਹਾਂ ਨੇ ਸੱਚ ਹੀ ਕਿਹਾ ਸੀ; ਉਹ ਰਾਜ ਹੀ ਕਰ ਰਹੀ ਸੀ ।ਸਮਾਜ ਦੀ ਨਜ਼ਰ ਵਿੱਚ ਸੁਖ ਦੇ ਜੋ ਪੈਮਾਨੇ ਹੁੰਦੇ ਹਨ, ਸਭ ਕੁਝ ਸੀ ਇਸ ਘਰ ਵਿੱਚ। ਕਿਸੇ ਵੀ ਚੀਜ਼ ਦੀ ਕੋਈ ਕਮੀ ਨਹੀਂ ਸੀ। ਪਰ ਕੀ ਵਾਕਈ ਉਸਦੀ ਜ਼ਿੰਦਗੀ ਵਿੱਚ ਸੱਚਮੁੱਚ ਕਿਸੇ ਚੀਜ਼ ਦੀ ਕਮੀ ਨਹੀਂ ਸੀ ? ਮਧੂ ਅਸ਼ੋਕ ਦੀ ਜ਼ਿੰਦਗੀ ਵਿੱਚ ਘੁਲ ਜਿਹੀ ਗਈ ਸੀ। ਉਸਦੇ ਆਪਣੇ ਸ਼ੌਕ, ਪਸੰਦ, ਸੁਪਨੇ ਅਤੇ ਇੱਛਾਵਾਂ ਕੀ ਸਨ- ਉਹ ਭੁੱਲ ਗਈ ਸੀ, ਪਰ ਕਦੋਂ ਤੱਕ ?

ਮਧੂ ਨੂੰ ਅਚਾਨਕ ਯਾਦ ਆਇਆ ਕਿ ਜਦੋਂ ਉਹ ਬਾਥਰੂਮ ਵਿੱਚ ਸੀ, ਤਾਂ ਕਿਸੇ ਦਾ ਫੋਨ ਆਇਆ ਸੀ। ਸੁਮੀ ਦੀ ਮਿਸਡ ਕਾਲ ਚਮਕ ਰਹੀ ਸੀ।

'ਸੁਮੀ! ਇਸ ਸਮੇਂ ? ਓ ਹਾਂ, ਮੈਂ ਅੱਜ ਸਵੇਰੇ ਉਸ ਨਾਲ ਗੱਲ ਵੀ ਨਹੀਂ ਕੀਤੀ।' ਉਸਨੇ ਆਪਣੇ ਆਪ ਨੂੰ ਕਿਹਾ, 'ਇਸ ਕੁੜੀ ਨੂੰ ਵੀ ਉਦੋਂ ਤੱਕ ਸ਼ਾਂਤੀ ਨਹੀਂ ਮਿਲਦੀ, ਜਦੋਂ ਤੱਕ ਉਹ ਦਿਨ ਵਿੱਚ ਇੱਕ ਵਾਰ ਮੇਰੇ ਨਾਲ ਗੱਲ ਨਹੀਂ ਕਰ ਲੈਂਦੀ।'

ਮਧੂ ਨੇ ਨੰਬਰ ਡਾਇਲ ਕੀਤਾ। ਸ਼ਾਇਦ ਫ਼ੋਨ ਪਹਿਲਾਂ ਹੀ ਉਸਦੇ ਹੱਥ ਵਿੱਚ ਸੀ।ਘੰਟੀ ਵੱਜਦੇ ਹੀ ਉਸਨੇ ਫ਼ੋਨ ਚੁੱਕ ਲਿਆ।

÷ਕੀ ਮੰਮੀ, ਕਿੱਥੇ ਰਹਿੰਦੇ ਹੋ ? ਮੈਨੂੰ ਸਮਾਂ ਨਹੀਂ ਮਿਲਿਆ ਤਾਂ ਤੁਸੀਂ ਵੀ ਮੈਨੂੰ ਫ਼ੋਨ ਨਹੀਂ ਕੀਤਾ।÷

ਸੁਮੀ ਨੇ ਗੱਲ ਜਾਰੀ ਰੱਖੀ।ਮਧੂ ਮੁਸਕਰਾਈ। ਇਹ ਕੁੜੀ ਅੱਜ ਵੀ ਸੁਪਰਫਾਸਟ ਮੇਲ ਹੈ।

÷ਮੈਂ ਧੁੱਪੇ ਕੱਪੜੇ ਸੁਕਾ ਰਹੀ ਸੀ।ਅੱਜ ਮੈਂ ਪੌਦੇ ਅਤੇ ਗਮਲੇ ਲੈਣ ਗਈ ਸੀ। ਬਸ ਉਨ੍ਹਾਂ ਨੂੰ ਲਿਆਉਂਦੇ-ਲਾਉਂਦੇ ਪਤਾ ਹੀ ਨਹੀਂ ਲੱਗਿਆ ਕਿ ਕਦੋਂ ਸਮਾਂ ਬੀਤ ਗਿਆ।÷

÷ਬਈ ਵਾਹ! ਤੁਹਾਨੂੰ ਇਹ ਸ਼ੌਕ ਕਦੋਂ ਤੋਂ ਹੋਇਆ ? ਮੈਂ ਤਾਂ ਤੁਹਾਨੂੰ ਕਦੇ ਪੌਦੇ ਲਗਾਉਂਦੇ ਨਹੀਂ ਦੇਖਿਆ। ਨਾਨੀ ਜੀ ਦੇ ਘਰ ਵਿੱਚ ਜ਼ਰੂਰ ਲੱਗੇ ਸਨ, ਪਰ ਇੱਥੇ ਤਾਂ ਇੱਕ ਵੀ ਪੌਦਾ ਨਹੀਂ ਸੀ।÷

ਸੁਮੀ ਨੇ ਗੱਲ ਜਾਰੀ ਰੱਖੀ।

÷ਤੇਰੇ ਪਾਪਾ ਸੋਚਦੇ ਸਨ ਕਿ ਇਹ ਬੇਕਾਰ ਚੀਜ਼ਾਂ ਹਨ। ਇਨ੍ਹਾਂ ਨੂੰ ਹਰ ਰੋਜ਼ ਪਾਣੀ ਕੌਣ ਦੇਵੇਗਾ ਅਤੇ ਇਨ੍ਹਾਂ ਦੀ ਦੇਖਭਾਲ ਕੌਣ ਕਰੇਗਾ ? ਇਸੇ ਲਈ ਮੈਂ ਇਨ੍ਹਾਂ ਨੂੰ ਕਦੇ ਨਹੀਂ ਲਾਇਆ। ਵਿਆਹ ਤੋਂ ਪਹਿਲਾਂ ਮੈਂ ਖੁਦ ਲਾਅਨ ਦੀ ਦੇਖਭਾਲ ਕਰਦੀ ਸੀ,÷ ਮਧੂ ਨੇ ਹੌਲੀ ਆਵਾਜ਼ ਵਿੱਚ ਕਿਹਾ।

÷ਕੀ ਪਾਪਾ ਨੇ ਤੁਹਾਨੂੰ ਕੁਝ ਨਹੀਂ ਕਿਹਾ ?÷ ਮਧੂ ਨੇ ਸੁਮੀ ਦੇ ਸਵਾਲਾਂ ਦਾ ਕੋਈ ਜਵਾਬ ਨਹੀਂ ਦਿੱਤਾ।

÷ਮੰਮੀ, ਕੀ ਤੁਸੀਂ ਆਪਣੀ ਡੀਪੀ ਬਦਲੀ ਹੈ ?÷

÷ਹਾਂ, ਕਈ ਸਾਲਾਂ ਤੋਂ ਇੱਕ ਹੀ ਲਾਈ ਹੋਈ ਸੀ÷ ਮਧੂ ਨੇ ਸਹਿਜਤਾ ਨਾਲ ਕਿਹਾ।

÷ਪਾਪਾ ਨਾਲ ਉਹ ਬਹੁਤ ਸੋਹਣੀ ਫੋਟੋ ਸੀ। ਤੁਸੀਂ ਦੋਵੇਂ ਇਕੱਠੇ ਬਹੁਤ ਵਧੀਆ ਲੱਗ ਰਹੇ ਸੀ।ਮੇਡ ਫਾਰ ਈਚ-ਅਦਰ।÷

ਮਧੂ ਨੇ ਸੁਮੀ ਦੀਆਂ ਗੱਲਾਂ ਦਾ ਕੋਈ ਜਵਾਬ ਨਹੀਂ ਦਿੱਤਾ।

÷ਮੰਮੀ! ਤੁਸੀਂ ਡੀਪੀ ਵਿੱਚ ਬਹੁਤ ਅਲੱਗ ਦਿੱਸਦੇ ਹੋ।÷

÷ਮੈਂ ਕਿਵੇਂ ਦਿੱਸਦੀ ਹਾਂ, ਚੰਗੀ ਜਾਂ ਮਾੜੀ ?÷ ਮਧੂ ਨੇ ਪੁੱਛਿਆ।ਸੁਮੀ ਇਸ ਸਵਾਲ ਲਈ ਤਿਆਰ ਨਹੀਂ ਸੀ।

÷ਓਹ... ਵਧੀਆ, ਬਹੁਤ ਵਧੀਆ। ਮੈਂ ਤੁਹਾਨੂੰ ਪਹਿਲਾਂ ਕਦੇ ਇਸ ਤਰ੍ਹਾਂ ਨਹੀਂ ਦੇਖਿਆ ਸੀ ਨਾ ... ਇਸ ਲਈ ਥੋੜ੍ਹਾ ਅਜੀਬ ਲੱਗਿਆ, ਪਰ ਤੁਸੀਂ ਸੋਹਣੇ ਲੱਗ ਰਹੇ ਹੋ। ਇੱਕ ਗੱਲ ਕਹਾਂ ?÷ ਸੁਮੀ ਦੀ ਆਵਾਜ਼ ਗੰਭੀਰ ਹੋ ਗਈ।

÷ਹਾਂ ਹਾਂ ...÷

÷ਤੁਹਾਨੂੰ ਹਮੇਸ਼ਾ ਪੇਸਟਲ ਰੰਗ ਦੇ ਸੂਤੀ, ਖਾਦੀ ਜਾਂ ਲੇਨਨ ਕੱਪੜੇ ਪਹਿਨੀ ਹੀ ਵੇਖਿਆ ਹੈ।÷

÷ਤੇਰੇ ਪਾਪਾ ਨੂੰ ਅਜਿਹੇ ਹੀ ਰੰਗ ਅਤੇ ਕੱਪੜੇ ਪਸੰਦ ਸਨ।÷

÷ਤੁਸੀਂ ਗੂੜ੍ਹੇ ਰੰਗ ਦੇ ਕੱਪੜਿਆਂ ਵਿੱਚ ਬਹੁਤ ਯੰਗ ਲੱਗ ਰਹੇ ਹੋ। ਤੁਸੀਂ ਇਹ ਸਾੜ੍ਹੀ ਕਦੋਂ ਖਰੀਦੀ ?÷

÷ਇਹ ਬਹੁਤ ਪੁਰਾਣੀ ਹੈ, ਮੇਰੇ ਵਿਆਹ ਦੇ ਸਮੇਂ ਦੀ। ਨਾਲ ਵਾਲੇ ਸ਼ਰਮਾ ਜੀ ਦੀ ਬੇਟੀ ਦੀ ਕੱਲ੍ਹ ਗੋਦ ਭਰਾਈ ਸੀ। ਉੱਥੇ ਹੀ ਪਹਿਨੀ ਸੀ।÷

÷ਤੁਹਾਨੂੰ ਹਮੇਸ਼ਾ ਗੁੱਤ ਵਿੱਚ ਹੀ ਵੇਖਿਆ ਹੈ, ਜੂੜੇ ਵਿੱਚ ਪਹਿਲੀ ਵਾਰ ਵੇਖ ਰਹੀ ਹਾਂ।÷

÷ਹੂੰਅ ...÷

ਸੁਮੀ ਕੁਝ-ਕੁਝ ਸਮਝ ਰਹੀ ਸੀ। ਮਾਂ ਦੀ ਜ਼ਿੰਦਗੀ ਵਿੱਚ ਕੁਝ ਬਦਲ ਰਿਹਾ ਸੀ, ਪਰ ਕੀ... ਮੰਮੀ ਨੇ ਗੂੜ੍ਹੇ ਰੰਗ ਦੇ ਕੱਪੜੇ ਪਾਉਣੇ ਸ਼ੁਰੂ ਕਰ ਦਿੱਤੇ ਸਨ ਅਤੇ ਜੂੜਾ ਬਣਾਉਣ ਲੱਗ ਪਏ ਸਨ। ਕੱਲ੍ਹ ਦੀ ਹੀ ਤਾਂ ਗੱਲ ਹੈ, ਉਨ੍ਹਾਂ ਨੇ ਲੰਚ ਵਿੱਚ ਕੜ੍ਹੀ ਬਣਾਈ ਸੀ, ਪਰ ਪਾਪਾ ਨੂੰ ਤਾਂ ਕੜ੍ਹੀ ਬਿਲਕੁਲ ਵੀ ਪਸੰਦ ਨਹੀਂ। ਫਿਰ... ਪਿਛਲੇ ਸੰਡੇ ਉਹ ਆਪਣੀ ਸਹੇਲੀ ਮੁਕਤਾ ਮਾਸੀ ਨਾਲ ਫਿਲਮ ਵੇਖਣ ਗਏ ਸਨ ਅਤੇ ਮੁੜਦੇ ਸਮੇਂ ਚੌਰਾਹੇ ਦੇ ਰੈਸਟੋਰੈਂਟ ਵਿੱਚ ਖਾਣਾ ਖਾ ਕੇ ਆਏ ਸਨ।

ਮੰਮੀ ਵਿੱਚ ਆਈ ਇਹ ਤਬਦੀਲੀ ਚੰਗੀ ਤਾਂ ਸੀ, ਪਰ ਪਾਪਾ ? ਪਾਪਾ ਤਾਂ ਚੁੱਪ ਰਹਿਣ ਵਾਲੇ ਨਹੀਂ ਸਨ। ਪਾਪਾ ਹੀ ਹਮੇਸ਼ਾ ਇਹ ਫੈਸਲਾ ਕਰਦੇ ਸਨ ਕਿ ਘਰ ਵਿੱਚ ਕੀ ਪਕਾਇਆ ਜਾਵੇਗਾ, ਰਿਸ਼ਤੇਦਾਰਾਂ ਨੂੰ ਕੀ ਦਿੱਤਾ ਜਾਵੇਗਾ ਅਤੇ ਵਿਆਹ ਵਿੱਚ ਕੌਣ ਸ਼ਾਮਲ ਹੋਵੇਗਾ। ਮੰਮੀ ਨੂੰ ਫਿਲਮ ਵੇਖਣ ਦ ?ਾ ਬਹੁਤ ਸ਼ੌਕ ਸੀ, ਪਰ ਪਾਪਾ ਘਰੋਂ ਬਾਹਰ ਹੀ ਨਹੀਂ ਲਿਜਾਣਾ ਚਾਹੁੰਦੇ ਸਨ। ਵਿਆਹ ਤੋਂ ਪਹਿਲਾਂ ਮੰਮੀ ਨੂੰ ਘੁੰਮਣ-ਫਿਰਨ ਦਾ ਬਹੁਤ ਸ਼ੌਕ ਸੀ। ਨਾਨਾ ਜੀ ਸਰਕਾਰੀ ਨੌਕਰੀ ਵਿੱਚ ਸਨ। ਨੌਕਰੀ ਦੌਰਾਨ ਉਨ੍ਹਾਂ ਨੇ ਅਣਗਿਣਤ ਸ਼ਹਿਰ ਵੇਖੇ ਸਨ, ਪਰ ਵਿਆਹ ਤੋਂ ਬਾਅਦ ਉਹ ਆਪਣੇ ਸ਼ਹਿਰ ਤੋਂ ਨਾਨੀ ਦੇ ਘਰ ਤੋਂ ਇਲਾਵਾ ਕਿਤੇ ਵੀ ਨਹੀਂ ਜਾ ਸਕੇ ਸਨ।

ਮੰਮੀ ਨੇ ਕਦੇ ਇਸਦਾ ਵਿਰੋਧ ਨਹੀਂ ਕੀਤਾ। ਉਹ ਪਾਪਾ ਦੇ ਰੰਗ ਵਿੱਚ ਰੰਗਦੇ ਚਲੇ ਗਏ। ਸ਼ਾਇਦ ਵਿਰੋਧ ਕਰਨ ਦਾ ਕੋਈ ਫਾਇਦਾ ਵੀ ਨਹੀਂ ਸੀ। ਪਾਪਾ ਬੜੇ ਗੁੱਸੇ ਵਾਲੇ ਸਨ। ਘਰ ਵਿੱਚ ਸ਼ਾਂਤੀ ਬਣਾਈ ਰੱਖਣ ਲਈ ਮੰਮੀ ਚੁੱਪ ਹੀ ਰਹਿੰਦੇ ਅਤੇ ਉਨ੍ਹਾਂ ਦੀ ਇਹ ਚੁੱਪ ਰਹਿਣ ਦੀ ਆਦਤ ਉਨ੍ਹਾਂ ਦੇ ਸੁਭਾਅ ਵਿੱਚ ਸ਼ਾਮਲ ਹੋ ਗਈ। ਪਰ ਸੁਮੀ ਦੇ ਵਿਆਹ ਤੋਂ ਬਾਅਦ ਛੇ ਮਹੀਨਿਆਂ ਵਿੱਚ ਹੀ ਮਧੂ ਦੀ ਜ਼ਿੰਦਗੀ ਕਾਫ਼ੀ ਬਦਲ ਗਈ ਸੀ। ਸੁਮੀ ਇਸ ਨੂੰ ਤੀਬਰਤਾ ਨਾਲ ਮਹਿਸੂਸ ਕਰ ਰਹੀ ਸੀ। ਪਰਸੋਂ ਵੀਡੀਓ ਕਾਲ ਕਰਦੇ ਸਮੇਂ ਮੰਮੀ ਉਹਦੇ ਕਮਰੇ ਵਿੱਚ ਹੀ ਸੌਣ ਜਾ ਰਹੇ ਸਨ।

÷ਮੰਮੀ, ਪਾਪਾ ਕਿੱਥੇ ਹਨ ?÷

÷ਆਪਣੇ ਕਮਰੇ ਵਿੱਚ...÷

÷ਤੇ ਤੁਸੀਂ ?÷

ਮਧੂ ਚੁੱਪ ਸੀ। ਸੁਮੀ ਚੁੱਪਚਾਪ ਉਨ੍ਹਾਂ ਦੇ ਜਵਾਬ ਦੀ ਉਡੀਕ ਕਰ ਰਹੀ ਸੀ। ਉਸਦਾ ਸਬਰ ਟੁੱਟਣ ਲੱਗਾ ਸੀ ਕਿ ਉਦੋਂ ਹੀ ਮੰਮੀ ਬੋਲੇ, ÷ਮੈਂ ਤੇਰੇ ਕਮਰੇ ਵਿੱਚ ਹਾਂ।÷

÷ਕਦੋਂ ਤੋਂ ...÷

ਮਧੂ ਨੇ ਸੁਮੀ ਦੇ ਸਵਾਲ ਨੂੰ ਅਣਗੌਲਿਆਂ ਕਰ ਦਿੱਤਾ।

÷ਪਾਪਾ ਮੈਚ ਵੇਖ ਰਹੇ ਹਨ।÷

÷ਤੇ ਤੁਸੀਂ ? ਤੁਸੀਂ ਵੀ ਤਾਂ ਪਾਪਾ ਨਾਲ ਮੈਚ ਵੇਖਦੇ ਹੁੰਦੇ ਸੀ। ਤੁਹਾਨੂੰ ਵੀ ਤਾਂ ਮੈਚ ਵੇਖਣਾ ਪਸੰਦ ਸੀ।÷

÷ਮੈਨੂੰ ਕਦੇ ਵੀ ਮੈਚ ਵੇਖਣਾ ਪਸੰਦ ਨਹੀਂ ਸੀ ਪਰ ਤੂੰ ਆਪਣੇ ਪਾਪਾ ਨੂੰ ਤਾਂ ਜਾਣਦੀ ਹੈਂ, ਕੋਈ ਵੀ ਉਨ੍ਹਾਂ ਦੇ ਹੱਥੋਂ ਰਿਮੋਟ ਨਹੀਂ ਲੈ ਸਕਦਾ। ਫਿਰ ਉਹ ਜੋ ਵੇਖਦੇ ਸਨ, ਮੈਂ ਵੀ ਉਹੀ ਵੇਖ ਲੈਂਦੀ ਸਾਂ।÷

÷ਮੰਮੀ, ਸਭ ਠੀਕ ਹੈ ਨਾ... ਏਧਰ ਮੈਂ ਕਈ ਦਿਨਾਂ ਤੋਂ ਵੇਖ ਰਹੀ ਹਾਂ ਕਿ ਤੁਸੀਂ ਕੁਝ ਬਦਲੇ-ਬਦਲੇ ਹੋਏ ਲੱਗ ਰਹੇ ਹੋ!÷

÷ਸੁਮੀ, ਕੀ ਇਹ ਤਬਦੀਲੀ ਚੰਗੀ ਹੈ ਜਾਂ ਮਾੜੀ... ?÷

ਸੁਮੀ ਮਧੂ ਦੇ ਸਵਾਲ ਦਾ ਜਵਾਬ ਨਹੀਂ ਦੇ ਸਕੀ। ਸ਼ਾਇਦ ਘਰ ਦੇ ਬੱਚੇ ਵਰ੍ਹ ?ਆਂ ਤੋਂ ਆਪਣੀ ਮਾਂ ਦੀ ਬੰਨ੍ਹੀ-ਬੰਨ੍ਹਾਈ ਦਿੱਖ ਵਿੱਚ ਆਈ ਤਬਦੀਲੀ ਨੂੰ ਸਹਿਜ ਨਾਲ ਸਵੀਕਾਰ ਨਹੀਂ ਕਰ ਸਕਦੇ।

÷ਤੁਸੀਂ ਮੁਕਤਾ ਮਾਸੀ ਨਾਲ ਫ਼ ?ਲਮ ਵੇਖਣ ਗਏ ਸੀ। ਫਿਰ ਤੁਸੀਂ ਰਾਤ ਦਾ ਖਾਣਾ ਵੀ ਬਾਹਰ ਹੀ ਖਾ ਕੇ ਆਏ ਸੀ।÷

÷ਤੈਨੂੰ ਕਿਸਨੇ ਕਿਹਾ ?÷

÷ਪਾਪਾ ਨੇ ਦੱਸਿਆ ਸੀ, ਉਹ ਥੋੜ੍ਹਾ ਗੁੱਸੇ ਵਿੱਚ ਲੱਗਦੇ ਸਨ।÷

ਮਧੂ ਚੁੱਪਚਾਪ ਸੁਣਦੀ ਰਹੀ।

÷ਕੀ ਤੇਰੇ ਪਾਪਾ ਕੁਝ ਹੋਰ ਵੀ ਕਹਿ ਰਹੇ ਸਨ ?÷

÷ਕੁਝ ਖਾਸ ਨਹੀਂ ਬੋਲੇ। ਕਹਿੰਦੇ ਸਨ ਇਨ੍ਹੀਂ ਦਿਨੀਂ ਤੇਰੀ ਮਾਂ ਜ਼ਿੱਦੀ ਹੋ ਗਈ ਹੈ ਅਤੇ ਜੋ ਚਾਹੁੰਦੀ ਹੈ ਉਹੀ ਕਰਦੀ ਹੈ।÷

÷ਕੀ ਇਹ ਗਲਤ ਹੈ ? ਕੀ ਤੈਨੂੰ ਵੀ ਇਸੇ ਤਰ੍ਹਾਂ ਮਹਿਸੂਸ ਹੁੰਦਾ ਹੋ ?÷

ਮਧੂ ਦੀ ਜੀਭ 'ਤੇ ਕੰਡੇ ਉੱਗ ਆਏ ਸਨ।

÷ਨਹੀਂ ਮੰਮੀ, ਮੈਨੂੰ ਬਹੁਤ ਖੁਸ਼ੀ ਅਤੇ ਹੈਰਾਨੀ ਹੋਈ ਸੀ। ਤੁਹਾਡਾ ਇਹ ਰੂਪ ਪਹਿਲਾਂ ਕਦੇ ਨਹੀਂ ਵੇਖਿਆ ਸੀ। ਬਾਗਬਾਨੀ ਲਈ ਪੌਦੇ ਅਤੇ ਅੱਜ ਡੀਪੀ ਤੇ ਤੁਹਾਡੀ ਫੋਟੋ ਵੇਖ ਕੇ ਮੈਨੂੰ ਬਹੁਤ ਹੈਰਾਨੀ ਹੋਈ। ਮੈਂ ਤੁਹਾਨੂੰ ਕਦੇ ਇਸ ਤਰ੍ਹਾਂ ਨਹੀਂ ਵੇਖਿਆ ਸੀ ਅਤੇ ਨਾ ਹੀ ਸੋਚਿਆ ਸੀ।÷

ਸੁਮੀ ਨੂੰ ਅਹਿਸਾਸ ਹੋਇਆ ਕਿ ਦੋਵੇਂ ਭੈਣ-ਭਰਾਵਾਂ ਦਾ ਘਰ ਵੱਸਦੇ ਹੀ ਮੰਮੀ ਦੀ ਗ੍ਰਹਿਸਥੀ ਉਜੜ ਗਈ ਸੀ। ਸ਼ਾਇਦ ਇਹ ਗ੍ਰਹਿਸਥੀ ਬਹੁਤ ਪਹਿਲਾਂ ਹੀ ਉਜੜ ਗਈ ਸੀ ਪਰ ਇਸਦਾ ਅਸਲੀ ਰੂਪ ਹੁਣ ਵਿਖਾਈ ਦੇਣ ਲੱਗਾ ਸੀ। ਸਮੇਂ ਦੇ ਨਾਲ ਨਾ ਸਿਰਫ਼ ਉਨ੍ਹਾਂ ਦੇ ਘਰ ਵਿੱਚ ਸਗੋਂ ਉਨ੍ਹਾਂ ਦੇ ਰਿਸ਼ਤਿਆਂ ਵਿੱਚ ਵੀ ਦਰਾੜਾਂ ਡੂੰਘੀਆਂ ਹੋ ਗਈਆਂ ਸਨ।

÷ਸੁਮੀ, ਤੂੰ ਇੰਨੀ ਵੱਡੀ ਤਾਂ ਹੋ ਹੀ ਗਈ ਹੈਂ ਕਿ ਆਪਣੀ ਮੰਮੀ, ਇੱਕ ਔਰਤ, ਦੀ ਗੱਲ ਨੂੰ ਸਮਝ ਸਕੇਂ। ਬਸ ਹੁਣ ਹੋਰ ਨਹੀਂ, ਮੈਂ ਆਪਣੇ ਆਪ ਨੂੰ ਪਰੂਫ਼ ਕਰਦੀ-ਕਰਦੀ ਥੱਕ ਗਈ ਹਾਂ। ਮੇਰੀ ਮਾਂ ਨੇ ਹਥੇਲੀਆਂ ਵਿੱਚ ਦਿੱਸਦੀਆਂ ਰੇਖਾਵਾਂ ਨੂੰ ਤਾਂ ਵੇਖਿਆ ਸੀ, ਪਰ ਮੱਥੇ ਵਿੱਚ ਉੱਭਰੀ ਮੇਰੀ ਕਿਸਮਤ ਵਿੱਚ ਖਿੱਚੀਆਂ ਲਕੀਰਾਂ ਨੂੰ ਕਿੱਥੇ ਪੜ੍ਹ ਸਕੀ ਸੀ! ਮੈਂ ਆਪਣਾ ਬੁਢਾਪਾ ਸ਼ਾਂਤੀ ਨਾਲ ਬਿਤਾਉਣਾ ਚਾਹੁੰਦੀ ਹਾਂ।÷

÷ਕੀ ਤੁਸੀਂ ਪਾਪਾ ਤੋਂ ਵੱਖ ਹੋਣਾ ਚਾਹੁੰਦੇ ਹੋ ?÷

ਮਧੂ ਨੇ ਕੋਈ ਜਵਾਬ ਨਹੀਂ ਦਿੱਤਾ।

÷ਪਰ ਮੰਮੀ, ਕੀ ਇਸ ਉਮਰ ਵਿੱਚ ਤੁਹਾਡੇ ਦੋਹਾਂ ਦਾ ਵੱਖ ਹੋਣਾ ਸਹੀ ਫੈਸਲਾ ਹੈ ? ਕੀ ਤੁਸੀਂ ਕਦੇ ਸੋਚਿਆ ਹੈ ਕਿ ਸਾਡੇ ਸਹੁਰੇ-ਪਰਿਵਾਰ ਵਾਲੇ ਕੀ ਸੋਚਣਗੇ ? ਭਰਾ-ਭਾਬੀ, ਉਨ੍ਹਾਂ ਦੇ ਬੱਚੇ, ਸਾਰੇ ਤੁਹਾਡੇ 'ਤੇ ਹੱਸਣਗੇ ... ਕੀ ਇਸ ਉਮਰ ਵਿੱਚ ਕੋਈ ਤਲਾਕ ਦਿੰਦਾ ਹੈ ? ਕੀ ਤੁਸੀਂ ਸੋਚਿਆ ਹੈ ਕਿ ਸਮਾਜ ਕੀ ਕਹੇਗਾ ?÷ ਸੁਮੀ ਨੇ ਖਿਝ ਕੇ ਕਿਹਾ।

÷ਬਹੁਤ ਸੋਚਿਆ! ਮੈਂ ਸਾਰੀ ਉਮਰ ਸਮਾਜ, ਪਰਿਵਾਰ ਅਤੇ ਬੱਚਿਆਂ ਬਾਰੇ ਸੋਚਦਿਆਂ-ਸੋਚਦਿਆਂ ਹੀ ਬਿਤਾਈ ਹੈ। ਕੀ ਸਾਨੂੰ ਆਪਣੇ ਬਾਰੇ ਸੋਚਣ ਦਾ ਕੋਈ ਹੱਕ ਨਹੀਂ ਹੈ ? ਕੀ ਅਸੀਂ ਆਪਣੀ ਜ਼ਿੰਦਗੀ ਦੇ ਇਸ ਪੜਾਅ 'ਤੇ ਵੀ ਆਪਣੇ ਬਾਰੇ ਨਹੀਂ ਸੋਚ ਸਕਦੇ ?÷

÷ਪਰ ਮੰਮੀ ?÷ ਸ਼ਬਦ ਸੁਮੀ ਦੇ ਗਲੇ ਵਿੱਚ ਹੀ ਅਟਕ ਗਏ।

÷ਆਪਣੇ ਹਿੱਸੇ ਦਾ ਅਸਮਾਨ ਬੁਣਨ ਦਾ ਹੱਕ ਤਾਂ ਕਦੇ ਨਾ ਕਦੇ ਸਭ ਨੂੰ ਮਿਲਣਾ ਚਾਹੀਦਾ ਹੈ। ਸੁਮੀ, ਇਸ਼ਕ ਦਾ ਰੰਗ ਹਮੇਸ਼ਾ ਲਾਲ ਨਹੀਂ ਹੁੰਦਾ... ਕਦੇ-ਕਦੇ ਇਹ ਗ੍ਰੇਅ ਵੀ ਹੁੰਦਾ ਹੈ।÷

(94176 92015)

# ਅਜੋਕੇ ਬਚਪਨ ਵਿੱਚ ਮਾਪਿਆਂ ਦੀ ਹਿੱਸੇਦਾਰੀ



÷ਘਰ-ਪਰਿਵਾਰ ÷ ਸ਼ਬਦ ਆਪਣੇ ਆਪ ਵਿੱਚ ਇੱਕ ਸੰਪੂਰਨ ਸ਼ਬਦ ਹੈ ਜਿਸ ਨੂੰ ਉਚਾਰਦਿਆਂ ਹੀ ਸਾਡੇ ਦਿਮਾ.ਗ ਵਿੱਚ ਇੱਕ ਘਰ ਦੀ ਚਾਰਦੀਵਾਰੀ ਅੰਦਰ ਇੱਕ ਸੋਹਣੇ ਜਿਹੇ ਪਰਿਵਾਰ ਦੀ ਤਸਵੀਰ ਘੁੰਮਣ ਲੱਗਦੀ ਹੈ ਜਿਸ ਵਿੱਚ ਵੱਡੇ ਬਜ਼ੁਰਗ ,ਮਾਤਾ, ਪਿਤਾ ਅਤੇ ਬੱਚੇ ਹੁੰਦੇ ਹਨ। ਜੇ ਦੇਖਿਆ ਜਾਵੇ ਤਾਂ ਜ਼ਮਾਨੇ ਦੇ ਬਦਲਣ ਨਾਲ ਪਰਿਵਾਰਾਂ ਦੇ ਢਾਂਚੇ,ਰਹਿਣ ਸਹਿਣ ਦੇ ਢੰਗ ਤਰੀਕੇ, ਬੱਚਿਆਂ ਦੀ ਪਰਵਰਿਸ਼ ਕਰਨ ਦੇ ਤੌਰ ਤਰੀਕੇ ਸਭ ਕੁਝ ਬਦਲ ਗਿਆ ਹੈ। ਅੱਜ ਦਾ ਬਚਪਨ ਪਹਿਲਾਂ ਵਾਲ ? ਬਚਪਨ ਦੇ ਮੁਕਾਬਲੇ ਬਹੁਤ ਸੁੱਖ ਸਹੂਲਤਾਂ ਨਾਲ ਭਰਪੂਰ ਅਰਾਮਦਾਇਕ ਬਚਪਨ ਬਣ ਗਿਆ ਹੈ। ਪਹਿਲਾਂ ਮਨੁੱਖ ਆਪਣੇ ਬਚਪਨ ਦੇ ਸਖ਼ਤ ਹਾਲਾਤਾਂ ਤੋਂ ਗੁਜ਼ਰਦਿਆਂ ਹੋਇਆਂ ਆਪਣੀ ਜ਼ਿੰਦਗੀ ਵਿੱਚ ਆਉਣ ਵਾਲੀਆਂ ਕਈ ਤਰ੍ਹਾਂ ਦੀਆਂ ਔਕੜਾਂ ਵਿੱਚੋਂ ਗੁਜ਼ਰਨਾ ਸਹਿਜ ਸੁਭਾਅ ਹੀ ਸਿੱਖ ਜਾਂਦਾ ਸੀ। ਅੱਜ ਕੱਲ੍ਹ ਦੇ ਮਾਪਿਆਂ ਵੱਲੋਂ ਔਲਾਦ ਨੂੰ ਮਹਿੰਗੇ ਕੱਪੜੇ, ਵਧੀਆ ਤੋਂ ਵਧੀਆ ਬਸਤੇ,ਮਹਿੰਗੀ ਸਟੇਸ਼ਨਰੀ ਪ੍ਰਦਾਨ ਕਰਨ ਤੋਂ ਸ਼ੁਰੂ ਹੋ ਕੇ ਕਾਲਜ ਵਿੱਚ ਪਹੁੰਚਦੇ ਪਹੁੰਚਦੇ ਵੱਡੀਆਂ ਵੱਡੀਆਂ ਕਾਰਾਂ ਜਾਂ ਮਹਿੰਗੇ ਮੋਟਰਸਾਈਕਲਾਂ ਤੱਕ ਪਹੁੰਚ ਜਾਂਦੀ ਹੈ। ਮਾਪਿਆਂ ਦੀ ਪਦਾਰਥਵਾਦੀ ਸੋਚ ਬੱਚਿਆਂ ਨੂੰ ਵੀ ਪਦਾਰਥਵਾਦੀ ਸੋਚ ਦਾ ਧਾਰਨੀ ਇਸ ਤਰ੍ਹਾਂ ਬਣਾ ਦਿੰਦੀ ਹੈ ਕਿ ਉਹਨਾਂ ਨੂੰ ਆਪਣੇ ਆਲ ? ਦੁਆਲ ? ਵਿੱਚੋਂ ਕਿਸੇ ਕੋਲੋਂ ਵਧੀਆ ਗੱਲਾਂ, ਨੈਤਿਕ ਕਦਰਾਂ ਕੀਮਤਾਂ ਇਕੱਠੀਆਂ ਕਰਨ ਦਾ ਹੁਨਰ ਆਉਣ ਦੀ ਬਜਾਏ ਉਹ ਆਪਣੇ ਆਲ ? ਦੁਆਲ ? ਦੇ ਲੋਕਾਂ ਵਿੱਚੋਂ ਅਮੀਰ ਲੋਕਾਂ ਨੂੰ ਚੁਣ ਕੇ ਉਹਨਾਂ ਦੁਆਰਾ ਵਰਤੀਆਂ ਜਾਣ ਵਾਲੀਆਂ ਮਹਿੰਗੀਆਂ ਵਸਤੂਆਂ ਨੂੰ ਚੁਣਨ ਲੱਗਦਾ ਹੈ। ਫਿਰ ਉਹੀ ਵਸਤਾਂ ਇਕੱਠੀਆਂ ਕਰਨ ਦੀ ਲਾਲਸਾ ਕਰਨ ਲੱਗਦਾ ਹੈ । ਜਿਸ ਦਾ ਨਤੀਜਾ ਮਾਪਿਆਂ ਉੱਤੇ ਭਾਰੂ ਪੈਂਦਾ ਹੈ।

ਮੰਨਿਆ ਕਿ ਸਮਿਆਂ ਦੇ ਸੰਗੀ ਬਣ ਕੇ ਚੱਲਣਾ ਹੀ ਪੈਂਦਾ ਹੈ ਪਰ ਇਸ ਦਾ ਇਹ ਮਤਲਬ ਹਰਗਿਜ਼ ਨਹੀਂ ਹੁੰਦਾ ਕਿ ਅਸੀਂ ਆਪਣੇ ਪਿਛੋਕੜ ਨੂੰ ਬਿਲਕੁਲ ਹੀ ਵਿਸਾਰ ਦੇਈਏ। ਅੱਜ ਕੱਲ੍ਹ ਦੇ ਮਾਪੇ ਤਾਂ ਬੱਚੇ ਨੂੰ ਜਨਮ ਤੋਂ ਪਹਿਲਾਂ ਹੀ ਫੋਟੋਸ਼ੂਟ ਕਰਵਾ ਕੇ ਉਸ ਨੂੰ ਅਮੀਰ ਹੋਣ ਦਾ ਅਹਿਸਾਸ ਕਰਵਾਉਣ ਲੱਗ ਪਏ ਹਨ, ਜੰਮਦਿਆਂ ਹੀ ਉਸ ਦੇ ਆਲ ? ਦੁਆਲ ? ਮਹਿੰਗੇ ਮਹਿੰਗੇ ਤੋਹਫ਼ ?ਆਂ ਦੀ ਭਰਮਾਰ, ਜਨਮ ਦੀ ਸਾਲਗਿਰਹਾ ਦੀ ਥਾਂ ਹਰ ਮਹੀਨੇ ਜਨਮ ਦਿਨ ਮਨਾਉਣ ਦਾ ਰਿਵਾਜ ਤੋਰਨਾ ਮਹਿਜ਼ ਫੁਕਰੇਪਣ ਤੋਂ ਇਲਾਵਾ ਹੋਰ ਕੁਝ ਨਹੀਂ ਕਿਹਾ ਜਾ ਸਕਦਾ ਕਿਉਂਕਿ ਇਹਨਾਂ ਗੱਲਾਂ ਦਾ ਮਨੁੱਖ ਦੀ ਝੂਠੀ ਸ਼ੋਹਰਤ ਜਾਂ ਵਿਖਾਵੇ ਦੀ ਜ਼ਿੰਦਗੀ ਵਿੱਚ ਤਾਂ ਕੋਈ ਸਥਾਨ ਹੋ ਸਕਦਾ ਹੈ ਪਰ ਆਮ ਜ਼ਿੰਦਗੀ ਵਿੱਚ ਇਹਨਾਂ ਗੱਲਾਂ ਦਾ ਕੋਈ ਖਾਸ ਮਹੱਤਵ ਨਹੀਂ ਹੁੰਦਾ। ਆਪਣੇ ਵੱਡਿਆਂ ਦੇ ਹੱਥਾਂ ਦੇ ਝੂਲਿਆਂ ਵਿੱਚ ਝੂਲ ਝੂਲ ਕੇ, ਮਿੱਠੀਆਂ ਮਿੱਠੀਆਂ ਲੋਰੀਆਂ ਸੁਣਨ ਨਾਲ ਬੱਚਿਆਂ ਨੂੰ ਜਿਹੜਾ ਸਕੂਨ ਮਿਲਦਾ ਹੈ ਉਹ ਸੋਨੇ ਦੇ ਪੰਘੂੜਿਆਂ ਦੇ ਹੁਲਾਰਿਆਂ ਵਿੱਚ ਕਦੇ ਨਹੀਂ ਮਿਲ ਸਕਦਾ।

ਬਚਪਨ ਇੱਕ ਉਹ ਅਵਸਥਾ ਹੈ ਜਿਸ ਵਿੱਚ ਮਾਪੇ ਆਪਣੇ ਬੱਚਿਆਂ ਨੂੰ ਆਉਣ ਵਾਲੀ ਜ਼ਿੰਦਗੀ ਦੇ ਲੰਮੇ ਪੈਂਡਿਆਂ ਦੇ ਸਫ਼ਰ ਲਈ ਤਿਆਰ ਕਰ ਰਹੇ ਹੁੰਦੇ ਹਨ। ਕੁਝ ਕੁ ਦਹਾਕੇ ਪਹਿਲਾਂ ਦੇ ਬੱਚੇ ਅੱਜ ਕੱਲ੍ਹ ਦੀਆਂ ਸੁੱਖ ਸਹੂਲਤਾਂ ਤੋਂ ਸੱਖਣੇ ਸਨ ।ਉਹ ਆਪਣੇ ਆਪ ਹੀ ਖੇਡਾਂ ਬਣਾ ਲੈਂਦੇ ਸਨ ਤੇ ਆਪਣੇ ਆਪ ਹੀ ਆਲ ? ਦੁਆਲ ? ਵਿੱਚੋਂ ਕੁਝ ਸਮਾਨ ਇਕੱਠਾ ਕਰ ਕੇ ਖੇਡ ਲੈਂਦੇ ਸਨ , ਜਿਵੇਂ ਲੀਰਾਂ ਜਾਂ ਕਾਗਜ਼ਾਂ ਨੂੰ ਗੁੱਛਮੁੱਛ ਕਰਕੇ ਖੁੱਦੋ ਬਣਾ ਲੈਂਦੇ ਸਨ ਤੇ ਕੋਈ ਸੋਟੀ ਨੂੰ ਖੂੰਡੀ ਬਣਾ ਕੇ ਖਿੱਦੋ ਖੂੰਡੀ ਖੇਡ ਲੈਂਦੇ ਸਨ। ਦਰਖ਼ਤ ਦੀ ਟਾਹਣੀ ਨਾਲੋਂ ਅੰਗਰੇਜ਼ੀ ਦੇ ÷ਵਾਈ÷ ਅਕਾਰ ਦੀ ਛੋਟੀ ਜਿਹੀ ਟਾਹਣੀ ਤੋੜ ਕੇ ਗੁਲੇਲ ਬਣਾ ਲੈਂਦੇ ਸਨ ਉਸ ਨਾਲ ਛੋਟੇ ਪੱਥਰਾਂ ਨਾਲ ਨਿਸ਼ਾਨੇਬਾਜ਼ੀ ਸਿੱਖ ਜਾਂਦੇ ਸਨ ਜਾਂ ਅਨੇਕਾਂ ਇਹੋ ਜਿਹੀਆਂ ਹੋਰ ਖੇਡਾਂ ਖੇਡਦੇ ਸਨ। ਅੱਜ ਦੀਆਂ ਵੱਡੀਆਂ ਖੇਡਾਂ ਦਾ ਮੂਲ ਆਧਾਰ ਇਹੀ ਦੇਸੀ ਖੇਡਾਂ ਹਨ ਜੋ ਪੁਰਾਣਿਆਂ ਬਚਪਨਾਂ ਦੀ ਇਜਾਦ ਮੰਨੀਆਂ ਜਾ ਸਕਦੀਆਂ ਹਨ। ਬੱਚੇ ਕਈ

ਨਿਊਯਾਰਕ
ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਬਰਜਿੰਦਰ ਕੌਰ ਬਿਸਰਾਓ...
9988901324

ਇਹੋ ਜਿਹੀਆਂ ਖੇਡਾਂ ਜਿਵੇਂ ਕੋਟਲਾ ਛਪਾਕੀ,ਸ਼ਟਾਪੂ, ਭੰਡਾ ਭੰਡਾਰੀਆ ਆਦਿ ਆਪ ਹੀ ਬਣਾ ਲੈਂਦੇ ਸਨ ਜਿਸ ਵਿੱਚ ਕੋਈ ਸਮਾਨ ਦੀ ਜ਼ਰੂਰਤ ਹੀ ਨਾ ਪੈਂਦੀ। ਇਸ ਗੱਲ ਤੋਂ ਇਹੀ ਸਿੱਧ ਹੁੰਦਾ ਹੈ ਕਿ ਪਹਿਲਾਂ ਬੱਚੇ ਖੋਜੀ ਪ੍ਰਵਿਰਤੀ ਦੇ ਹੁੰਦੇ ਸਨ। ਉਹ ਆਪਣੇ ਆਪ ਹੀ ਹਾਲਾਤਾਂ ਨਾਲ ਸਮਝੌਤਾ ਕਰ ਲੈਂਦੇ ਸਨ ।ਉਹ ਬਹੁਤ ਹੀ ਸਬਰ ਸੰਤੋਖ ਵਾਲ ? ਅਤੇ ਆਪੇ ਖੁਸ਼ੀਆਂ ਲੱਭਣ ਵਰਗੇ ਨੈਤਿਕ ਗੁਣ ਲੱਭ ਕੇ ਉਹਨਾਂ ਦੇ ਧਾਰਨੀ ਬਣ ਜਾਂਦੇ ਸਨ। ਪਰ ਅੱਜ ਕੱਲ੍ਹ ਦੇ ਬੱਚਿਆਂ ਨੂੰ ਸੁਰਤ ਸੰਭਾਲਦਿਆਂ ਹੀ ਪਦਾਰਥਾਂ ਦੀ ਅਹਿਮੀਅਤ ਦਿਖਾਈ ਦੇਣ ਲੱਗਦੀ ਹੈ ਜਿਸ ਨਾਲ ਇਹ ਸਭ ਕੁਝ ਉਹਨਾਂ ਉੱਤੇ ਐਨਾ ਭਾਰੂ ਹੋ ਜਾਂਦਾ ਹੈ ਕਿ ਉਹ ਛੋਟੀਆਂ ਛੋਟੀਆਂ ਗੱਲਾਂ ਲਈ ਦੂਜਿਆਂ ਉੱਤੇ ਜਾਂ ਵਸਤਾਂ ਤੇ ਨਿਰਭਰ ਹੋਣ ਲੱਗਦੇ ਹਨ ।ਉਹਨਾਂ ਦੀ ਸੋਚ ਅੰਦਰ ਸੌੜਾਪਣ ਪੈਦਾ ਹੋ ਕੇ ਉਹ ਤੰਗ ਦਿਲ ਜਿਹੇ ਇਨਸਾਨ ਵਜੋਂ ਉਭਰਨ ਲੱਗਦੇ ਹਨ ।ਇਹੀ ਕਾਰਨ ਹੈ ਕਿ ਅੱਜ ਦੀ ਦੁਨੀਆਂ ਬਹੁਤ ਤੰਗਦਿਲ ਲੋਕਾਂ ਦੀ ਬਣਦੀ ਜਾ ਰਹੀ ਹੈ ।ਅੱਜ ਦੇ ਬੱਚਿਆਂ ਵਿੱਚ ਸਹਿਣਸ਼ੀਲਤਾ ਘਟਣ ਦਾ ਕਾਰਨ ਵੀ ਇਹੀ ਹੈ ।ਉਹਨਾਂ ਦੀਆਂ ਜ਼ਰੂਰਤਾਂ ਪੂਰੀਆਂ ਨਾ ਹੋਣ ਕਰਕੇ ਉਹਨਾਂ ਵਿੱਚ ਗੱਲ ਗੱਲ ਤੇ ਗੁੱਸਾ ਕਰਨ ਦੀ ਆਦਤ ਵਧ ਰਹੀ ਹੈ। ਜੇ ਸੱਚ ਮੁੱਚ ਮਾਪੇ ਆਪਣੇ ਬੱਚਿਆਂ ਨੂੰ ਇੱਕ ਦਮਦਾਰ ਸ਼ਖ਼ਸੀਅਤ ਦੇ ਮਾਲਕ ਬਣਾਉਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਮਹਿੰਗੀਆਂ ਵਸਤੂਆਂ ਖਰੀਦ ਕੇ ਦੇਣ ਦੀ ਥਾਂ ਪੁਰਾਣੇ ਬਚਪਨਾਂ ਵਾਂਗ ਖੁੱਲ੍ਹਾ ਡੁੱਲ੍ਹਾ ਮਾਹੌਲ ਸਿਰਜਣ ਦੀ ਲੋੜ ਹੈ ਜਿਸ ਵਿੱਚ ਉਹ ਆਪਣੇ ਆਪ ਨੂੰ ਮਾਨਸਿਕ ਤੌਰ ਤੇ ਅਜ਼ਾਦ ਮਹਿਸੂਸ ਕਰ ਸਕਣ। ਅੱਜ ਕੱਲ੍ਹ ਮਾਪਿਆਂ ਵੱਲੋਂ ਆਪਣੇ ਰੁਝੇਵਿਆਂ ਵਿਚੋਂ ਕੁਝ ਸਮਾਂ ਕੱਢਕੇ ਪਰਿਵਾਰਕ ਮਾਹੌਲ ਵਿੱਚ ਬੱਚਿਆਂ ਨੂੰ ਖੁੱਲ੍ਹ ਕੇ ਖੇਡਣ ਲਈ ਮੌਕੇ ਪ੍ਰਦਾਨ ਕੀਤੇ ਜਾਣ ਦੀ ਲੋੜ ਹੈ। ਉਹਨਾਂ ਅੰਦਰ ਆਪਣੇ ਦਿਲ ਦੀ ਗੱਲ ਖੁੱਲ੍ਹ ਕੇ ਦੱਸਣ ਦੇ ਮੌਕੇ ਪ੍ਰਦਾਨ ਕੀਤੇ ਜਾਣੇ ਚਾਹੀਦੇ ਹਨ। ਅੱਜ ਦਾ ਬਚਪਨ ਸਕੂਲ ਦੀ ਚਾਰਦੀਵਾਰੀ ਤੇ ਫਿਰ ਘਰ ਆ ਕੇ ਟਿਊਸ਼ਨਾਂ ਦੀ ਚਾਰਦੀਵਾਰੀ ਦੇ ਅੰਦਰ ਤੇ ਫਿਰ ਘਰ ਦੇ ਵਿੱਚ ਬੱਚਿਆਂ ਵਾਲੇ ਕਮਰੇ ਦੀ ਚਾਰਦੀਵਾਰੀ ਵਿੱਚ ਕੈਦ ਹੁੰਦਾ ਜਾ ਰਿਹਾ ਹੈ। ਐਕਟੀਵਿਟੀ (ਕਾਰਜਸ਼ੀਲ ਪੜ੍ਹਾਈ ਪ੍ਰਣਾਲੀ) ਦੇ ਨਾਂ ਤੇ ਹੋਣ ਵਾਲੀ ਪੜ੍ਹਾਈ ਦੇ ਵਿੱਚ ਬੱਚਾ ਐਨਾ ਉਲਝਿਆ ਹੁੰਦਾ ਹੈ ਕਿ ਉਹ ਮਾਪਿਆਂ ਜਾਂ ਹੋਰਾਂ ਦੀ ਮਦਦ ਨਾਲ ਉਸ ਕੰਮ ਨੂੰ ਪੂਰਾ ਕਰਦਾ ਨਜ਼ਰ ਆਉਂਦਾ ਹੈ ।ਜਿਸ ਦੇ ਬੋਝ ਹੇਠ ਉਸ ਦੇ ਖੁੱਲ੍ਹ ਕੇ ਜਿਊਣ ਵਾਲ ?ਾ ਬਚਪਨ ਆਪਣੇ ਆਪ ਖ਼ਤਮ ਹੋ ਜਾਂਦਾ ਹੈ। ਕਈ ਵਾਰ ਵੇਖਣ ਵਿੱਚ ਆਇਆ ਹੈ ਕਿ ਛੋਟੀਆਂ ਜਮਾਤਾਂ ਤੋਂ ਲੈਕੇ ਵੱਡੀਆਂ ਜਮਾਤਾਂ ਤੱਕ ਦੇ ਬੱਚਿਆਂ ਦੇ ਮਾਪੇ ਉਹਨਾਂ ਨੂੰ ਮੁੱਲ ਦੇ ਪ੍ਰੋਜੈਕਟ ਖਰੀਦ ਕੇ ਦਿੰਦੇ ਹਨ ਜਿਸ ਕਾਰਨ ਬੱਚਾ ਚੰਗੇ ਨੰਬਰ ਤਾਂ ਲੈ ਲੈਂਦਾ ਹੈ ਪਰ ਅਸਲੀ ਜਾਣਕਾਰੀ ਤੋਂ ਸੱਖਣਾ ਰਹਿ ਜਾਂਦਾ ਹੈ। ਬੱਚਾ ਓਨਾ ਹੀ ਸਿੱਖਦਾ ਹੈ ਜਿੰਨਾ ਉਸ ਨੂੰ ਪੜ੍ਹਾਇਆ ਜਾਂ ਸਿਖਾਇਆ ਜਾਂਦਾ ਹੈ। ਇਸ ਵਿੱਚ ਕਿਧਰੇ ਵੀ ਸਹਿਣਸ਼ੀਲਤਾ,ਸਨੇਹ, ਰੁੱਸਣਾ ਮੰਨਣਾ ਵਰਗੇ ਗੁਣ ਨਹੀਂ ਲੱਭਦੇ ਹਨ। ਅੱਜ ਦੇ ਬਚਪਨ ਵਿੱਚ ਮਾਪਿਆਂ ਦੀ ਹਿੱਸੇਦਾਰੀ ਸਿਰਫ਼ ਪੈਸਾ, ਸੁੱਖ ਸਹੂਲਤਾਂ, ਵਧੀਆ ਸਕੂਲ, ਵਧੀਆ ਟਿਊਟਰ ਅਤੇ ਬੱਚਿਆਂ ਨੂੰ ਸਕੂਲ ਛੱਡਣ ਜਾਂ ਲਿਆਉਣ ਜਿੰਨੀ ਹੀ ਰਹਿ ਗਈ ਹੈ। ਇਸ ਸਭ ਕੁਝ ਨੂੰ ਅੱਜ ਦੇ ਮਾਪੇ ਆਪਣੇ ਵੱਲੋਂ ਦਿੱਤੀ ਜਾਣ ਵਾਲੀ ਵਧੀਆ ਪਰਵਰਿਸ਼ ਦਾ ਨਾਂ ਦਿੰਦੇ ਹਨ ਜਦ ਕਿ ਇਹ ਸਭ ਕੁਝ ਕਾਫ਼ੀ ਨਹੀਂ ਹੈ ਅਤੇ ਉਹ ਆਪਣੇ ਬੱਚਿਆਂ ਨੂੰ ਪੂਰੀ ਤਰ੍ਹਾਂ ਉਹਨਾਂ ਦੇ ਅਸਲੀ ਹੱਕਾਂ ਤੋਂ ਵਾਂਝਿਆਂ ਰੱਖ ਰਹੇ ਹੁੰਦੇ ਹਨ। ਅੱਜ ਦਾ ਬਚਪਨ ਖੁੱਲ੍ਹੇ ਅਸਮਾਨਾਂ ਦੀਆਂ ਹਵਾਵਾਂ ਵਿੱਚ ਖੁੱਲ੍ਹ ਕੇ ਜਿਊਣ ਤੋਂ ਵਾਂਝਾ ਹੋ ਗਿਆ ਹੈ। ਜਿਸ ਨਾਲ ਉਹ ਜਵਾਨੀ ਵਿੱਚ ਭਟਕਣ ਮਹਿਸੂਸ ਕਰਦਾ ਹੋਇਆ ਕੁਰਾਹੇ ਪੈ ਜਾਂਦਾ ਹੈ। ਉਹ ਇਸ ਸਭ ਦੀ ਕਮੀ ਆਪਣੇ ਦੋਸਤਾਂ ਨਾਲ ? ਅੱਧੀ ਅੱਧੀ ਰਾਤ ਤੱਕ ਘੁੰਮ ਫਿਰ ਕੇ ਪੂਰੀ ਕਰਦਾ ਹੈ। ਲੋੜ ਹੈ ਅੱਜ ਦੇ ਮਾਪਿਆਂ ਵੱਲੋਂ ਆਪਣੇ ਬੱਚਿਆਂ ਦੇ ਬਚਪਨ ਨੂੰ ਸੰਭਾਲਣ ਦੀ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਹੀ ਮਾਰਗਦਰਸ਼ਨ ਕਰਕੇ ਫਿਰ ਤੋਂ ਇੱਕ ਨਰੋਆ ਸਮਾਜ ਸਿਰਜਣ ਦੇ ਯੋਗ ਹੋ ਸਕੀਏ।

# ਆਰਗੈਨਿਕ ਫੂਡ ਦੇ ਨਾਮ 'ਤੇ ਚੱਲ ਰਿਹਾ ਅਰਬਾਂ ਖਰਬਾਂ ਦਾ ਗੋਰਖ ਧੰਦਾ

ਭਾਰਤ ਵਿੱਚ ਇਸ ਸਮੇਂ ਆਰਗੈਨਿਕ ਫੂਡ ਦੇ ਨਾਮ 'ਤੇ ਲੋਕਾਂ ਨੂੰ ਰੱਜ ਕੇ ਬੇਵਕੂਫ ਬਣਾਇਆ ਜਾ ਰਿਹਾ ਹੈ। ਕਈ ਚਲਾਕ ਕਿਸਮ ਦੇ ਲੋਕ ਇਸ ਫਰਾਡ ਤੋਂ ਕਰੋੜਾਂ ਰੁਪਏ ਦੀ ਕਮਾਈ ਕਰ ਰਹੇ ਹਨ ਕਿਉਂਕਿ ਆਰਗੈਨਿਕ ਸ਼ਬਦ ਸੁਣਦੇ ਸਾਰ ਅਮੀਰ ਲੋਕ ਕੋਈ ਵੀ ਕੀਮਤ ਦੇਣ ਨੂੰ ਤਿਆਰ ਹੋ ਜਾਂਦੇ ਹਨ। ਪੇਂਡੂ ਬੰਦਾ ਤਾਂ ਸ਼ਾਇਦ ਇਹ ਪਹਿਚਾਣ ਕਰ ਲਵੇ ਕਿ ਇਹ ਅਨਾਜ਼ (ਕਣਕ, ਚਾਵਲ, ਮੱਕੀ ਆਦਿ) ਜਾਂ ਸਬਜ਼ੀਆਂ ਆਰਗੈਨਿਕ ਨਹੀਂ ਹਨ ਪਰ ਸ਼ਹਿਰੀਏ ਇਹ ਪਹਿਚਾਣ ਕਦੇ ਵੀ ਨਹੀਂ ਕਰ ਸਕਦੇ ਕਿਉਂਕਿ ਉਨ੍ਹਾਂ ਨੇ ਤਾਂ ਕਦੇ ਖੇਤਾਂ ਵਿੱਚ ਪੈਰ ਵੀ ਨਹੀਂ ਪਾਇਆ ਹੁੰਦਾ। ਆਰਗੈਨਿਕ ਅਨਾਜ਼ ਤੇ ਸਬਜ਼ੀਆਂ ਪੈਦਾ ਕਰਨਾ ਬਹੁਤ ਹੀ ਮੁਸ਼ਕਿਲ ਅਤੇ ਘਾਟੇ ਵਾਲਾ ਸੌਦਾ ਹੈ। ਆਪਾਂ ਕਣਕ ਦੀ ਹੀ ਮਿਸਾਲ ਲੈ ਲੈਂਦੇ ਹਾਂ। ਖਾਦਾਂ, ਨਦੀਨਨਾਸ਼ਕ ਤੇ ਕੀਟਨਾਸ਼ਕਾਂ ਦੀ ਵਰਤੋਂ ਕਰ ਕੇ ਤਿਆਰ ਕੀਤੀ ਗਈ ਕਣਕ ਦਾ ਔਸਤ ਝਾੜ 20 ਕਵਿੰਟਲ (50 ਮਣ, 2000 ਕਿੱਲੋ) ਦੇ ਕਰੀਬ ਨਿਕਲਦਾ ਹੈ। ਪਰ ਜੇ ਕੋਈ ਕਿਸਾਨ ਕਣਕ ਨੂੰ ਰਸਾਇਣਕ ਖਾਦਾਂ ਆਦਿ ਦੀ ਬਜਾਏ ਪਸ਼ੂਆਂ ਦਾ ਗੋਹਾ ਜਾਂ ਮੁਰਗੀਆਂ ਦੀਆਂ ਵਿੱਠਾਂ ਵਰਤਦਾ ਹੈ ਤੇ ਸੋਸ਼ਲ ਮੀਡੀਆ 'ਤੇ ਖੂਬ ਪ੍ਰਚਾਰੇ ਜਾ ਰਹੇ ਗਾਂ ਦੇ ਮੂਤਰ ਅਤੇ ਖੱਟੀ ਲੱਸੀ ਤੋਂ ਤਿਆਰ ਕੀਤੇ ਕੀਟਨਾਸ਼ਕ ਦੀ ਵਰਤੋਂ ਕਰਦਾ ਹੈ ਤਾਂ ਕਿਸੇ ਵੀ ਹਾਲਤ ਵਿੱਚ ਵੀ ਝਾੜ 5 - 6 ਕਵਿੰਟਲ (500, 600 ਕਿੱਲੋ) ਤੋਂ ਵੱਧ ਨਹੀਂ ਨਿਕਲ ਸਕਦਾ। ਅਜਿਹੇ ਕਿਸਾਨ ਦਾ ਸਿਰਫ ਗੁਡਾਈ ਉੱਪਰ ਹੀ ਨੌਂ, ਦਸ ਹਜ਼ਾਰ ਪ੍ਰਤੀ ਏਕੜ ਲੱਗ ਜਾਣਾ ਹੈ। ਸ਼ਾਇਦ 5 - 6 ਕਵਿੰਟਲ ਵੀ ਝਾੜ ਨਾ ਨਿਕਲੇ ਕਿਉਂਕਿ ਕਣਕ ਨੂੰ ਪੈਣ ਵਾਲੇ ਦੁਸ਼ਮਣ ਕੀੜੇ (ਤੇਲਾ ਆਦਿ) ਆਦਿ ਦਾ ਸਰੀਰਕ ਸਿਸਟਮ ਕੀਟਨਾਸ਼ਕਾਂ ਪ੍ਰਤੀ ਐਨਾ ਪ੍ਰਤੀਰੋਧਕ ਹੋ ਚੁੱਕਾ ਹੈ ਕਿ ਬੇਹੱਦ ਜ਼ਹਿਰੀਲੀਆਂ ਦਵਾਈਆਂ ਦੀਆਂ ਚਾਰ ਚਾਰ ਸਪਰੇਆਂ ਕਰਨ 'ਤੇ ਵੀ ਪੂਰੀ ਤਰਾਂ ਨਹੀਂ ਮਰਦੇ। ਹੁਣ ਤੁਸੀ ਸੋਚ ਲਉ ਕਿ ਗਾਂ ਮੂਤਰ, ਨਿੰਮ ਅਤੇ ਖੱਟੀ ਲੱਸੀ ਤੋਂ ਤਿਆਰ ਕੀਤੇ ਗਏ ਜੈਵਿਕ ਕੀਟਨਾਸ਼ਕ ਉਸ 'ਤੇ ਕੀ ਅਸਰ ਕਰਨਗੇ ? ਇਸ ਵੇਲੇ ਕਣਕ ਦਾ ਸਰਕਾਰੀ ਰੇਟ ਸਾਲ 2025 - 2026 ਲਈ 2425 ਰੁਪਏ ਪ੍ਰਤੀ ਕਵਿੰਟਲ ਹੈ। ਇਸ ਦਾ ਮਤਲਬ ਇਹ ਹੈ ਕਿ ਆਰਗੈਨਿਕ ਕਣਕ ਉਗਾਉਣ ਵਾਲੇ ਕਿਸਾਨ ਨੂੰ ਜੇ ਆਮ ਕਣਕ ਨਾਲੋਂ 5 ਗੁਣਾ ਵੱਧ ਰੇਟ ਜੋ ਕਿ 12000 ਦੇ ਕਰੀਬ ਬਣਦਾ ਹੈ, ਮਿਲੇ ਤਾਂ ਕਿਤੇ ਉਸ ਦਾ ਘਾਟਾ ਪੂਰਾ ਹੋ ਸਕਦਾ ਹੈ। ਪਰ ਦੂਸਰੇ ਪਾਸੇ ਰਾਜਸਥਾਨੀ ਦੇਸੀ ਤੇ ਆਰਗੈਨਿਕ ਦੱਸ ਕੇ ਵੇਚੀ ਜਾ ਰਹੀ ਕਣਕ 4, 5 ਹਜ਼ਾਰ ਪ੍ਰਤੀ ਕਵਿੰਟਲ ਅਰਾਮ ਨਾਲ ਜਿੰਨੀ ਚਾਹੋ ਮਿਲ ਜਾਂਦੀ ਹੈ। ਐਨੀ ਕਣਕ ਕਿੱਥੋਂ ਆ ਰਹੀ ਹੈ ? ਇਹ ਅਸਲ ਵਿੱਚ ਪੰਜਾਬ ਦੀ ਹੀ ਕਣਕ ਹੈ ਜਿਸ ਨੂੰ ਧੋ ਸਵਾਰ ਕੇ ਰਾਜਸਥਾਨੀ ਕਣਕ ਦੇ ਨਾਮ 'ਤੇ ਲੋਕਾਂ ਨੂੰ ਠੱਗਿਆ ਜਾ ਰਿਹਾ ਹੈ। ਕੁਝ ਸਾਲ ਪਹਿਲਾਂ ਮੈਂ ਬਤੌਰ ਐਸ.ਪੀ. ਸਬ ਡਵੀਜ਼ਨ ਅਬੋਹਰ ਲੱਗਾ ਹੋਇਆ ਸੀ। ਉਥੇ ਇੱਕ ਨਜ਼ਦੀਕ ਪਿੰਡ ਵਿੱਚ ਇੱਕ ਕਿਸਾਨ ਦੀ ਬੜੀ ਚਰਚਾ ਸੀ ਕਿ ਉਹ ਆਰਗੈਨਿਕ ਫਸਲਾਂ ਬੀਜਦਾ ਹੈ। ਜਦੋਂ ਮੈਂ ਉਸ ਦੇ ਫਾਰਮ 'ਤੇ ਗਿਆ ਉਦੋਂ ਕਣਕ ਨਿੱਸਰੀ ਹੋਈ ਸੀ। ਮੈਂ ਉਸ ਨੂੰ ਪੁੱਛਿਆ ਕਿ ਕਣਕ ਲਈ ਖਾਦ ਜਾਂ ਕੀਟਨਾਸ਼ਕ ਜਾਂ ਨਦੀਨ ਨਾਸ਼ਕ ਵਰਤਦੇ ਉ ? ਉਹ ਤੜਾਕ ਦੇਣੀ ਬੋਲਿਆ ਕਿ ਮਤਲਬ ਈ ਨਹੀਂ, ਸਿਰਫ ਆਰਗੈਨਿਕ ਵਸਤੂਆਂ ਦੀ ਵਰਤੋਂ ਹੀ ਖਾਦ ਅਤੇ ਸਪਰੇਅ ਵਾਸਤੇ ਕੀਤੀ ਜਾਂਦੀ ਹੈ। ਮੇਰੇ ਕੋਲੋਂ ਰਿਹਾ ਨਾ ਗਿਆ, ਮੈਂ ਕਿਹਾ ਕਿ ਭਾਈ ਸਾਹਿਬ ਤੁਸੀਂ ਇਨ੍ਹਾਂ ਗੱਲਾਂ ਨਾਲ ਸ਼ਹਿਰੀਆਂ ਨੂੰ ਬੇਵਕੂਫ ਬਣਾ ਸਕਦੇ ਉ ਪਰ ਕਿਸੇ ਕਿਸਾਨ ਨੂੰ ਨਹੀਂ। ਤੇਰੀ ਤਕਰੀਬਨ 40, 50 ਏਕੜ ਕਣਕ ਕਾਲੀ ਸ਼ਾਹ ਖੜ੍ਹੀ ਆ ਤੇ ਤੂੰ ਲੋਕ ਵਿਖਾਵਾ ਕਰਨ ਲਈ ਇਸ ਚੁਬੱਚੇ ਵਿੱਚ 8 - 10 ਲੀਟਰ ਲੱਸੀ ਵਾਲਾ ਕੀਟ ਨਾਸ਼ਕ ਰੱਖਿਆ ਹੋਇਆ ਹੈ। ਤੇਰੇ ਖੇਤਾਂ ਵਿੱਚ ਜੌਂਧਰ ਵਰਗੇ ਕਰੜੇ ਨਦੀਨ ਸਮੇਤਕਿਸੇ ਨਦੀਨ ਦਾ ਨਾਮੋ ਨਿਸ਼ਾਨ ਨਹੀਂ ਹੈ। ਗਾਵਾਂ ਤੇਰੇ ਕੋਲ ਸਿਰਫ ਚਾਰ ਖੜ੍ਹੀਆਂ ਨੇ, ਇਹ




ਨਿਊਯਾਰਕ
ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਬਲਰਾਜ ਸਿੰਘ ਸਿੱਧੂ ਏ.ਆਈ.ਜੀ. (ਰਿਟਾ)
ਪੰਡੋਰੀ ਸਿੱਧਵਾਂ 9501100062

ਤੀਹ ਚਾਲੀ ਖੇਤਾਂ 'ਤੇ ਸਪਰੇਅ ਕਰਨ ਜੋਗਾ ਮੂਤਰ ਕਿਵੇਂ ਪੈਦਾ ਕਰ ਸਕਦੀਆਂ ਹਨ ? ਬਿਨਾਂ ਰਸਾਇਣਕਖਾਦ ਜਾਂ ਸਮਰੇਅ ਤੋਂ ਇਸ ਤਰਾਂ ਦੀ ਸ਼ਾਨਦਾਰ ਕਣਕ ਹੋ ਹੀ ਨਹੀਂ ਸਕਦੀ। ਕੁਝ ਦੇਰ ਤਾਂ ਉਹ ਬਹਿਸ ਕਰਦਾ ਰਿਹਾ ਪਰ ਅਖੀਰ ਵਿੱਚ ਉਸ ਨੂੰ ਮੰਨਣਾ ਪਿਆ ਕਿ ਸੋਸ਼ਲ ਮੀਡੀਆ 'ਤੇ ਕੀਤੇ ਜਾ ਰਹੇ ਧੂੰਆਂ ਧਾਰ ਪ੍ਰਚਾਰ ਕਾਰਨ ਉਸ ਦਾ ਠਕ ਠਕਾ ਵਧੀਆ ਚੱਲ ਰਿਹਾ ਹੈ। ਖਾਦ, ਨਦੀਨਨਾਸ਼ਕ ਅਤੇ ਕੀਟ ਨਾਸ਼ਕ ਤਾਂ ਵਰਤਣੇ ਹੀ ਪੈਂਦੇ ਹਨ, ਉਹ ਗੱਲ ਵੱਖਰੀ ਹੈ ਕਿ ਮੈਂ ਬਾਕੀ ਲੋਕਾਂ ਤੋਂ ਥੋੜ੍ਹੇ ਬਹੁਤੇ ਘੱਟ ਵਰਤਦਾ ਹਾਂ। ਮੇਰਾ ਇੱਕ ਦੋਸਤ ਮੋਹਾਲੀ ਰਹਿੰਦਾ ਹੈ ਤੇ ਸਰਕਾਰੀ ਨੌਕਰੀ ਕਰਦਾ ਹੈ। ਉਸ ਦੀ ਆਪਣੇ ਮਹਿਕਮੇ ਦੇ ਅਫਸਰਾਂ ਨਾਲ ਬਹੁਤ ਬਣਦੀ ਹੈ ਜਿਸ ਦੀ ਬਦੌਲਤ ਉਹ ਮਨਮਰਜ਼ੀ ਦੀ ਪੋਸਟਿੰਗ ਕਰਵਾ ਲੈਂਦਾ ਹੈ। ਇੱਕ ਦਿਨ ਮੈਂ ਉਸ ਨੂੰ ਮਿਲਣ ਲਈ ਗਿਆ ਤਾਂ ਅੱਗੇ ਉਹ ਲਾਅਨ ਵਿੱਚ ਅੱਠ ਦਸ ਤਰਾਂ ਦੀਆਂ ਸਬਜ਼ੀਆਂ ਦੀਆਂ ਬੋਰੀਆਂ ਖੋਲ੍ਹੀ ਬੈਠਾ ਸੀ ਜਿਨ੍ਹਾਂ ਨੂੰ ਕੁਝ ਮਜ਼ਦੂਰ ਧੋ ਸੁਕਾ ਕੇ ਲਿਫਾਫਿਆਂ ਵਿੱਚ ਪੈਕ ਕਰ ਰਹੇ ਸਨ। ਮੈਂ ਜਦੋਂ ਉਸ ਨੂੰ ਇਸ ਤਮਾਸ਼ੇ ਬਾਰੇ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਉਹ ਅਫਸਰਾਂ ਵਾਸਤੇ ਆਪਣੇ ਫਾਰਮ ਦੀ ਆਰਗੈਨਿਕ ਸਬਜ਼ੀ ਪੈਕ ਕਰਵਾ ਰਿਹਾ ਹੈ। ਮੈਂ ਉਸ ਨੂੰ ਪੁੱਛਿਆ ਕਿ ਕਿੱਥੇ ਆ ਤੇਰਾ ਫਾਰਮ, ਕਦੇ ਵਿਖਾਇਆ ਹੀ ਨਹੀਂ।ਉਹਹੱਸ ਕੇ ਬੋਲਿਆ ਕਿ ਕਿਹੜਾ ਫਾਰਮ ? ਮੈਂ ਆਪਣੇ ਅਫਸਰਾਂ ਨੂੰ ਦੱਸਿਆ ਹੋਇਆ ਹੈ ਕਿ ਖਰੜ ਵੱਲ ਮੇਰਾ ਇੱਕ ਫਾਰਮ ਹੈ ਜਿੱਥੇ ਮੈਂ ਆਰਗੈਨਿਕ ਸਬਜ਼ੀਆਂ ਦੀ ਖੇਤੀ ਕਰਦਾ ਹਾਂ। ਦਸੀਂ ਪੰਦਰੀਂ ਦਿਨੀ ਚੰਡੀਗੜ੍ਹ ਦੀ ਸਬਜ਼ੀ ਮੰਡੀ ਤੋਂ ਸਬਜ਼ੀਆਂ ਲੈ ਆਉਂਦਾ ਹਾਂ ਤੇ ਧੋ ਸਵਾਰ ਕੇ ਉਨ੍ਹਾਂ ਦੇ ਘਰੀਂ ਪਹੁੰਚ ਦਿੰਦਾ ਹਾਂ। ਅਫਸਰਾਂ ਦੀਆਂ ਪਤਨੀਆਂ ਮੇਰੇ ਪਿੱਛੇ ਪਈਆਂ ਰਹਿੰਦੀਆਂ ਹਨ ਕਿ ਬਜ਼ਾਰ ਵਿੱਚੋਂ ਖਰੀਦੀ ਹੋਈ ਸਬਜ਼ੀ ਤੇਰੀ ਆਰਗੈਨਿਕ ਸਬਜ਼ੀ ਵਰਗੀ ਸਵਾਦ ਨਹੀਂ ਬਣਦੀ, ਦੁਬਾਰਾ ਦੇ ਕੇ ਜਾਉ। ਬੱਸ ਇਸੇ ਆਰਗੈਨਿਕ ਸਬਜ਼ੀ ਦੇ ਸਿਰ 'ਤੇ ਮਨਮਰਜ਼ੀ ਦੀ ਪੋਸਟਿੰਗ ਹੋ ਜਾਂਦੀ ਹੈ। ਆਪਣੀ ਘਰੇਲੂ ਵਰਤੋਂ ਵਾਸਤੇ ਤਾਂਕਿਚਨ ਗਾਰਡਨ ਵਿੱਚ ਆਰਗੈਨਿਕ ਸਬਜ਼ੀ ਆਦਿ ਉਗਾਈ ਜਾ ਸਕਦੀ ਹੈ ਪਰ ਕਮਰਸ਼ੀਅਲ ਤੌਰ 'ਤੇ ਇਸ ਨੂੰ ਉਗਾਉਣਾ ਘਾਟੇਵੰਦਾ ਸੌਦਾ ਹੈ। ਜੇ ਤੁਸੀਂ ਜਰੂਰ ਹੀ ਆਰਗੈਨਿਕ ਸਬਜ਼ੀਆਂ ਜਾਂ ਆਟਾ, ਚਾਵਲ ਆਦਿ ਲੈਣੇ ਹਨ ਤਾਂ ਬਹੁਤ ਹੀ ਭਰੋਸੇਯੋਗ ਵਿਅਕਤੀ ਕੋਲੋਂ ਲਉ ਨਹੀਂ ਤਾਂ ਆਪ ਉਗਾ ਲਉ। ਅੱਜ ਕਲ੍ਹ ਸੈਂਕੜੇ ਮਿਹਨਤੀ ਲੋਕ ਆਪਣੇ ਜੋਗੀ ਸਬਜ਼ੀ ਘਰ ਦੀਆਂ ਛੱਤਾਂ ਉੱਪਰ ਹੀ ਗਮਲਿਆਂ ਵਿੱਚ ਉਗਾ ਰਹੇ ਹਨ।

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 324

Website: www.preetnama.com Email preetnamausa@gmail.com

03 OCT TO 09 OCT, 2025




# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 324

Website: www.preetnama.com Email preetnamausa@gmail.com

10 OCT TO 16 OCT, 2025




# ਪ੍ਰੀਤ ਫੁਲਵਾੜੀ

## मन ने तेरा व्रत लिया

जिनके सच्चे प्यार ने, भर दी मन की थोथ ।
उनके जीवन में रहा, हर दिन करवा चौथ ।।

हम ये सीखें चाँद से, होता है क्या प्यार ।
कुछ कमियों के दाग से, टूटे न ऐतबार ।।

मन ने तेरा व्रत लिया, हुई चाँदनी शाम ।
साथी मैंने कर दिया, सब कुछ तेरे नाम ।।

मन में तेरा प्यार है, आँखों में तस्वीर ।
हर लम्हे में है छुपी, बस तेरी तासीर ।।

अब तो मेरी कलम भी, करती तुमसे प्यार ।
नाम तुम्हारा ही लिखे, कागज़ पर हर बार ।।

मन चातक ने है रखा, साथी यूँ उपवास ।
बुझे न तेरे बिन परी, अब 'सौरभ' की प्यास ।।

तुम राधा, मेरी बनो, मुझको कान्हा जान ।
दुनिया सारी छोड़कर, धर लें बस ये ध्यान ।।

मेरे गीतों में बसी, बनकर तुम संगीत ।
टूटा हुआ सितार हूँ, बिना तुम्हारे मीत ।।

माने कब हैं प्यार ने, ऊँच-नीच के पाश ।
झुकता सदा ज़मीन पर, सज़दे में आकाश ।।

**- डॉ सत्यवान सौरभ**

## ਜਨਤਾ ਦਾ ਸੇਵਕ

ਜਦ ਵੀ ਬੱਚਿਓ ਡਾਕੀਆਂ ਆਵੇ।
ਬਾਰ 'ਚ ਆ ਕੇ ਬੈੱਲ ਵਜਾਵੇ।

ਬਾਹਰ ਨਿਕਲ ਕੇ ਜਦ ਵੇਖੀਏ,
ਚਿੱਠੀ - ਪੱਤਰ ਹੱਥ ਫੜਾਵੇ।

ਖ਼ਾਕੀ ਲਿਫ਼ਾਫ਼ਾ ਜਾਂ ਕੋਈ ਕਾਗਜ਼,
ਪਹਿਲਾਂ ਪੜ੍ਹ ਕੇ ਪਤਾ ਸੁਣਾਵੇ।

ਹੈਂਡਲ ਦੇ ਨਾਲ ਝੋਲ ?ਾ ਟੰਗਿਆ,
ਸਾਈਕਲ ਸਟੈਂਡ ਦੇ ਉੱਤੇ ਲਾਵੇ।

ਗਲੀ ਮੁਹੱਲੇ ਦੇ ਵਿੱਚ ਜਾਂਦਾ,
ਆਵੇ ਚਿੱਠੀ, ਹਰ ਕੋਈ ਚਾਹਵੇ।

ਭੈਣ ਭਰਾ ਤੇ ਸੱਜਣ ਮਿੱਤਰ,
ਸਭ ਨੂੰ ਚਿੱਠੀ ਰਾਹੀਂ ਮਿਲਾਵੇ।

ਮੀਂਹ ਪਵੇ ਜਾਂ ਵਗੇ ਹਨੇਰੀ,
ਡਾਕੀਆ ਕਦੇ ਨਾ ਨਾਗਾ ਪਾਵੇ।

ਸਿਰ ਤੇ ਟੋਪੀ ਖ਼ਾਕੀ ਵਰਦੀ,
ਦੂਰੋਂ ਹੀ ਪਹਿਚਾਣ ਆ ਜਾਵੇ।

ਜਨਤਾ ਦਾ ਇਹ ਵਧੀਆ ਸੇਵਕ,
ਹਰ ਕੋਈ ਪਿਆਰ ਨਾਲ ਬੁਲਾਵੇ।

'ਪੱਤੋ' ਸਾਧਨ ਕਿੰਨੇ ਹੋ ਗਏ,
ਡਾਕੀਆ ਅੱਜ ਵੀ ਡਾਕ ਲਿਆਵੇ।

ਜਦ ਕਦੇ ਸਾਡੇ ਘਰ ਹੈ ਆਉਂਦਾ,
'ਪੀਤਾ' ਉਸ ਨੂੰ ਚਾਹ ਪਿਲਾਵੇ।

ਹਰਪ੍ਰੀਤ ਪੱਤੋ ਪਿੰਡ ਪੱਤੋ ਹੀਰਾ ਸਿੰਘ ਮੋਗਾ ਫੋਨ ਨੰਬਰ
94658-21417

### ਗੀਤ ਦਿਵਾਲੀ 'ਤੇ ਵਿਸ਼ੇਸ

## ਫੇਰ ਦਿਵਾਲੀ ਹੋਵੇਗੀ

ਸਭ ਧਰਮਾਂ ਦੇ ਚੜ੍ਹਣ ਸਿਤਾਰੇ ਫੇਰ ਦਿਵਾਲੀ ਹੋਵੇਗੀ
ਇਕ ਅੰਬਰ ਵਿਚ ਹੋਵਣ ਸਾਰੇ ਫੇਰ ਦਿਵਾਲੀ ਹੋਵੇਗੀ
ਸੂਰਜ ਦੀ ਲੋਅ, ਚੰਦਾ ਦੀ ਲੋਅ, ਦੀਵੇ ਦੀ ਲੋਅ, ਜੁਗਣੂੰ ਦੀ ਲੋਅ
ਛੋਟੇ ਵੱਡੇ ਆਦਰ ਨੂੰ ਇਕ ਹੀ ਮਾਲਾ ਵਿਚ ਪਿਰੋ
ਹਾਕਮ ਸਭ ਦੇ ਹਿੱਤ ਵਿਚਾਰੇ ਫੇਰ ਦਿਵਾਲੀ ਹੋਵੇਗੀ
ਸਭ ਧਰਮਾਂ ਦੇ ਚੜ੍ਹਦ ਸਿਤਾਰੇ ਫੇਰ ਦਿਵਾਲੀ ਹੋਵੋਗੀ
ਟਹਿਣੀ-ਟਹਿਣੀ ਖਿੜੀਆਂ ਕਲੀਆਂ ਨੂੰ ਕੋਈ ਮਾਲੀ ਤੋੜੇ ਨਾ
ਫੁੱਲ ਗੁਲਾਬੀ ਦੇ ਨਾਲ ਥੋਰ੍ਹਾਂ ਵਰਗੇ ਰਿਸ਼ਤੇ ਜੋੜੇ ਨਾ
ਨਿਰਧਨ ਨੂੰ ਰਾਜਾ ਸਤਿਕਾਰੇ ਫੇਰ ਦਿਵਾਲੀ ਹੋਵੇਗੀ
ਸਭ ਧਰਮਾਂ ਦੇ ਚੜ੍ਹਣ ਸਿਤਾਰੇ ਫੇਰ ਦਿਵਾਲੀ ਹੋਵੇਗੀ
ਬੇਰੁਜ਼ਗਾਰੀ, ਰਿਸ਼ਵਤਖੋਰੀ, ਨਸ਼ਿਆਂ 'ਤੇ ਕਾਬੂ ਕੌਣ ਕਰੇ
ਇਸ ਗੰਦਲੇ ਮਾਹੌਲ ਦੇ ਅੰਦਰ ਸੀਸ ਤਲੀ 'ਤੇ ਕੌਣ ਧਰੇ
ਬੇੜੀ ਤਾਰਨ ਖੇਹਵਣਹਾਰੇ ਫੇਰ ਦਿਵਾਲੀ ਹੋਵੇਗੀ
ਸਭ ਧਰਮਾਂ ਦੇ ਚੜ੍ਹਦ ਸਿਤਾਰੇ ਫੇਰ ਦਿਵਾਲੀ ਹੋਵੋਗੀ
ਉਨਤੀ ਯੁਕਤ ਵਿਦੇਸ਼ਾਂ ਵਾਂਗੂੰ ਨੀਅਤ, ਨੀਤੀ, ਪ੍ਰੀਤ ਬਣੇ
ਵੱਖ-ਵੱਖ ਸਾਜਾਂ ਦੀ ਇਕ ਧੁਨ ਦਾ ਫਿਰ ਉਤਮ ਸੰਗੀਤ ਬਣੇ
ਸ਼ੁੱਧਤਾ, ਬੁੱਧਤਾ ਨਾਲ ਨਜ਼ਾਰੇ ਫੇਰ ਦਿਵਾਲੀ ਹੋਵੇਗੀ
ਸਭ ਧਰਮਾਂ ਦੇ ਚੜ੍ਹਦ ਸਿਤਾਰੇ ਫੇਰ ਦਿਵਾਲੀ ਹੋਵੋਗੀ
ਫੁੱਲਦੀ-ਫੁੱਲਦੀ ਰੋਟੀ ਲੱਭੇ, ਮੱਖਣ ਸਾਗ ਸਰ੍ਹੋਂ ਦੇ ਨਾਲ
ਵੱਖ-ਵੱਖ ਭੋਜਨ ਕੌਲੀਆਂ ਦੇ ਵਿਚ, ਭਰਿਆ ਭਰਿਆ ਹੋਵੇ ਥਾਲ
ਝੁੱਲ੍ਹੇ ਦੇ ਵਿਚ ਹੋਣ ਸ਼ਰਾਰੇ ਫੇਰ ਦਿਵਾਲੀ ਹੋਵੇਗੀ
ਸਭ ਧਰਮਾਂ ਦੇ ਚੜ੍ਹਦ ਸਿਤਾਰੇ ਫੇਰ ਦਿਵਾਲੀ ਹੋਵੋਗੀ
ਨਾਲ ਮੁਹੱਬਤ ਦੀਵੇ ਹੋਵਣ ਏਧਰ ਵੀ ਤੇ ਓਧਰ ਵੀ
ਤਪਦੀਆਂ ਮਾਵਾਂ ਫਿਰ ਨਾ ਰੋਵਣ ਏਧਰ ਵੀ ਤੇ ਓਧਰ ਵੀ
ਜਗਮਗ-ਜਮਮਗ ਜਗਣ ਕਿਨਾਰੇ ਫੇਰ ਦਿਵਾਲੀ ਹੋਵੇਗੀ
ਸਭ ਧਰਮਾਂ ਦੇ ਚੜ੍ਹਦ ਸਿਤਾਰੇ ਫੇਰ ਦਿਵਾਲੀ ਹੋਵੋਗੀ
ਮਾਨਵਤਾ ਦੇ ਹਿਰਦੇ ਅੰਦਰ ਪਿਆਰ ਰਵੇ, ਸਤਿਕਾਰ ਰਵੇ
ਚੜ੍ਹਦੇ ਸੂਰਜ ਦੀ ਲਾਲੀ ਦਾ ਘਰ-ਘਰ ਵਿਚ ਦੀਦਾਰ ਰਵੇ
ਨਾ ਕੋਈ ਜਿੱਤੇ ਨਾ ਕੋਈ ਹਾਰੇ ਫੇਰ ਦਿਵਾਲੀ ਹੋਵੇਗੀ
ਸਭ ਧਰਮਾਂ ਦੇ ਚੜ੍ਹਣ ਸਿਤਾਰੇ ਫੇਰ ਦਿਵਾਲੀ ਹੋਵੋਗੀ
ਸਾਝੀਵਾਲ ਸੁਨੇਹਾ ਦੇਵੇ ਹਰਿਮੰਦਿਰ ਦੇ ਸ਼ਬਦਾਂ 'ਚੋਂ
ਝਿਲਮਿਲ-ਝਿਲਮਿਲ ਦੀਵੇ ਜਗਦੇ ਗੁਰਬਾਣੀ ਦੇ ਅਰਥਾਂ 'ਚੋਂ
ਸ਼ੀਤਲਤਾ ਹੈ ਸਗਲ ਦੁਆਰੇ ਫੇਰ ਦਿਵਾਲੀ ਹੋਵੇਗੀ
ਸਭ ਧਰਮਾਂ ਦੇ ਚੜ੍ਹਦ ਸਿਤਾਰੇ ਫੇਰ ਦਿਵਾਲੀ ਹੋਵੋਗੀ
ਭਾਰਤ ਦੀ ਖੁਸ਼ਹਾਲੀ ਅੰਦਰ ਏਕਮ ਵਾਲੇ ਚਮਕਣ ਤਾਰੇ
ਖੰਡੇ ਬਾਟੇ ਵਾਲਾ ਅੰਮਿ ?ਤ ਆਨੰਦਪੁਰੇ ਵਿਚ ਗੋਬਿੰਦ ਪਿਆਰੇ
ਲੈ ਕੇ ਆਵਣ ਪੰਜ ਪਿਆਰੇ ਫੇਰ ਦਿਵਾਲੀ ਹੋਵੇਗੀ
ਸਭ ਧਰਮਾਂ ਦੇ ਚੜ੍ਹਦ ਸਿਤਾਰੇ ਫੇਰ ਦਿਵਾਲੀ ਹੋਵੋਗੀ
ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮਾਨਵਤਾ ਵਡਿਆਈ
ਉਨ੍ਹਾਂ ਦੀ ਮਰਿਆਦਾ ਦੀ ਅੱਜ ਵੀ ਸੁਣਦੀ ਹੈ ਸ਼ਹਿਨਾਈ
ਬੰਦੀ ਰਾਜੇ ਪਾਰ ਉਤਾਰੇ ਫੇਰ ਦਿਵਾਲੀ ਹੋਵੇਗੀ
ਸਭ ਧਰਮਾਂ ਦੇ ਚੜ੍ਹਦ ਸਿਤਾਰੇ ਫੇਰ ਦਿਵਾਲੀ ਹੋਵੋਗੀ
ਭਰਤ ਜਿਹੇ ਫਿਰ ਨਿੱਸ-ਸਵਾਰਥ ਦਿਵਾਲੀ ਦੇ ਅਰਥ ਬਣਨ
ਹਾਲਾਤਾਂ ਦੇ ਗਰਭ 'ਚੋਂ 'ਬਾਲਮ' ਨੀਤੀ-ਪਰਿਵਰਤਨ ਜਣਨ
ਮੋਹ-ਮਮਤਾ ਹਿਰਦੇ ਨੂੰ ਠਾਰੇ ਫੇਰ ਦਿਵਾਲੀ ਹੋਵੇਗੀ
ਸਭ ਧਰਮਾਂ ਦੇ ਚੜ੍ਹਣ ਸਿਤਾਰੇ ਫੇਰ ਦਿਵਾਲੀ ਹੋਵੇਗੀ

**ਬਲਵਿੰਦਰ 'ਬਾਲਮ' ਗੁਰਦਾਸਪੁਰ**
**ਐਡਮਿੰਟਨ, ਕਨੇਡਾ-98156-25409 ਵਟਸਐਪ**

## ਇੱਜ਼ਤ ਕਮਾਉਣੀ ਔਖੀ

ਆਪਣਿਆਂ ਦਾ ਵਿਛੋੜਾ ਜਰਨਾ ਸਭ ਤੋਂ ਔਖਾ
ਵੈਸੇ ਬੰਦਾ ਵੱਡੇ ਵੱਡੇ ਦੁੱਖ ਸਹਿ ਜਾਂਦਾ
ਆਪਣੇ ਸਾਹ ਲੈਣੇ ਵੀ ਔਖੇ ਲੱਗਦੇ
ਜਦ ਬੰਦਾ ਕੱਲਾ ਰਹਿ ਜਾਦਾਂ

ਬਚਪਨ ਨੂੰ ਖਾਈ ਜਾਂਦਾ ਏ ਮੋਬਾਇਲ
ਏਦਾਂ ਹੀ ਜਵਾਨੀ ਲੰਘੀ ਜਾਂਦੀ ਆ
ਮੁੰਡਾ ਨੈੱਟ ਤੇ ਛਬੀਲ ਦੀਆਂ ਪਾਵੇ ਪੋਸਟਾਂ
ਘਰੇ ਬੇਬੇ ਬੈਠੀ ਪਾਣੀ ਮੰਗੀ ਜਾਂਦੀ ਆ

ਪਰਖ਼ ਉਮਰ ਲੰਮੇਰੀ ਦੀ ਦਾਦਾ ਗੱਲ ਸਮਝਾਵੇ ਪੋਤੇ ਨੂੰ
ਇੱਜ਼ਤ ਕਮਾਉਣੀ ਡਾਢੀ ਔਖੀ ਪੁੱਤਰਾਂ
ਬਦਨਾਮੀ ਤਾਂ ਕੌਡੀਓ ਸਸਤੀ ਮਿਲ ਜਾਂਦੀ

ਜਿਉਂ ਜਿਉਂ ਹੋਈ ਉਮਰ ਲੰਮੇਰੀ ਬੜਾ ਫ਼ਰਕ ਪੈ ਗਿਆ ਮੇਰੇ ਚ
ਮੈਂ ਵੀ ਬਾਪੂ ਵਾਂਗੂ ਨਾਲ ਹਲੀਮੀ ਡੂੰਘਾ ਸੋਚਣ ਲੱਗਾ ਹਾਂ
ਬੱਚੇ ਕਹਿੰਦੇ ਪਹਿਲਾਂ ਵਾਲਾਂ ਬਾਪ ਨਹੀਂ ਰਹਿ ਗਿਆ ਤੇਰੇ ਚ

ਕਹਿੰਦੇ ਨੇ ਸਮਾਂ ਪੈ ਕੇ ਦੁੱਖ ਘੱਟ ਜਾਂਦਾ ਏ
ਦੁੱਖ ਘੱਟਦਾ ਨਹੀਂ ਸਗੋਂ ਹੌਲੀ ਹੌਲੀ
ਦੁੱਖ ਸਹਿਣ ਦੀ ਆਦਤ ਪੈ ਜਾਂਦੀ ਹੈ,

**ਬਲਤੇਜ ਸੰਧੂ**
9465818158

## ਸਾਡਾ ਪਿੰਡ ਅਜਨੋਹਾ

ਕੋਟੋਂ ਮੇਹਟੀਆਣੇ ਜਾਣ ਵਾਲੀ ਨਹਿਰ ਦੇ ਕਿਨਾਰੇ।
ਪੈਂਦਾ ਪਿੰਡ ਅਜਨੋਹਾ ਜਿੱਥੇ ਲੈਂਦੇ ਸੀ ਨਜ਼ਾਰੇ।
ਸੋਹਣੀ ਬਣੀ ਏ ਸੜਕ ਜਿੱਥੇ ਲੱਗਦਾ ਨਹੀ ਹੋਹਾ।
ਜਾ ਕੇ ਪੁੱਛ ਲਈਂ ਕਿਸੇ ਨੂੰ ਸਾਡਾ ਪਿੰਡ ਅਜਨੋਹਾ।
ਜਿੱਥੇ ਬਚਪਨ ਗੁਜਾਰਿਆ ਸੀ ਅਸੀਂ ਖੇਲ ਖੇਲ।
ਜਿੱਥੇ ਬੱਚੇ ਫੜ ਝਗੇ ਸੀ ਖੇਲ ਲੈਂਦੇ ਰੇਲ ਰੇਲ।
ਜਿੱਥੇ ਕਾਗਜਾਂ ਦੀ ਬੇੜੀ ਨਹਿਰ ਵਿੱਚ ਦਿੰਦੇ ਠੇਲ।
ਪੱਠੇ ਵੱਢਣ ਵਾਲੀ ਛੋਟੀ ਦਾਤੀ ਨੂੰ ਕਹਿ ਦਿੰਦੇ ਚੋਹਾ।
ਜਾ ਕੇ ਪੁੱਛ ਲਈਂ ਕਿਸੇ ਨੂੰ ਸਾਡਾ ਪਿੰਡ ਅਜਨੋਹਾ।
ਭਾਵੇਂ ਪਿੰਡ ਦਾ ਸਕੂਲ ਹੁਣ ਬਣ ਗਿਆ ਸਮਾਰਟ।
ਸਾਡੇ ਵੇਲੇ ਵੀ ਪੜਾਈ ਦੀ ਸੀ ਵਧੀਆ ਜਹੀ ਆਰਟ।
ਸਟਾਫ ਰੂਮ ਵਿੱਚ ਹੁੰਦੇ ਸੀ ਰੱਖੇ ਟੀਚਰਾਂ ਨੇ ਚਾਰਟ।
ਚੋਟ ਮਾਰਦੇ ਹੁੰਦੇ ਸੀ ਦੇਖ ਗਰਮ ਜਿਹਾ ਲੋਹਾ।
ਜਾ ਕੇ ਪੁੱਛ ਲਈਂ ਕਿਸੇ ਨੂੰ ਸਾਡਾ ਪਿੰਡ ਅਜਨੋਹਾ।
ਦਹੀਂ ਮੱਖਣ ਸੀ ਖੁਰਾਕ ਦਿਲ ਸਭ ਦੇ ਸੀ ਪਾਕ।
ਦੁੱਧ ਮੱਖਣਾਂ ਨਾਲ ਪਾਲੇ ਮਾਵਾਂ ਧੀਆਂ ਤੇ ਜੁਆਕ।
ਕੋਈ ਖਾਵੇ ਨਾ ਪੀਜਾ ਬਰਗਰ ਪਾਸਤਾ ਤੇ ਪੋਹਾ।
ਜਾ ਕੇ ਪੁੱਛ ਲਈਂ ਕਿਸੇ ਨੂੰ ਸਾਡਾ ਪਿੰਡ ਅਜਨੋਹਾ।

**ਮਨਜੀਤ ਸਿੰਘ ਅਜਨੋਹਾ**
8902162685

## .ਗ਼ਜ਼ਲ

ਏਨੇ ਸਾਲਾਂ ਵਿੱਚ ਉਹ ਪੁੱਜਿਆ ਸਾਡੇ ਤੀਕ ਨਹੀਂ,
ਹੁਣ 'ਉੱਜੜੇ ਗੁਲਸ਼ਨ ਵਿੱਚ' ਉਸ ਦਾ ਆਣਾ ਠੀਕ ਨਹੀਂ।
ਕੋਈ ਵੇਲਾ ਸੀ ਜਦ ਚਾਹੁੰਦੇ ਸਾਂ ਉਸ ਨੂੰ ਮਿਲਣਾ,
ਪਰ ਇਸ ਉਮਰ 'ਚ ਸਾਨੂੰ ਉਸ ਦੀ ਕੋਈ ਉਡੀਕ ਨਹੀਂ।
ਦਿਲ ਤਾਂ ਕਰਦਾ ਹੈ ਮਨਾਈਏ ਆਪਣਾ ਜਨਮ ਦਿਹਾੜਾ,
ਪਰ ਸਾਨੂੰ ਲਭਦੀ ਹੀ ਆਪਣੀ ਜਨਮ ਤਰੀਕ ਨਹੀਂ।
ਮਨ ਦੇ ਪਿੱਛੇ ਲੱਗ ਕੇ ਤੁਰਨਾ ਹੁੰਦਾ ਠੀਕ ਸਦਾ,
ਮਨ ਨਾਲੋਂ ਹੋਰ ਕੋਈ ਬੰਦੇ ਦੇ ਨਜ਼ਦੀਕ ਨਹੀਂ।
ਉਸ ਨੂੰ ਲੁੱਟ,ਪੁੱਟ ਕੇ ਦੇਣਾ ਸੀ ਮਾਰ ਦਰਿੰਦੇ ਨੇ,
ਜੇ ਕਰ ਉਸ ਨੇ ਸਮੇਂ ਸਿਰ ਮਾਰੀ ਹੁੰਦੀ ਚੀਕ ਨਹੀਂ।
ਅੱਜ ਕੱਲ੍ਹ ਉਹ ਵੀ ਡਿਗਰੀ ਲੈ ਕੇ ਫਿਰਦੇ ਨੇ ਯਾਰੋ,
ਜਿਹਨਾਂ ਕਾਪੀ ਤੇ ਕਦੇ ਮਾਰੀ ਹੁੰਦੀ ਲੀਕ ਨਹੀਂ।
ਇਕ, ਦੂਜੇ ਦੀ ਜਾਨ ਦੇ ਦੁਸ਼ਮਣ ਬਣ ਗਏ ਨੇ ਲੋਕੀਂ,
ਰੱਕੜਾਂ ਪਿੰਡ 'ਚ 'ਮਾਨਾ' ਤੇਰਾ ਰਹਿਣਾ ਠੀਕ ਨਹੀਂ।

**ਮਹਿੰਦਰ ਸਿੰਘ ਮਾਨ**
**ਪਿੰਡ ਤੇ ਡਾਕ ਰੱਕੜਾਂ ਢਾਹਾ-144526**
**ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ**
**ਫੋਨ 9915803554**

## ਵੋਟਾਂ ਦੇ ਦਿਨ ਨੇੜੇ

ਠੁੱਕ ਏਰੀਏ ਚ ਪੂਰੀ ਕੋਠੀ ਵਿੱਚ ਖੇਤ ਦੇ
ਕਣਕ ਦੋ ਰੁਪੈ ਵਾਲੀ ਡੀਪੂ ਚੋਂ ਮਿਲੇ,
ਮਤਾ ਪਾਇਆ ਕਿ ਲੀਡਰ ਨਹੀਂ ਪਿੰਡ ਚ ਵੜਨ ਦੇਣਾਂ,
ਬੱਸਾਂ ਰੈਲੀਆਂ ਚ ਪਿੰਡੋਂ ਲੈ ਗਏ ਭਰਕੇ,
ਥੋਡੀ ਚੁੱਕ ਦੇਵਾਂਗੇ ਗਰੀਬੀ ਨਾ ਫਿਕਰ ਕਰੋ,,
ਵੋਟਾਂ ਦੇ ਦਿਨ ਨੇੜੇ ਆ ਗਏ,,
ਘਰ ਘਰ ਨੋਕਰੀ ਦਾ ਵਾਅਦਾ ਪੂਰਾ ਕਰਿਆ,,
ਕੁੱਟੀਆਂ ਜਵਾਨ ਧੀਆਂ ਗੁੱਤੋਂ ਫੜਕੇ,
ਹੋਜੂ ਮੁਲਕ ਦਾ ਵਿਕਾਸ ਸਾਰੇ ਪਾਸੇ ਲੱਡੂ ਵੰਡ ਤੇ,,
ਪਜਾਮੀ ਦੀ ਥਾਂ ਪਾ ਕੇ ਕੋਈ ਸਲਵਾਰ ਆ ਗਿਆ,,
ਸੁਣਿਆ ਫਿਰੇ ਖ਼ੂਨ ਦਾਨ ਦੇ ਕੈਂਪ ਲਾਉਂਦਾ,,
ਮਜਦੂਰ ,ਗਰੀਬ ਕਿਰਤੀਆਂ ਦਾ ਖ਼ੂਨ ਚੂਸ ਕੇ,,
ਅਖੇ ਨਸ਼ੇ ਦੇ ਵਿਰੋਧ ਚ ਲਾਈਵ ਹੋਣਾ,,
ਚਾਹ ਨਾਲ ਖਵਾ ਦੇ ਨਾਗਣੀਂ,,
ਕਿਸੇ ਵਿਧਵਾ ਦੀ ਪੈਨਸਨ ਲਗਵਾ ਕੇ,
ਚਾਹ ਪਾਣੀ ਪੰਚ ਲੈ ਗਿਆ,,
ਬੇਬੇ ਮਰਗੀ ਪਾਣੀ ਦੀ ਘੁੱਟ ਮੰਗਦੀ,,
ਛਬੀਲ ਤੇ ਧੱਕੇ ਨਾਲ ਪਿਲਾਉਂਦਾ ਰੋਕ ਕੇ,
ਫਿਰ ਰੋਵੇਂਗਾ ਪੁੱਤਾ ਧਾਹਾਂ ਮਾਰ ਮਾਰ ਕੇ,,
ਜਦੋਂ ਸਾਡੀ ਥਾਂ ਲੈ ਗਿਆ ਜਿੰਦਰਾ,,
ਜਿਹੜਾ ਬਾਬਾ ਪੁੱਤ ਥੋਡੇ ਨੂੰ ਨੋਕਰੀ ਦਵਾਉਂਦਾ,,
ਉਹਦੇ ਲਾਡਲੇ ਨੂੰ ਨਾ ਕੋਈ ਦਿਹਾੜੀ ਤੇ ਲਿਜਾਵੇ,,
ਧੀ ਸੋਹਰਿਆਂ ਨੇ ਛੱਡੀ ਮੁੰਡਾ ਨਾ ਹੋਇਆ,,
ਜੀਹਦੇ ਦਰ ਪੁੱਤ ਲਈ ਭਰੋਂ ਚੌਂਕੀਆਂ,
ਮੱਖਣ ਸ਼ੇਰੋਂ ਉਹ ਮਹਿਫਲਾਂ ਚ ਫੁਕਰੀਆਂ ਮਾਰਦੇ,,
ਜੀਹਦਾ ਮਾਂ ਦੀ ਦਿਹਾੜੀ ਨਾਲ ਘਰ ਚੱਲਦਾ

**ਮੱਖਣ ਸ਼ੇਰੋਂ ਵਾਲਾ**
**ਸੰਪਰਕ 98787-98726**

## ਲੋਕ

ਸ਼ਾਂਤ ਜਿਹੇ ਲੱਗਦੇ ਨੇ ਲੋਕ
ਬਣ ਭੋਲੇ ਠੱਗਦੇ ਨੇ ਲੋਕ
ਉਪਰੋਂ ਤਾਂ ਅਪਣਾ ਨੇ ਕਹਿੰਦੇ
ਧੁਰ ਅੰਦਰੋਂ ਸੜਦੇ ਨੇ ਲੋਕ
ਕਰੀ ਕਮਾਈ ਦਾ ਸਬਰ ਨਹੀਂ
ਬਸ ਦੂਜੇ ਨੂੰ ਤੱਕਦੇ ਲੋਕ
ਉਜੜੇ ਜਦ ਕੋਈ ਨੇੜੇ ਦਾ
ਤਾੜੀ ਮਾਰ ਕੇ ਹੱਸਦੇ ਲੋਕ
ਹੋਜੂ ਕਿਰਪਾ ਨਾਮ ਧਿਆ ਕੇ
ਕਿਉਂ ਮਿਹਨਤ ਤੋਂ ਭਜਦੇ ਲੋਕ
ਦਸ ਚੜਾ ਕੇ ਸੌ ਭਾਲਦੇ
ਰੱਬ ਕੋਲੋਂ ਨਾ ਡਰਦੇ ਲੋਕ
ਨੇਕ ਕਮਾਈ ਨਾਲ ਹੋਵੇ ਬਰਕਤ
ਸਮੇਂ ਨਾਲ ਜਦ ਚਲਦੇ ਲੋਕ
ਧਾਲੀਵਾਲਾ ਇਥੇ ਮਾਣ ਹੈ ਕਾਹਦਾ
ਰਾਜੇ ਤੋਂ ਰੰਕ ਬਣਦੇ ਲੋਕ

**ਐਡਵੋਕੇਟ ਰਵਿੰਦਰ ਸਿੰਘ ਧਾਲੀਵਾਲ**
78374 90309

## ਦੂਹਰੀ ਵਧਾਈ

ਧੰਨ ਤੂੰ ਵਰਿੰਦਰ ਪਾਲ ਸਿੰਘ ,
ਤੇ ਧੰਨ ਤੇਰੀ ਰੁਸਵਾਈ ।
ਏਸ ਪ੍ਰਾਪਤੀ ਅਤੇ ਅਣਖ ਲਈ,
ਦੂਹਰੀ ਤੀਹਰੀ ਵਧਾਈ।
ਦੇਸ਼ ਦੇ ਕਿਰਤੀ ਕਾਮਿਆਂ ਸਿਰ ,
ਅਹਿਸਾਨ ਵੱਡਾ ਤੂੰ ਕੀਤਾ ;
ਅੰਨਦਾਤਿਆਂ ਦੇ ਘੋਲ਼ ਦੇ ਹੱਕ 'ਚ,
ਜੋ ਆਵਾਜ਼ ਉਠਾਈ ।

**ਮੂਲ ਚੰਦ ਸ਼ਰਮਾ ਪ੍ਰਧਾਨ ,**
9478408898

ਪਿੰਡ ਦੀ ਸੱਥ ਵਿੱਚੋਂ (ਹਾਸ ਵਿਅੰਗ)

# ਨਿੱਕਾ ਸਿਉਂ ਦਾ ਘਰ



ਸੁਖਮੰਦਰ ਸਿੰਘ ਬਰਾੜ
'ਭਗਤਾ ਭਾਈ ਕਾ'
604-751-1113



ਜਿਉਂ ਹੀ ਸ਼ਹਿਰੋਂ ਆਇਆ ਸਵਾਰੀਆਂ ਵਾਲਾ ਟੈਂਪੂ ਪਿੰਡ ਦੀ ਸੱਥ ਕੋਲ ਆਕੇ ਸਵਾਰੀਆਂ ਉਤਾਰਨ ਲਈ ਰੁਕਿਆ ਤਾਂ ਉਸ ਵਿੱਚੋਂ ਚੰਗੀ ਟੌਹਰ ਵਾਲੇ ਤਿੰਨ ਆਦਮੀ ਉੱਤਰ ਕੇ ਸੱਥ ਵਿੱਚ ਬੈਠੇ ਲੋਕਾਂ ਨੂੰ ਸਤਿ ਸ੍ਰੀ ਅਕਾਲ ਬੁਲਾ ਕੇ ਪੁੱਛਣ ਲੱਗੇ,

"ਐਥੇ ਜੀ ਅਸੀਂ ਸਰਦਾਰ ਨਿੱਕਾ ਸਿਉਂ ਦੇ ਘਰੇ ਜਾਣੈ।"

ਸੱਥ ਵਿੱਚ ਮੂਹਰੇ ਹੀ ਬੈਠੇ ਜੰਗੇ ਕਾ ਤੋਤੀ ਪਹਿਲਾਂ ਹੀ ਬੋਲ ਪਿਆ, "ਹੋ ਸਾਹਮਣੇ ਲੱਕੜ ਦੇ ਤਖਤਿਆਂ ਆਲਾ ਘਰ ਐ। ਇਨ੍ਹਾਂ ਦੇ ਬੁੜ੍ਹੇ ਦਾ ਨਾਂ।"

ਕੋਲ ਬੈਠਾ ਮਾਹਲਾ ਨੰਬਰਦਾਰ ਤੋਤੀ ਦੀ ਬਾਂਹ ਫ਼ੜ ਕੇ ਉਸ ਨੂੰ ਹਰਖ 'ਚ ਬੋਲਿਆ "ਠਹਿਰ ਜਾ ਓਏ ਵੱਡਿਆ ਕਾਹਲਿਆ।"

ਤੋਤੀ ਨੰਬਰਦਾਰ ਨੂੰ ਕਹਿੰਦਾ, "ਹੋਰ ਕਿਹੜਾ ਘਰ ਐ ਫਿਰ ਨਿੱਕੇ ਕਾ ?"

ਤੋਤੀ ਸਿੱਧੇ ਸਭਾਅ ਦਾ ਮੁੰਡਾ ਹੋਣ ਕਰਕੇ ਹੀ ਨੰਬਰਦਾਰ ਨੂੰ ਇਉਂ ਬੋਲਿਆ ਸੀ।

ਨੰਬਰਦਾਰ ਨੇ ਤੋਤੀ ਨੂੰ ਚੁੱਪ ਕਰਵਾ ਕੇ, ਉਨ੍ਹਾਂ ਬਾਹਰੋਂ ਆਏ ਆਦਮੀਆਂ ਨੂੰ ਪੁੱਛਿਆ, "ਤੁਸੀਂ ਕਿਹੜੇ ਨਿੱਕਾ ਸਿਉਂ ਦੇ ਘਰ ਜਾਣਾ ਤੁਸੀਂ ?"

ਉਨ੍ਹਾਂ ਚੋਂ ਇੱਕ ਬੋਲਿਆ, "ਸਰਦਾਰ ਨਿੱਕਾ ਸਿਉਂ ਦੇ ਜੀ।"

ਇੱਕ ਤੋਂ ਬਾਅਦ ਇੱਕ ਤੇ ਫੇਰ ਦੂਜਾ ਤੇ ਮਗਰੇ ਸਾਰੀ ਸੱਥ ਹੀ ਉਨ੍ਹਾਂ ਨੂੰ ਨਿੱਕਾ ਸਿਉਂ ਦਾ ਘਰ ਦੱਸਣ ਲਈ ਇੱਕ ਦੂਜੇ ਦੇ ਉੱਤੋਂ ਦੀ ਜਿਦ ਜਿਦ ਕੇ ਇਉਂ ਬੋਲਣ ਲੱਗ ਪਈ ਜਿਵੇਂ ਤੀਜੀ ਕੁ ਜਮਾਤ ਵਾਲੇ ਵਿਦਿਆਰਥੀ ਜਿੱਦ ਜਿਦ ਕੇ ਉੱਚੀ ਉੱਚੀ ਪਹਾੜੇ ਬੋਲਦੇ ਹੁੰਦੇ ਐ।ਘਰ ਦੱਸਣ ਵਾਲਾਕੋਈ ਕਹੇ,'ਐਸੇ ਬੀਹੀ ਤੁਰੇ ਜਾਓ, ਅੱਗੇ ਜਾ ਕੇ ਇੱਕ ਘਰ ਦੇ ਖੂੰਜੇ 'ਚ ਕਿੱਕਰ ਖੁੰਢ ਜਾ ਪਿਆ ਹੋਊ, ਉੱਥੇ ਦੋ ਕੁ ਬੰਦੇ ਬੈਠੇ ਹੋਣਗੇ, ਉਨ੍ਹਾਂ ਨੂੰ ਪੁੱਛ ਲਿਓ ਬਈ ਸੰਭੂ ਕੇ ਗੁਆੜ ਆਲੇ ਨਿੱਕਾ ਸਿਉਂ ਕਾ ਘਰ ਕਿਹੜਾ ? ਕੋਈ ਕਹੇ, 'ਤੁਸੀਂ ਮਗਰ ਮੁੜੋ, ਹੋ ਜਿਹੜੀ ਨਿੰਮ੍ਹ ਦੀਂਹਦੀ ਐ, ਉਹਦੇ ਸਾਹਮਣੇ ਇੱਕ ਬੀਹੀ ਜਾਂਦੀ ਐ, ਓਸ ਬੀਹੀ 'ਚ ਘੜੀ ਆਲੇ ਹੱਥ ਲੋਹੇ ਦੇ ਨੀਲੇ ਗੇਟਾਂ ਆਲਾ ਤੀਜਾ ਘਰ ਨਿੱਕਾ ਸਿਉਂ ਦਾ ਈ ਐ।' ਜਿੰਨਿਆਂ ਨੇ ਉਨ੍ਹਾਂ ਨੂੰ ਘਰ ਦੱਸਿਆ ਸਾਰੇ ਇੱਕੋ ਸਮੇਂ ਹੀ ਇਉਂ ਬੋਲੀ ਗਏ ਜਿਮੇਂ ਸੱਪ ਨੂੰ ਵੇਖ ਕੇ ਗਟ੍ਹਾਰਾਂ ਰੌਲਾ ਪਾਉਂਦੀਆਂ ਹੁੰਦੀਆਂ, ਜਿਸ ਕਰਕੇ ਉਨ੍ਹਾਂ ਨੂੰ ਘਰ ਬਾਰੇ ਤਾਂ ਨਾ ਪਤਾ ਲੱਗਿਆ ਪਰ ਜਿਵੇਂ ਕਹਿੰਦੇ ਹੁੰਦੇ ਐ ਕਿ ਪਿੰਡ ਦਾ ਤਾਂ ਗਹੀਰਿਆਂ ਤੋਂ ਈ ਪਤਾ ਲੱਗ ਜਾਂਦੈ, ਓਵੇਂ ਸੱਥ 'ਚ ਬੈਠੇ ਪਿੰਡ ਦੇ ਲੋਕਾਂ ਦਾ ਜਰੂਰ ਪਤਾ ਲੱਗ ਗਿਆ ਬਈ ਕਿੰਨੇ ਕੁ ਸਿਆਣੇ ਐਂ ?

ਉਨ੍ਹਾਂ ਬਾਹਰੋਂ ਆਏ ਬੰਦਿਆਂ ਚੋਂ ਇੱਕ ਨੇ ਫੇਰ ਪੁੱਛਿਆ, "ਕਿੰਨੇ ਕੁ ਨਿੱਕਾ ਸਿਉਂ ਐਂ ਜੀ ਏਥੇ ?"

ਮਾਹਲਾ ਨੰਬਰਦਾਰ ਕਹਿੰਦਾ, "ਨਿੱਕਾ ਸਿਉਂ ਨਾਂ ਦੇ ਕਈ ਬੰਦੇ ਐ ਪਿੰਡ 'ਚ। ਹੁਣ ਤੁਸੀਂ ਦੱਸੋ ਕਿ ਕਿਹੜੇ ਨਿੱਕਾ ਸਿਉਂ ਕੇ ਜਾਣਾ ?"

ਉਨ੍ਹਾਂ 'ਚੋਂ ਇੱਕ ਕਹਿੰਦਾ, "ਜੀਹਦਾ ਘਰ ਪਿੰਡ ਵੜਦਿਆਂ ਈਂ ਐਂ।"

ਸੱਥ 'ਚ ਬੈਠਾ ਕੇਹਰ ਮਾਸਟਰ ਉੱਠ ਕੇ ਉਨ੍ਹਾਂ ਨੂੰ ਕਹਿੰਦਾ, "ਆਓ ਮੇਰੇ ਨਾਲ, ਮੈਂ ਛੱਡ ਕੇ ਆਉਣਾ ਸੋਨੂੰ ਉਨ੍ਹਾਂ ਦੇ ਘਰੇ।"

ਮਾਸਟਰ ਇਸ ਕਰਕੇ ਉੱਠ ਕੇ ਤੁਰਿਆ ਸੀ ਕਿਉਂਕਿ ਮਾਸਟਰ ਦਾ ਘਰ ਨਿੱਕਾ ਸਿਉਂ ਦੇ ਘਰ ਦੇ ਨਾਲ ਲੱਗਵਾਂ ਸੀ ਤੇ ਬਾਘੇ ਆਲੇ ਵੱਲੋਂ ਆਉਂਦਿਆਂ ਪਿੰਡ ਵੜਦਿਆਂ ਹੀ ਆਉਂਦਾ ਸੀ। ਜਿਉਂ ਹੀ ਮਾਸਟਰ ਉਨ੍ਹਾਂ ਨੂੰ ਨਿੱਕਾ ਸਿਉਂ ਦੇ ਘਰ ਛੱਡਣ ਗਿਆ ਤਾਂ ਉਹ ਕਹਿੰਦੇ,

"ਇਹ ਘਰ ਤਾਂ ਨ੍ਹੀ।"

ਉਹ ਮੁੜ ਕੇ ਫੇਰ ਸੱਥ 'ਚ ਆ ਗਏ। ਸੱਥ ਵਾਲੇ ਉਨ੍ਹਾਂ ਨੂੰ ਦੂਜੇ ਨਿੱਕਾ ਸਿਉਂ ਦੇ ਘਰ ਛੱਡ ਆਏ। ਉਹ ਉੱਥੋਂ ਵੀ ਮੁੜ ਆਏ। ਜਿਹੜੇ ਇੱਕ ਦੋ ਹੋਰ ਨਿੱਕਾ ਸਿਉਂ ਨਾਂ ਦੇ ਬੰਦੇ ਪਿੰਡ 'ਚ ਸੀ ਉਹ ਉਨ੍ਹਾਂ ਦੇ ਵੀ ਘਰ ਜਾ ਆਏ ਸੀ ਪਰ ਪਿੰਡ ਵੱਡਾ ਹੋਣ ਕਰਕੇ ਸਰਦਾਰ ਨਿੱਕਾ ਸਿਉਂ ਦੇ ਘਰ ਦਾ ਕੋਈ ਥੌਹ ਪਤਾ ਨਾ ਲੱਗਿਆ ਕਿ ਕਿਹੜੇ ਨਿੱਕਾ ਦੇ ਘਰੇ ਜਾਣਾ ਅਤੇ ਨਾ ਹੀ ਉਨ੍ਹਾਂ ਕੋਲ ਕੋਈ ਪੱਕਾ ਪਤਾ ਸੀ ਨਿੱਕਾ ਸਿਉਂ ਦੇ ਘਰ ਦਾ। ਏਨੇ ਚਿਰ ਨੂੰ ਨਾਥਾ ਅਮਲੀ ਵੀ ਸੱਥ 'ਚ ਆ ਬੈਠਾ।

ਜਿਉਂ ਹੀ ਉਹ ਬੰਦੇ ਸੱਥ ਵੱਲ ਨੂੰ ਮੁੜੇ ਆਉਂਦੇ ਸੀ ਤਾਂ ਸੱਥ 'ਚ ਆਏ ਨਾਥੇ ਅਮਲੀ ਨੇ ਸੱਥ ਵਾਲੇ ਥੜ੍ਹੇ 'ਤੇਬੈਠੇ ਬੰਦਿਆਂ ਨੂੰ ਪੁੱਛਿਆ, "ਆਹ ਬੰਦੇ ਕੌਣ ਐਂ ਬਈ ? ਇਹ ਤਾਂ ਕੋਈ ਬਾਹਰੋਂ ਆਏ ਲੱਗਦੇ ਐ।"

ਮਾਹਲਾ ਨੰਬਰਦਾਰ ਕਹਿੰਦਾ, "ਅਮਲੀਆ ! ਇਨ੍ਹਾਂ ਨੇ ਨਿੱਕਾ ਸਿਉਂ ਦੇ ਘਰ ਜਾਣਾ।"

ਅਮਲੀ ਕਹਿੰਦਾ, "ਇੱਕ ਤਾਂ ਆਹ ਵੇਖ ਖਾਂ ਸੱਥ 'ਚ ਈ ਐ ਨਿੱਕੇ ਕਾਹਲੇਥ ਕਾ ਘਰ।"

ਬਾਬਾ ਦਿਆਲ ਸਿਉਂ ਕਹਿੰਦਾ, "ਇਹ ਤਾਂ ਨ੍ਹੀ।"

ਅਮਲੀ ਨੇ ਫੇਰ ਮਾਰੀ ਰੇਖ 'ਚ ਮੇਖ, "ਨਿੱਕੇ ਬੋਲ਼ੇ ਕੇ ਨਾ ਜਾਣਾ ਹੋਵੇ ਕਿਤੇ।"

ਬਾਬਾ ਕਹਿੰਦਾ, "ਉਨ੍ਹਾਂ ਦੇ ਮਨ੍ਹੀ, ਉਹ ਤਾਂ ਕੇਹਰ ਮਾਸਟਰ ਲੈ ਕੇ ਵੀ ਗਿਆ ਸੀ। ਉੱਥੋਂ ਵੀ ਮੁੜਿਆਏ।"

ਅਮਲੀ ਨੇ ਪਿੰਡ ਦੇ ਸਾਰੇ ਨਿੱਕਾ ਸਿਉਂ ਨਾਂ ਦੇ ਬੰਦਿਆਂ ਦੇ ਘਰ ਦੱਸੇ ਪਰ ਉਹ ਸਭ ਦੇ ਪਹਿਲਾਂ ਹੀ ਜਾ ਆਏ ਸੀ। ਏਨੇ ਚਿਰ ਨੂੰ ਸੀਤਾ ਮਰਾਸੀ ਵੀ ਸੱਥ 'ਚ ਆ ਗਿਆ।

ਨਾਥਾ ਅਮਲੀ ਸੀਤੇ ਮਰਾਸੀ ਨੂੰ ਕਹਿੰਦਾ, "ਮੀਰ ! ਆਹ ਬਾਈ ਜੀਆਂ ਨੇ ਨਿੱਕਾ ਸਿਉਂ ਕੇ ਘਰ ਜਾਣਾ ਯਾਰ। ਇਹ ਸਾਰੇ ਨਿੱਕਾ ਸਿਉਂ ਨਾਂ ਆਲਿਆਂ ਦੇ ਜਾ ਆਏ, ਪਰ ਇਨ੍ਹਾਂ ਨੂੰ ਨਿੱਲਾ ਸਿਉਂ ਕਾ ਘਰ ਨ੍ਹੀ ਥਿਆਇਆ, ਤੂੰ ਦੱਸ ਜੇ ਪਤਾ ਤਾਂ।"

ਸੀਤੇ ਮਰਾਸੀ ਨੇ ਉਨ੍ਹਾਂ ਨੂੰ ਪੁੱਛਿਆ, "ਕਿਹੜੇ ਨਿੱਕਾ ਸਿਉਂ ਕੇ ਜਾਣਾ ?" ਉਹ ਫੇਰ ਕਹਿੰਦੇ ਸਰਦਾਰ ਨਿੱਕਾ ਸਿਉਂ ਕੇ।"

ਮਰਾਸੀ ਨੇ ਫੇਰ ਪੁੱਛਿਆ, "ਸੋਨੂੰ ਘਰ ਕਿਹੜੇ ਪਾਸੇ ਦੱਸਿਆ ?"

ਉਹ ਕਹਿੰਦੇ, "ਸਾਨੂੰ ਕਿਹਾ ਸੀ ਕਿ ਪਿੰਡ ਵੜਣ ਸਾਰ ਈ ਐ ਘਰ।"

ਅਮਲੀ ਨੇ ਵੀ ਘੋਟੀ ਫੇਰ ਵਕੀਲੀ, "ਤੁਸੀਂ ਆਏ ਕਿਹੜੇ ਪਾਸਿਉਂ ਐਂ ?"

ਸੱਥ 'ਚ ਬੈਠਾ ਬਾਬਾ ਦਿਆਲ ਸਿਉਂ ਕਹਿੰਦਾ, "ਇਹ ਤਾਂ ਮੋਗੇ ਆਲੇ ਪਾਸਿਉਂ ਵੱਲੋਂ ਆਏ ਐ ਟੈਂਪੂ 'ਤੇ।"

ਅਮਲੀ ਕਹਿੰਦਾ, "ਮੈਂ ਦੱਸਦਾਂ ਫਿਰ ਸੋਨੂੰ ਘਰ। ਤੁਸੀਂ ਆਂਏ ਕਰੋ, ਆਹ ਸਾਹਮਣੀ ਬੀਹੀ ਪੈ ਜੋ, ਜਮ੍ਹਾਂ ਸਿਰੇ 'ਤੇ ਜਾ ਕੇ ਘੜੀ ਆਲੇ ਹੱਥ ਇੱਕ ਟਰੈਲੀ ਮੂਧੀ ਮਾਰੀ ਪਈ ਐ। ਉਥੇ ਜੇ ਜਾ ਕੇ ਪੁੱਛ ਲਿਉ ਬਈ ਅੰਨ੍ਹਿਆਂ ਦੇ ਜਾਣਾ। ਸੋਨੂੰ ਆਪ ਈ ਦੱਸ ਦੇਣਗੇ ਬਈ ਕਿਹੜਾ ਘਰ ਐ। ਉਨ੍ਹਾਂ ਨੂੰ ਅੰਨ੍ਹਿਆਂ ਦੇ ਕਹਿੰਦੇ ਐ। ਉਨ੍ਹਾਂ ਦੇ ਵੱਡੇ ਬੁੜ੍ਹੇ ਦਾ ਨਾਂ ਵੀ ਨਿੱਕਾ ਸਿਉਂ ਈ ਐਂ।"

ਉਨ੍ਹਾਂ ਬੰਦਿਆਂ 'ਚੋਂ ਇੱਕ ਨੇ ਫੇਰ ਕਿਹਾ, "ਸਰਦਾਰ ਨਿੱਕਾ ਸਿਉਂ।"

ਅਮਲੀ ਕਹਿੰਦਾ, "ਹਾਂ-ਹਾਂ। ਸਾਰੇ ਸਰਦਾਰ ਈ ਐ। ਪਰ ਮੈਨੂੰ ਸਮਝ ਲੱਗੀ ਐ ਬਈ ਤੁਸੀਂ ਉਨ੍ਹਾਂ ਦੇ ਈ ਜਾਣਾ, ਪਰ ਉਨ੍ਹਾਂ ਨੂੰ ਅੰਨ੍ਹਿਆਂ ਦੇ ਕਹਿੰਦੇ ਐ।"

ਸੀਤਾ ਮਰਾਸੀ ਅਮਲੀ ਨੂੰ ਕਹਿੰਦਾ, "ਅਮਲੀਆ ! ਤੂੰ ਛੱਡ ਈ ਆ ਇਨ੍ਹਾਂ ਨੂੰ ਯਾਰ ਉਨ੍ਹਾਂ ਦੇ ਘਰੇ।"

ਅਮਲੀ ਸੱਥ 'ਚ ਬੈਠੇ ਆਪਣੇ ਭਤੀਜੇ ਗੋਗੀ ਨੂੰ ਉਨ੍ਹਾਂ ਦੇ ਨਾਲ ਨਿੱਕੇ ਅੰਨ੍ਹੇ ਕੇ ਘਰ ਵੱਲ ਭੇਜ ਕੇ ਆਪ ਸੱਥ 'ਚ ਹੀ ਬੈਠਾ ਰਿਹਾ।

ਪਾਲਾ ਕਾਮਰੇਡ ਅਮਲੀ ਨੂੰ ਕਹਿੰਦਾ, "ਅਮਲੀਆ ! ਉਹ ਨਿੱਕੇ ਕਿਆਂ ਨੂੰ ਅੰਨ੍ਹੇ ਕਿਉਂ ਕਹਿੰਦੇ ਐ ਬਈ ?"

ਨਾਥਾ ਅਮਲੀ ਕਹਿੰਦਾ, "ਬਾਬੇ ਦਿਆਲ ਸਿਉਂ ਨੂੰ ਪਤਾ ਈ ਐ।"

ਕੋਲ ਬੈਠਾ ਸੰਤੋਖਾ ਬੁੜ੍ਹਾ ਹੱਸ ਕੇ ਕਹਿੰਦਾ, "ਅੰਨ੍ਹੇ ਪੁਣੇ ਆਲੀ ਕੋਈ ਗੱਲ ਤਾਂ ਲੱਗਦੀ ਨ੍ਹੀ ਉਨ੍ਹਾਂ 'ਚ।"

ਸੀਤਾ ਮਰਾਸੀ ਕਹਿੰਦਾ, "ਬਾਬੇ ਦਿਆਲ ਸਿਉਂ ਨੂੰ ਤਾਂ ਪਤਾ ਈ ਐ ਬਈ ਨਿੱਕੇ ਕਿਆਂ ਨੂੰ ਅੰਨ੍ਹੇ ਕਿਉਂ ਕਹਿੰਦੇ ਐ ?"

ਅਮਲੀ ਬਾਬੇ ਨੂੰ ਕਹਿੰਦਾ, "ਬਾਬਾ ਤੂੰ ਦੱਸ ਯਾਰ ਬਈ ਰੋਹੀ ਕੇ ਗੁਆੜ ਆਲੇ ਨਿੱਕੇ ਕਿਆਂ ਨੂੰ ਅੰਨ੍ਹਿਆਂ ਦੇ ਕਾਹਤੋਂ ਕਹਿੰਦੇ ਐ ?"

ਬਾਬੇ ਦਿਆਲ ਸਿਉਂ ਨੇ ਖੋਲ੍ਹੀ ਫਿਰ ਨਿੱਕੇ ਕੀ ਪੱਤਰੀ।

ਕਹਿੰਦਾ, "ਪਹਿਲੀ ਗੱਲ ਤਾਂ ਇਉਂ ਐਂ ਬਈ ਆਪਣੇ ਪਿੰਡ 'ਚ ਜਿੰਨੇ ਵੀ ਨਿੱਕੇ ਨਾਂ ਆਲੇ ਬੰਦੇ ਐ, ਉਨ੍ਹਾਂ ਸਾਰਿਆਂ ਨੂੰ ਈਂ ਕੋਈ ਨਾ ਕੋਈ ਅੱਲ ਪੈਂਦੀ ਐ। ਕੋਈ ਨਿੱਕਾ ਕਾਹਲ਼ਾ ਵੱਜਦਾ, ਕਿਸੇ ਨੂੰ ਨਿੱਕੇ ਮੱਠੇ ਕੇ ਕਹਿੰਦੇ ਐ, ਕਿਸੇ ਨੂੰ ਨਿੱਕੇ ਬੋਲ਼ੇ ਕੀ ਅੱਲ ਪੈਂਦੀ ਐ, ਕਿਸੇ ਨੂੰ ਨਿੱਕੇ ਅੰਨ੍ਹੇ ਕੇ ਕਹਿੰਦੇ ਐ।"

ਨਾਥਾ ਅਮਲੀ ਫੇਰ ਖੜਕਿਆ ਜੈਤੋ ਵਾਲੇ ਤਾਰੀ ਦੇ ਸਪੀਕਰ ਵਾਂਗੂੰ।

ਬਾਬੇ ਨੂੰ ਹਰਖ ਕੇ ਬੋਲਿਆ, "ਤੂੰ ਨਿੱਕੇ ਅੰਨ੍ਹੇ ਕੀ ਗੱਲ ਦੱਸ ਬਈ ਉਨ੍ਹਾਂ ਨੂੰ ਅੰਨ੍ਹੇ ਕਿਉਂ ਕਹਿੰਦੇ ਐ ? ਹੋਰ ਈ ਹੀਰ ਤੋਰ ਕੇ ਬਹਿ ਗਿਐ।"

ਬਾਬਾ ਕਹਿੰਦਾ, "ਆਪਣੇ ਪਿੰਡ ਪਹਿਲੀਆਂ 'ਚ ਚਾਰਾਂ ਪੰਜਾਂ ਘਰਾਂ ਦਾ ਖੂਹ ਸਾਂਝਾ ਹੁੰਦਾ ਸੀ। ਉਹ ਵਾਰੀ ਨਾਲ ਖੂਹ ਤੋਂ ਫਸਲ ਨੂੰ ਪਾਣੀ ਲਾਉਂਦੇ ਹੁੰਦੇ ਸੀ। ਓਧਰੇ ਗੁਆੜ ਆਲੇ ਬਚਨੇ ਨੰਬਰਦਾਰ ਕਿਆਂ ਨੇ ਖੂਹ ਤੋਂ ਪਾਣੀ ਲਾ ਕੇ ਨਿੱਕੇ ਕਿਆਂ ਨੂੰ ਵਾਰੀ ਦੇ ਕੇ ਦੱਸ 'ਤਾ ਬਈ ਖੂਹ ਦੀਆਂ ਟਿੰਡਾਂ ਖੜਕੀ ਜਾਂਦੀਆਂ। ਵੇਖ ਕੇ ਖੂਹ ਚਲਾਇਓ ਕਿਤੇ ਮਾਲ੍ਹ ਈ ਨਾ ਟੁੱਟ ਕੇ ਖੂਹ 'ਚ ਡਿੱਗ ਪੇ। ਨਿੱਕੇ ਕਿਆਂ ਨੇ ਬੱਲੂ ਮਿਸਤਰੀ ਨੂੰ ਸੱਦ ਕੇ ਮਾਲ੍ਹ ਬਾਹਰ ਕੱਢ ਕੇ ਟਿੰਡਾਂ ਠੀਕ ਕਰਾ ਲੀਆਂ। ਟਿੰਡਾਂ ਠੀਕ ਕਰਕੇ ਬੱਲੂ ਦਖਾਣ ਨੇ ਕੀ ਕੀਤਾ, ਟਿੰਡਾਂ ਆਲੀ ਮਾਲ੍ਹ ਪੁੱਠੀ ਚੜ੍ਹਾਅ 'ਤੀ। ਆਪ ਉਠ ਗਿਆ ਦਖਾਣ ਘਰ ਨੂੰ। ਦਿਨ ਛਿਪਦੇ ਨਾਲ ਨਿੱਕੇ ਕਿਆਂ ਨੇ ਬੋਤਾ ਜੋੜਿਆ ਤੇ ਖੂਹ ਚਲਾ 'ਤਾ। ਖੂਹ ਚਲਾ ਕੇ ਨਿੱਕਾ, ਹੁਣ ਤਾਂ ਮਰ ਗਿਆ ਵਚਾਰਾ, ਜਿਹੜੇ ਕਿਆਰੇ 'ਚ ਪਾਣੀ ਛੱਡਣਾ ਸੀ, ਨੱਕੇ ਕਰਨ ਉਠ ਗਿਆ। ਨੱਕੇ ਛੱਡ ਛੁੱਡ ਕੇ ਨਿੱਕਾ ਖੂਹ ਕੋਲੇ ਆ ਸੌਂ ਗਿਆ। ਖੂਹ ਸਾਰੀ ਰਾਤ ਪੁੱਠੀਆਂ ਟਿੰਡਾ ਨਾਲ ਗਿੜੀ ਗਿਆ। ਜਦੋ ਤੜਕੇ ਨਿੱਕੇ ਦਾ ਪਿਓ ਚੂਹੜ ਬੁੜ੍ਹਾ ਨਿੱਕੇ ਦੀ ਚਾਹ ਲੈ ਕੇ ਆਇਆ, ਨਿੱਕਾ ਤਾਂ ਚਾਹ ਪੀਣ ਲੱਗ ਪਿਆ, ਨਿੱਕੇ ਦਾ ਪਿਓ ਦੂਜੇ ਪਾਸੇ ਆਲੀ ਵੱਟਜਾ ਕੇ, ਜਿਹੜੇ ਕਿਆਰਿਆਂ 'ਚ ਪਾਣੀ ਛੱਡਿਆ ਸੀ ਪਾਣੀ ਵੇਖਣ ਉਠ ਗਿਆ ਬਈ ਕਿੰਨਾਂ ਕੁ ਪਾਣੀ ਲੱਗਿਆ। ਜਦੋਂ ਉਹਨੇ ਵੇਖਿਆ ਬਈ ਪਾਣੀ ਤਾਂ ਏਥੋਂ ਤੱਕ ਆਇਆ ਨ੍ਹੀ, ਤਾਂ ਉਹ ਓਸ ਪਾਸੇ ਦੀ ਖੂਹ ਵੱਲ ਨੂੰ ਮੁੜ ਆਇਆ ਜਿੱਧਰ ਦੀ ਪਾਣੀ ਛੱਡਿਆ ਸੀ। ਉਹ ਪਾਣੀ ਵੇਂਹਦਾ ਵੇਂਹਦਾ ਖੂਹ 'ਤੇ ਆ ਗਿਆ। ਉਹਨੇ ਵੇਖਿਆ ਬਈ ਖੂਹ ਤਾਂ ਚੱਲੀ ਜਾਂਦਾ ਪਾਣੀ ਕਿੱਧਰ ਗਿਆ। ਫੇਰ ਉਹਨੇ ਖੂਹ 'ਚ ਨੀਮੀਂ ਪਾ ਕੇ ਪਾਣੀ ਵੱਲ ਵੇਖਿਆ ਬਈ ਕਿਤੇ ਪਾਣੀ ਤਾਂ ਨ੍ਹੀ ਖੂਹ 'ਚੋਂ ਮੁੱਕ ਗਿਆ। ਜਦੋਂ ਪਾਣੀ ਦਾ ਵੀ ਪਤਾ ਲੱਗ ਗਿਆ ਬਈ ਖੂਹ 'ਚ ਤਾਂ ਪਾਣੀ ਹੈ ਗਾ, ਤਾਂ ਨਿੱਕੇ ਦੇ ਪਿਓ ਨੇ ਨਿੱਕੇ ਦੇ ਤਿੰਨ ਚਾਰ ਮਾਰੇ ਕਹੀ ਦੇ ਬਹੇਂ ਢੂਈ 'ਚ ਪੁੱਠੇ ਕਰਕੇ, ਕਹਿੰਦਾ, 'ਅੰਨ੍ਹਿਆਂ ! ਸਾਰੀ ਰਾਤ ਬੋਤੇ ਨੂੰ ਖੂਹ ਜੋੜੀ ਰੱਖਿਆ, ਕਿਆਰਿਆਂ 'ਚ ਤਾਂ ਪਾਣੀ ਈ ਨ੍ਹੀ ਗਿਆ ਖੂਹ ਚੱਲੀ ਜਾਂਦਾ, ਪਾਣੀ ਕਿੱਧਰ ਗਿਆ ? ਨਿੱਕੇ ਨੇ ਬੋਤਾ ਰੋਕ ਕੇ ਜਦੋਂ ਵੇਖਿਆ ਬਈ ਪਾਣੀ ਕਿਉਂ ਨ੍ਹੀ ਵਗਿਆ ਤਾਂ ਖੂਹ ਖੜ੍ਹੇ ਤੋਂ ਪਿਓ-ਪੁੱਤ ਨੂੰ ਪਤਾ ਲੱਗਿਆ ਬਈ ਇਹ ਤਾਂ ਦਖਾਣ ਰਾਤ ਟਿੰਡਾਂ ਆਲੀ ਮਾਲ੍ਹ ਈ ਪੁੱਠੀ ਚੜ੍ਹਾ ਗਿਆ। ਨਿੱਕਾ ਆਵਦੇ ਪਿਓ ਨੂੰ ਕਹਿੰਦਾ, 'ਮਾਲ੍ਹ ਤਾਂ ਬਾਪੂ ਤੂੰ ਮਨ੍ਹੀ ਵੇਖੀ ਬਈ ਪੁੱਠੀ ਐ ਕੁ ਸਿੱਧੀ ਐ, ਅੰਨ੍ਹਾਂ ਤੂੰ ਮੈਨੂੰ ਕਹੀ ਜਾਨੈਂ।ਪਿਓ ਤਾਂ ਪੁੱਤ ਨੂੰ ਅੰਨ੍ਹਾ ਕਹੀ ਗਿਆ, ਪੁੱਤ ਪਿਓ ਨੂੰ। ਦੋਹੇ ਮਦਾਰੀ ਆਂਗੂੰ ਡਰਾਮਾਂ ਜਾ ਕਰੀ ਗਏ, ਪਤਾ ਦੋਹਾਂ ਨੂੰ ਈਂ ਨ੍ਹੀ ਲੱਗਿਆ ਬਈ ਟਿੰਡਾਂ ਪੁੱਠੀਆਂ ਗਿੜੀ ਜਾਂਦੀਐਂ। ਇਉ ਹੋਈ ਸੀ ਗੱਲ। ਇਨ੍ਹਾਂ ਨੂੰ ਤਾਂ ਅੰਨ੍ਹੇ ਕਹਿੰਦੇ ਐ, ਹੋਰ ਕਿਤੇ ਇਹ ਸੱਚੀਉਂ ਤਾਂ ਨ੍ਹੀ ਅੰਨ੍ਹੇ।"

ਨਾਥਾ ਅਮਲੀ ਗੱਲ ਸੁਣ ਕੇ ਟਿੱਚਰ 'ਚ ਕਹਿੰਦਾ, "ਮੈਂ ਤਾਂ ਬਾਬਾ ਹੋਰ ਈ ਸਮਝ ਗਿਆ ਸੀ, ਬਈ ਕਿਤੇ ਇਹ ਅੰਨ੍ਹੇ ਹਜਾਰੇ ਕਿਆਂ 'ਚੋਂ ਹੋਣੇ ਐਂ।"

ਗੱਲਾਂ ਕਰਦਿਆਂ ਕਰਦਿਆਂ ਤੋਂ ਪਿੰਡ 'ਚ ਸੱਥ ਕੋਲ ਆ ਕੇ ਖਾਰੀ ਵੇਚਣ ਵਾਲੇ ਨੇ ਹੋਕਾ ਦਿੱਤਾ, "ਬਈ ਜਿਸ ਕਿਸੇ ਨੇ ਅੱਖਾਂ 'ਚ ਪਾਉਣ ਆਲਾ ਸੱਪ ਦੀ ਸਿਰੀ ਤੋਂ ਤਿਆਰ ਕੀਤਾ ਸੁਰਮਾਂ ਲੈਣਾ ਹੋਵੇ ਤਾਂ ਸਾਡੇ ਕੋਲੋਂ ਲੈ ਸਕਦਾ ਹੈ। ਸੁਰਮੇ ਦੀ ਇੱਕ ਸਲਾਈ ਪਾਉਣ ਦਾ ਕੋਈ ਪੈਸਾ ਨ੍ਹੀ।"

ਸੁਰਮੇ ਦਾ ਹੋਕਾ ਸੁਣ ਕੇ ਨਾਥਾ ਅਮਲੀ ਕਹਿੰਦਾ, "ਨਿੱਕੇ ਅੰਨ੍ਹੇ ਕਿਆਂ ਨੂੰ ਦੇ ਆਉ, ਸਾਨੂੰ ਤਾਂ ਵੀਹ ਮੀਲ ਤੋਂ ਮੱਝ ਦਿਸ ਜਾਂਦੀ ਨੇੜੇ ਜਾ ਕੇ।"

ਏਨੇ ਚਿਰ ਨੂੰ ਜਦੋਂ ਸ਼ਹਿਰੋਂ ਆਉਂਦੇ ਬਾਬੇ ਦਿਆਲ ਸਿਉਂ ਦੇ ਪੋਤੇ ਨੇ ਬਾਬੇ ਨੂੰ ਪੁੱਛਿਆ, "ਬਾਪੂ ਚੱਲਣੈ ਘਰ ਨੂੰ ?"

ਪੋਤੇ ਨੂੰ ਵੇਖ ਕੇ ਜਿਉਂ ਹੀ ਬਾਬਾ ਦਿਆਲ ਸਿਉਂ ਸੱਥ 'ਚੋਂ ਉੱਠ ਕੇ ਪੋਤੇ ਨਾਲ ਘਰ ਨੂੰ ਤੁਰ ਪਿਆ ਤਾਂ ਸੱਥ ਵਿੱਚ ਬੈਠੇ ਬਾਕੀ ਦੇ ਵੀ ਸਾਰੇ ਉੱਠ ਕੇ ਆਪੋ ਆਪਣੇ ਘਰਾਂ ਨੂੰ ਤੁਰ ਗਏ।

# ਆਲ੍ਹਣਿਆਂ ਦਾ ਕਾਰੀਗਰ : ਬਿਜੜਾ

ਪਿਆਰੇ ਬੱਚਿਓ ! ਤੁਸੀਂ ਆਪਣੇ ਆਲੇ - ਦੁਆਲੇ , ਰੁੱਖਾਂ 'ਤੇ , ਸਕੂਲ ਵਿੱਚ , ਪਿੰਡ ਵਿੱਚ , ਖੇਤਾਂ ਵਿੱਚ ਅਤੇ ਆਪਣੇ ਨਾਨਕੇ - ਘਰ ਅਨੇਕਾਂ ਖ਼ੂਬਸੂਰਤ ਤੇ ਰੰਗ - ਬਿਰੰਗੇ ਪੰਛੀ ਜ਼ਰੂਰ ਦੇਖੇ ਹੋਣਗੇ। ਬੱਚਿਓ ! ਪੰਛੀ ਹਰ ਇੱਕ ਦੇ ਮਨ ਨੂੰ ਭਾਉਂਦੇ ਹਨ ਅਤੇ ਪੰਛੀਆਂ ਦੀਆਂ ਪਿਆਰੀਆਂ , ਸੁਰੀਲੀਆਂ ਤੇ ਮਨਮੋਹਕ ਆਵਾਜ਼ਾਂ ਸਾਨੂੰ ਬਹੁਤ ਚੰਗੀਆਂ ਲਗਦੀਆਂ ਹਨ। ਸੱਚਮੁੱਚ ਸਾਡੇ ਵਾਤਾਵਰਨ ਵਿੱਚ ਪੰਛੀਆਂ ਦੀ ਹੋਂਦ ਕੁਦਰਤ ਦੀ ਵਿਚਿੱਤਰਤਾ ਤੇ ਅਖੰਡਤਾ ਦੀ ਅਨਮੋਲ ਕ੍ਰਿਤੀ ਹੈ। ਬੱਚਿਓ ! ਅੱਜ ਅਸੀਂ ਤੁਹਾਨੂੰ ਆਲ੍ਹਣਿਆਂ ਦੇ ਕਾਰੀਗਰ ਪੰਛੀ ਬਿਜੜਾ ਬਾਰੇ ਜਾਣਕਾਰੀ ਦੇਵਾਂਗੇ। ਬਿਜੜੇ ਪੰਛੀ ਨੂੰ ਸੋਨ - ਚਿੜੀ , ਬਿਆ , ਵੀਵਰ ਬਰਡ ਆਦਿ ਕਈ ਨਾਵਾਂ ਦੇ ਨਾਲ ਜਾਣਿਆ ਜਾਂਦਾ ਹੈ। ਬਿਜੜੇ ਪੰਛੀ ਦਾ ਕੱਦ - ਕਾਠ ਘਰੇਲੂ ਚਿੜੀ ਜਿੰਨਾਂ ਹੁੰਦਾ ਹੈ। ਇਹ ਇੱਕ ਸਿਆਣਾ ਤੇ ਆਲ੍ਹਣੇ ਬਣਾਉਣ ਦਾ ਮਾਹਿਰ ਪੰਛੀ ਹੈ। ਬਿਜੜੇ ਦੀ ਲੰਬਾਈ ਲਗਪਗ ਪੰਦਰਾਂ ਸੈਂਟੀਮੀਟਰ ਤੇ ਭਾਰ ਘੱਟ ਹੁੰਦਾ ਹੈ। ਇਹ ਪੰਛੀ ਅਕਸਰ " ਚਿੱਟ - ਚਿੱਟ , ਚਿੱਟ - ਚਿੱਟ " ਦੀਆਂ ਆਵਾਜ਼ਾਂ ਕੱਢਦਾ ਹੈ। ਇਸ ਦੀ ਚੁੰਝ ਤਿਕੋਣੀ ਤੇ ਪੂੰਛ ਛੋਟੀ ਚੌੜੀ ਹੁੰਦੀ ਹੈ। ਰੰਗ - ਰੂਪ ਚਿੜੀ ਵਰਗਾ ਤੇ ਕਈ ਵਾਰ ਪੀਲਾ - ਚਾਕਲੇਟੀ ਵੀ ਹੁੰਦਾ ਹੈ। ਬੱਚਿਓ ! ਬਿਜੜਾ ਪੰਛੀ ਕੀਟ - ਪਤੰਗੇ , ਕੀੜੇ ਤੇ ਫ਼ਸਲਾਂ ਦੇ ਦਾਣੇ ਆਦਿ ਖਾਂਦਾ ਹੈ। ਇਹ ਪੰਛੀ ਆਪਣਾ ਆਲ੍ਹਣਾ ਕਿੱਕਰਾਂ , ਬੇਰੀਆਂ , ਨਾਰੀਅਲਾਂ , ਖਜੂਰਾਂ ਦੇ ਰੁੱਖਾਂ , ਕਾਨਿਆਂ ਅਤੇ ਪਾਣੀ ਕਿਨਾਰੇ ਲਮਕਦੇ ਰੁੱਖਾਂ 'ਤੇ ਬਣਾਉਂਦਾ ਹੈ। ਇਸ ਦਾ ਆਲ੍ਹਣਾ ਅਜਿਹੀ ਥਾਂ 'ਤੇ ਹੁੰਦਾ ਹੈ , ਜਿੱਥੇ ਦਾਣਾ - ਪਾਣੀ ਮਿਲਣ ਵਿੱਚ ਸੌਖ ਹੋਵੇ। ਬਿਜੜਾ ਆਪਣਾ ਆਲ੍ਹਣਾ ਲੰਬੇ ਘਾਹ , ਨਾਰੀਅਲ ਦੇ ਪੱਤਿਆਂ , ਝੋਨੇ ਦੇ ਪੱਤਿਆਂ ਦੀਆਂ ਸਿਲਤਾਂ ਆਦਿ ਤੋਂ ਬਣਾਉਂਦਾ ਹੈ। ਇਸਦੇ ਆਲ੍ਹਣੇ ਸਪੇਰੇ ਦੀ ਬੀਨ ਵਰਗੇ ਹੁੰਦੇ ਹਨ। ਆਲ੍ਹਣੇ ਬਣਾਉਣ ਦਾ ਕੰਮ ਨਰ ਬਿਜੜਾ ਪੰਛੀ ਹੀ ਕਰਦਾ ਹੈ। ਉਹ ਪਹਿਲਾਂ ਹੈਲਮਟ ਦੇ ਆਕਾਰ ਜਿਹੇ ਚਾਰ - ਪੰਜ ਅੱਧੇ - ਅਧੂਰੇ ਆਲ੍ਹਣੇ ਬਣਾ ਕੇ ਛੱਡ ਦਿੰਦਾ ਹੈ। ਫਿਰ ਬਾਅਦ ਵਿੱਚ ਮਾਦਾ - ਬਿਜੜਾ ਪੰਛੀ ਨੂੰ ਜਿਹੜਾ ਆਲ੍ਹਣਾ ਪਸੰਦ ਆ ਜਾਵੇ , ਨਰ - ਬਿਜੜਾ ਉਸੇ ਆਲ੍ਹਣੇ ਨੂੰ ਪੂਰਾ ਕਰਦਾ ਹੈ। ਇਸ ਨੇ ਆਪਣੇ ਆਲ੍ਹਣੇ ਵਿੱਚ ਗਿੱਲੀ ਮਿੱਟੀ ਦੀ ਢੇਲੀ ( ਡਲੀ ) ਰੱਖੀ ਹੋਈ ਹੁੰਦੀ ਹੈ ਤਾਂ ਜੋ ਤੇਜ਼ ਹਨ੍ਹੇਰੀ ਆਉਣ 'ਤੇ ਆਲ੍ਹਣਾ ਸਥਿਰ ਅਵਸਥਾ ਵਿੱਚ ਰਹਿ ਸਕੇ। ਇਸ ਦਾ ਆਲ੍ਹਣਾ ਬਹੁਤ ਮਜ਼ਬੂਤ ਹੁੰਦਾ ਹੈ । ਵਰਖਾ ਦੀ ਇੱਕ ਬੂੰਦ ਵੀ ਬਿਜੜੇ ਦੇ ਆਲ੍ਹਣੇ ਵਿੱਚ ਦਾਖ਼ਲ ਨਹੀਂ ਹੋ ਸਕਦੀ। ਇਸ ਦੇ ਆਲ੍ਹਣੇ ਵਿੱਚ ਘਾਹ ਆਦਿ ਦੀਆਂ ਲਗਪਗ ਤਿੰਨ ਹਜ਼ਾਰ ਤਿੜਾਂ ਲੱਗੀਆਂ ਹੁੰਦੀਆਂ ਹਨ। ਮਾਦਾ ਬਿਜੜਾ ਲਗਪਗ ਤਿੰਨ - ਚਾਰ ਅੰਡੇ ਦਿੰਦੀ ਹੈ। ਬੱਚਿਓ ! ਬਿਜੜਾ ਪੰਛੀ ਜ਼ਿਆਦਾਤਰ ਨਹਿਰਾਂ - ਨਦੀਆਂ ਦੇ ਕਿਨਾਰੇ , ਘਾਹ ਦੇ ਮੈਦਾਨਾਂ , ਖੇਤਾਂ , ਚਰੀ ਦੀ ਫ਼ਸਲ ਨਜ਼ਦੀਕ , ਸਰਕੜਿਆਂ , ਚਰਾਂਦਾਂ , ਕੰਡੇਦਾਰ ਤੇ ਉੱਚੇ ਦਰੱਖਤਾਂ ਆਦਿ ਦੇ ਕੋਲ ਦੇਖਿਆ ਜਾ ਸਕਦਾ ਹੈ। ਇਹ ਪੰਛੀ ਸਮੂਹ ਵਿੱਚ ਰਹਿਣਾ ਪਸੰਦ ਕਰਦਾ ਹੈ। ਇਸ ਪੰਛੀ ਦਾ ਆਲ੍ਹਣੇ ਬੁਣਨ ਦਾ ਢੰਗ ਤੇ ਸਲੀਕਾ ਦੂਜੇ ਪੰਛੀਆਂ ਨਾਲੋਂ ਬਹੁਤ ਹੀ ਵਧੀਆ ਤੇ ਉੱਤਮ ਦਰਜੇ ਦਾ ਹੁੰਦਾ ਹੈ। ਸਾਡੇ ਸੱਭਿਆਚਾਰ ਤੇ ਸਾਹਿਤ ਵਿੱਚ ਵੀ ਬਿਜੜੇ ਪੰਛੀ ਦਾ ਜ਼ਿਕਰ ਮਿਲ਼ਦਾ ਹੈ । ਕਹਿੰਦੇ ਹਨ ਕਿ ਮੁਗ਼ਲ ਬਾਦਸ਼ਾਹ ਅਕਬਰ ਦੇ ਸਮੇਂ ਮਦਾਰੀ ਲੋਕ ਬਿਜੜੇ ਪੰਛੀ ਨੂੰ ਮੁਹਾਰਤ ਦੇ ਕੇ ਕਈ ਤਰ੍ਹਾਂ ਦੇ ਰੰਗ - ਤਮਾਸ਼ੇ ਕਰਕੇ ਆਮ - ਜਨ ਦਾ ਮਨੋਰੰਜਨ ਕਰਦੇ ਹੁੰਦੇ ਸੀ। ਪਿਆਰੇ ਬੱਚਿਓ ! ਪੰਛੀ ਆਪਣੇ ਮਨਮੋਹਕ ਰੰਗ - ਰੂਪ ਤੇ ਸੁਰੀਲੀਆਂ ਆਵਾਜ਼ਾਂ ਸਦਕਾ ਸਾਡਾ ਮਨਪ੍ਰਚਾਵਾ ਤਾਂ ਕਰਦੇ ਹੀ ਹਨ , ਸਗੋਂ ਇਹ ਸਾਡੀਆਂ ਫ਼ਸਲਾਂ ਅਤੇ ਸਾਨੂੰ ਵੀ ਕਈ ਤਰ੍ਹਾਂ ਦੇ ਨੁਕਸਾਨ ਪਹੁੰਚਾਉਣ ਵਾਲੇ ਕੀੜੇ - ਮਕੌੜਿਆਂ ਤੋਂ ਬਚਾਉਂਦੇ ਹਨ ਅਤੇ ਕੁਦਰਤ ਦਾ ਸਮਤੋਲ ਬਣਾਈ ਰੱਖਦੇ ਹਨ। ਇਸ ਲਈ ਸਾਨੂੰ ਪੰਛੀਆਂ ਨੂੰ ਸਮੇਂ - ਸਮੇਂ 'ਤੇ ਦਾਣਾ - ਪਾਣੀ ਚੋਗਾ ਆਦਿ ਪਾਉਂਦੇ ਰਹਿਣਾ ਚਾਹੀਦਾ ਹੈ। ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ ਤਾਂ ਜੋ ਪੰਛੀ ਆਲ੍ਹਣੇ ਪਾ ਸਕਣ ਅਤੇ ਪੰਛੀਆਂ ਨੂੰ ਨੁਕਸਾਨ ਪਹੁੰਚਾਉਣ ਤੋਂ ਹਮੇਸ਼ਾਂ ਬਚਣਾ ਚਾਹੀਦਾ ਹੈ। ਬੱਚਿਓ ! ਪੰਛੀਆਂ ਦਾ ਸ਼ਿਕਾਰ ਆਦਿ ਵੀ ਕਦੇ ਨਹੀਂ ਕਰਨਾ ਚਾਹੀਦਾ। ਸਾਨੂੰ ਚਾਈਨਾ - ਡੋਰ ਆਦਿ ਨਾਲ ਪਤੰਗ ਵੀ ਨਹੀਂ ਉਡਾਉਣੇ ਚਾਹੀਦੇ ; ਕਿਉਂਕਿ ਇਹ ਡੋਰ ਸਾਡਾ ਅਤੇ ਪੰਛੀਆਂ ਦਾ ਵੀ ਨੁਕਸਾਨ ਕਰਦੀ ਹੈ। ਸਾਨੂੰ ਆਪਣੇ ਖੇਤਾਂ ਵਿੱਚ ਵੱਧ ਅਤੇ ਬੇਲੋੜੀਆਂ ਰਸਾਇਣਿਕ ਖਾਦਾਂ ਤੇ ਕੀਟਨਾਸ਼ਕਾਂ ਦੀ ਵਰਤੋਂ ਕਰਨ ਤੇ ਫ਼ਸਲਾਂ ਅਤੇ ਪਰਾਲੀ ਦੀ ਨਾੜ ਨੂੰ ਅੱਗ ਲਗਾਉਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਕਾਗਜ਼ ਦੀ ਵਰਤੋਂ ਸੰਜਮ ਨਾਲ ਕਰਨੀ ਚਾਹੀਦੀ ਹੈ , ਤਾਂ ਜੋ ਰੁੱਖਾਂ ਦੀ ਕਟਾਈ ਘਟ ਸਕੇ। ਬੱਚਿਓ ! ਸਾਨੂੰ ਕੁਦਰਤੀ ਮਾਹੌਲ ਭਰਿਆ ਤੇ ਸਾਦਗੀ ਭਰਪੂਰ ਜੀਵਨ ਜੀਅ ਕੇ ਅਤੇ ਕੁਦਰਤ - ਪ੍ਰੇਮੀ ਬਣਕੇ ਆਪਣੇ ਵਾਤਾਵਰਨ ਤੇ ਪੰਛੀ - ਪਰਿੰਦਿਆਂ ਦੇ ਹਿਤੈਸ਼ੀ ਬਣਨਾ ਚਾਹੀਦਾ ਹੈ। ਉਮੀਦ ਹੈ , ਤੁਹਾਨੂੰ ਅੱਜ ਦੀ ਜਾਣਕਾਰੀ ਜ਼ਰੂਰ ਪਸੰਦ ਆਈ ਹੋਵੇਗੀ ।



ਤੁਹਾਡਾ ਆਪਣਾ ,
ਲੇਖਕ ,
ਮਾਸਟਰ ਸੰਜੀਵ ਧਰਮਾਣੀ .
ਸ੍ਰੀ ਅਨੰਦਪੁਰ ਸਾਹਿਬ
9478561356.

# Preetnama

Khara Sach

ਪ੍ਰੀਤਨਾਮਾ ਖਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 324 | Website: www.preetnama.com Email preetnamausa@gmail.com | 10 OCT TO 16 OCT, 2025



No body have time to watch TV Advertisement
No body have time to read Physical newspapers

# It's social time.

Online News, Advertisement, Promotion Anytime anywhere.

## Doesn't matter where are you.

Advertisement with Preetnama.
Promote your business with TalkShow
We gave social stage to show yourself and your Business.

Business Persons, Doctor,
Advocates, VISA, Tour Travel, Actor, Singers,
writers come Join or TalkShow
and Advertisement with us on national
& International based.

**Search Just**
**Preetnama**
**Youtube**
**Facebook**
**Twitter**
**Instragram**
**LinkedIn**
**Tiktok**




No ned to go anywhere, Just leave message on
WhatsApp or email us. We will call you back.

## Contact immediately

+1 201-312-4180,+1 917-328-8436

www.preetnama.com, www.preetnews.com
Email- preetnamausa@gmail.com